


PUNJABSTAR.COM

# ਪੰਜਾਬ ਸਟਾਰ





Phone: 905-673-7666 , Fax: 1-289-206-8611 | 27 ਅਗਸਤ ਤੋਂ 02 ਸਤੰਬਰ, 2026 | Email :- editor@punjabstar.com, Vo. 20. Issue:1252


## ਅਮਰੀਕਾ: ਕੁਲਯੁਗੀ ਪੁੱਤ ਨੇ ਮਾਰਤੇ ਪਰਿਵਾਰ ਦੇ 8 ਜੀਅ

### ਕੰਸ ਮਾਮੇ ਨੇ ਭੈਣ ਦੇ ਚਾਰ ਬੱਚੇ ਵੀ ਨਾ ਬਖ਼ਸ਼ੇ



ਬਿਲਿੰਗਜ਼, (ਪੰਜਾਬ ਸਟਾਰ ਬਿਓਰੋ): ਅਮਰੀਕਾ ਵਿਚ ਇਕੋ ਪਰਿਵਾਰ ਦੇ ਅੱਠ ਗੋਲੀਆਂ ਜੀਆਂ ਦਾ ਕਤਲ ਕਰਨ ਮਗਰੋਂ ਸਿਰਫ਼ਿਰੇ ਸ਼ੱਕੀ ਨੇ ਘਰ ਨੂੰ ਅੱਗ ਲਾ ਦਿਤੀ। ਦਿਲ ਕੰਬਾਊ ਵਾਰਦਾਤ ਦੌਰਾਨ ਪਰਵਾਰ ਦੀਆਂ ਚਾਰ ਪੁਸ਼ਤਾਂ ਖ਼ਤਮ ਹੋ ਗਈਆਂ ਅਤੇ ਮਰਨ ਵਾਲਿਆਂ ਵਿਚ ਚਾਰ ਬੱਚਿਆਂ ਤੋਂ ਇਲਾਵਾ 92 ਸਾਲਾ ਬਜ਼ੁਰਗ ਔਰਤ ਵੀ ਸ਼ਾਮਲ ਹੈ।

* ਬਾਕੀ ਸਫ਼ਾ 2 'ਤੇ

## ਕੈਨੇਡਾ-ਅਮਰੀਕਾ ਦੀ ਸਰਹੱਦ 'ਤੇ ਟਰੱਕ ਡਰਾਈਵਰ ਗ੍ਰਿਫ਼ਤਾਰ

### ਸੀ.ਬੀ.ਐਸ.ਏ. ਵੱਲੋਂ 850 ਪਾਊਂਡ ਕੋਕੀਨ ਬਰਾਮਦ ਕਰਨ ਦਾ ਦਾਅਵਾ



ਸਾਰਨੀਆ, (ਪੰਜਾਬ ਸਟਾਰ ਬਿਓਰੋ): ਕੈਨੇਡਾ-ਅਮਰੀਕਾ ਦੀ ਸਰਹੱਦ 'ਤੇ ਬਾਰਡਰ ਅਫ਼ਸਰਾਂ ਵੱਲੋਂ ਇਕ ਟਰੱਕ ਡਰਾਈਵਰ ਕੋਲੋਂ 850 ਪਾਊਂਡ ਕੋਕੀਨ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ ਹੈ। ਮਿਸ਼ੀਗਨ ਨੂੰ ਕੈਨੇਡਾ ਨਾਲ ਜੋੜੇ ਬਲੂ

* ਬਾਕੀ ਸਫ਼ਾ 2 'ਤੇ

## ਨੇਪਾਲ 'ਚ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ 175 ਹੋਈ, 579 ਲਾਪਤਾ



(ਪੰਜਾਬ ਸਟਾਰ ਬਿਓਰੋ): ਨੇਪਾਲ ਵਿੱਚ ਵੱਡੇ ਪੱਧਰ 'ਤੇ ਆਏ ਅਚਾਨਕ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧ ਕੇ 162 ਹੋ ਗਈ ਹੈ, ਜਿਸ ਨਾਲ ਸੁਰੱਖਿਆ ਕਰਮਚਾਰੀਆਂ ਅਤੇ ਵਿਦੇਸ਼ੀ ਸੈਲਾਨੀਆਂ ਸਮੇਤ ਕਈ ਲੋਕ ਲਾਪਤਾ ਹੋ ਗਏ ਹਨ ਅਤੇ ਦੇਸ਼ ਦੀਆਂ ਹਾਲ ਹੀ ਦੀਆਂ ਸਭ ਤੋਂ ਵੱਡੀਆਂ ਤਬਾਹੀਆਂ ਵਿੱਚੋਂ ਇੱਕ ਵਿੱਚ ਜਾਇਦਾਦਾਂ ਰੁੜ੍ਹ ਗਈਆਂ ਹਨ।

ਹੋਰ ਵੇਰਵੇ ਦਿੰਦਿਆਂ ਨੇਪਾਲੀ ਦੂਤਾਵਾਸ ਦੇ ਸੂਤਰਾਂ ਨੇ ਕਿਹਾ, "ਹੁਣ ਤੱਕ 175 ਲਾਸ਼ਾਂ ਬਰਾਮਦ ਕੀਤੀਆਂ ਜਾ ਚੁੱਕੀਆਂ ਹਨ, ਜਦੋਂ ਕਿ ਬਹੁਤ ਸਾਰੇ ਲੋਕ, ਸਥਾਨਕ ਅਤੇ ਸੈਲਾਨੀ ਦੋਵੇਂ, ਅਜੇ ਵੀ ਲਾਪਤਾ ਹਨ। ਨਵੀਨਤਮ ਉਪਲੱਬਧ ਜਾਣਕਾਰੀ

* ਬਾਕੀ ਸਫ਼ਾ 2 'ਤੇ

## ਅਮਰੀਕਾ ਵੱਲੋਂ ਰੱਖੀਆਂ ਸ਼ਰਤਾਂ ਜਨਤਕ ਕਰਨ ਮਾਰਕ ਕਾਰਨੀ

### ਕੰਜ਼ਰਵੇਟਿਵ ਪਾਰਟੀ ਨੇ ਫੈਡਰਲ ਸਰਕਾਰ ਨੂੰ ਲਿਖਿਆ ਪੱਤਰ




ਔਟਵਾ, (ਪੰਜਾਬ ਸਟਾਰ ਬਿਓਰੋ): ਡੌਨਲਡ ਟਰੰਪ ਵੱਲੋਂ ਕੈਨੇਡਾ ਨੂੰ ਚੋਭਾਂ ਮਾਰਨ ਦਾ ਸਿਲਸਿਲਾ ਆਰੰਭ ਹੋ ਗਿਆ ਹੈ ਅਤੇ ਤਾਜ਼ਾ ਟਿੱਪਣੀ ਵਿਚ ਅਮਰੀਕਾ ਦੇ ਰਾਸ਼ਟਰਪਤੀ ਨੇ ਕਿਹਾ ਹੈ ਕਿ ਕੈਨੇਡਾ ਸਰਕਾਰ ਅਮਰੀਕਾ ਦੇ ਸੂਬੇ ਵਰਗੀਆਂ ਸਹੂਲਤਾਂ ਮੰਗ ਰਹੀ ਹੈ। ਕਾਰੋਬਾਰੀ ਗੱਲਬਾਤ ਠੱਪ ਹੋਣ ਮਗਰੋਂ ਡੌਨਲਡ ਟਰੰਪ ਨੇ ਪਹਿਲੀ ਟਿੱਪਣੀ ਕਰਦਿਆਂ ਦੋਸ਼ ਲਾਇਆ ਕਿ ਕੈਨੇਡਾ ਲੰਮੇ ਸਮੇਂ ਤੋਂ ਅਮੈਰਿਕਨ ਕਿਸਾਨਾਂ ਦੀਆਂ ਜਿਣਸਾਂ 'ਤੇ ਭਾਰੀ ਭਰਕਮ ਟੈਰਿਫ਼ਸ ਵਸੂਲਦਾ ਆ ਰਿਹਾ ਹੈ ਪਰ ਹੁਣ ਇਸ ਸਭ ਨਹੀਂ ਚੱਲ ਸਕਦਾ। ਸੀ.ਬੀ.ਸੀ. ਦੀ ਰਿਪੋਰਟ ਮੁਤਾਬਕ ਫ਼ਿਲਹਾਲ ਟਰੰਪ ਦੀ ਟਿੱਪਣੀ ਬਾਰੇ ਕੈਨੇਡਾ ਸਰਕਾਰ ਪ੍ਰਤੀਕਿਰਿਆ ਸਾਹਮਣੇ ਨਹੀਂ ਆਈ। ਦੂਜੇ ਪਾਸੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਕੈਨੇਡੀਅਨ ਕਾਰੋਬਾਰੀਆਂ ਨੂੰ ਅਮਰੀਕਾ ਦੀਆਂ ਟੈਰਿਫ਼ਸ ਤੋਂ ਰਾਹਤ ਦੀ ਯੋਜਨਾ ਤਿਆਰ ਹੋਣ ਦਾ ਦਾਅਵਾ ਕੀਤਾ ਗਿਆ ਹੈ ਅਤੇ ਮੁਲਕ ਦੇ ਸਾਰੇ ਪ੍ਰੀਮੀਅਰ ਇਕਜੁਟ ਹੋ ਕੇ ਪ੍ਰਧਾਨ ਮੰਤਰੀ ਦੇ ਨਾਲ ਖੜ੍ਹੇ ਨਜ਼ਰ ਆ ਰਹੇ ਹਨ।

ਇਸੇ ਦੌਰਾਨ ਕੈਨੇਡਾ ਦੇ ਪ੍ਰਮੁੱਖ ਮੀਡੀਆ ਅਦਾਰਿਆਂ ਅਤੇ ਕੰਜ਼ਰਵੇਟਿਵ ਪਾਰਟੀ ਦੇ ਐਮ.ਪੀ. ਸ਼ੁਵਲੋਏ ਮਜੂਮਦਾਰ ਵੱਲੋਂ ਵੱਲੋਂ ਫ਼ੈਡਰਲ ਸਰਕਾਰ ਨੂੰ ਤਜਵੀਜ਼ਸ਼ੁਦਾ ਟਰੇਡ ਡੀਲ ਦੇ ਸਾਰੇ ਵੇਰਵੇ ਜਨਤਕ ਕਰਨ ਦਾ ਸੱਦਾ ਦਿਤਾ ਗਿਆ ਹੈ। ਵਿਰੋਧੀ ਧਿਰ ਵੱਲੋਂ ਕੈਨੇਡਾ-ਅਮਰੀਕਾ ਸਬੰਧਾਂ

* ਬਾਕੀ ਸਫ਼ਾ 2 'ਤੇ

## ਟਰੰਪ ਰੱਦ ਕਰ ਰਿਹਾ 2 ਲੱਖ ਵਿਦੇਸ਼ੀ ਨਾਗਰਿਕਾਂ ਦੇ ਵੀਜ਼ੇ

### 2016 ਤੋਂ ਬਾਅਦ ਵਿਜ਼ਟਰ ਵੀਜ਼ੇ 'ਤੇ ਅਮਰੀਕਾ ਪੁੱਜੇ ਲੋਕ ਹੋਣਗੇ ਡਿਪੋਰਟ




ਵਾਸ਼ਿੰਗਟਨ, (ਪੰਜਾਬ ਸਟਾਰ ਬਿਓਰੋ): ਟਰੰਪ ਸਰਕਾਰ ਵੱਲੋਂ 2 ਲੱਖ ਵਿਦੇਸ਼ੀ ਨਾਗਰਿਕਾਂ ਦੇ ਵਿਜ਼ਟਰ ਅਤੇ ਬਿਜ਼ਨਸ ਵੀਜ਼ੇ ਰੱਦ ਕੀਤੇ ਜਾ ਰਹੇ ਹਨ ਜਿਨ੍ਹਾਂ ਨੇ ਅਮਰੀਕਾ ਵਿਚ ਕਦਮ ਰੱਖਣ ਮਗਰੋਂ ਅਸਾਇਲਮ ਦੀ ਅਰਜ਼ੀ ਦਾਇਰ ਕਰ ਦਿਤੀ। ਜੀ ਹਾਂ, ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬੀ ਨੌਜਵਾਨ ਇੰਮੀਗ੍ਰੇਸ਼ਨ ਕੁੜਿੱਕੀ ਵਿਚ ਫਸ ਜਾਣਗੇ ਜੋ ਆਏ ਤਾਂ ਟੂਰਿਸਟ ਵੀਜ਼ਾ 'ਤੇ ਪਰ ਆਨੇ-ਬਹਾਨੇ ਅਮਰੀਕਾ ਵਿਚ ਪੱਕੇ ਤੌਰ 'ਤੇ ਵਸਣ ਦਾ ਯਤਨ ਕੀਤਾ।

ਇੰਮੀਗ੍ਰੇਸ਼ਨ ਮਾਹਰਾਂ ਮੁਤਾਬਕ 2016 ਮਗਰੋਂ ਬੀ-1 ਅਤੇ ਬੀ-2 ਵੀਜ਼ਾ 'ਤੇ ਅਮਰੀਕਾ ਆਏ ਲੋਕ ਅਰੰਪ ਸਰਕਾਰ ਦੇ ਨਿਸ਼ਾਨੇ 'ਤੇ ਹਨ ਅਤੇ ਇਨ੍ਹਾਂ ਨੂੰ ਜਲਦ ਬਗੈਰ ਇੰਮੀਗ੍ਰੇਸ਼ਨ ਸਟੇਟਸ ਵਾਲਾ ਪ੍ਰਵਾਸੀ ਐਲਾਨਿਆ ਜਾ ਸਕਦਾ ਹੈ ਜਿਸ ਨਾਲ ਡਿਪੋਰਟ ਕਰਨ ਵਿਚ ਦਿੱਕਤਾਂ ਨਹੀਂ ਆਉਣਗੀਆਂ। ਵਿਦੇਸ਼ ਵਿਭਾਗ ਦੇ ਬੁਲਾਰੇ ਟੌਮੀ ਪਿਗਟ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਥੋੜ੍ਹੇ ਸਮੇਂ ਵਾਸਤੇ ਬਤੌਰ ਵਿਜ਼ਟਰ ਆਉਣ ਵਾਲਿਆਂ ਨੇ ਇੰਮੀਗ੍ਰੇਸ਼ਨ ਸਿਸਟਮ ਨਾਲ ਧੋਖਾ ਕੀਤਾ ਅਤੇ ਪੱਕੇ ਤੌਰ 'ਤੇ ਅਮਰੀਕਾ ਵਿਚ ਵਸਣ ਦਾ ਰਾਹ ਤਲਾਸ਼ ਕਰਨ ਲੱਗੇ। ਜ਼ਿਆਦਾਤਰ ਵਿਦੇਸ਼ੀ ਨਾਗਰਿਕਾਂ ਨੇ ਪਨਾਹ ਦੇ ਦਾਅਵੇ ਦਾਖ਼ਲ ਕੀਤੇ ਆਪਣੇ ਆਪ ਨੂੰ ਪੀੜਤ ਦਰਸਾਉਂਦਿਆਂ ਅਸਾਇਲਮ ਨੀਤੀ ਦਾ ਲਾਭ ਲਿਆ। ਟੌਮੀ ਪਿਗਟ ਨੇ ਰੱਦ ਕੀਤੇ ਜਾ ਰਹੇ ਵੀਜ਼ਿਆਂ ਦੀ ਅਸਲ ਗਿਣਤੀ 'ਤੇ ਚਾਨਣਾ ਨਹੀਂ ਪਾਇਆ ਪਰ ਐਨਾ ਜ਼ਰੂਰ ਕਿਹਾ ਕਿ ਅੰਕੜਾ ਕਾਫ਼ੀ ਵੱਡਾ ਹੋ ਸਕਦਾ ਹੈ।

**ਵਿਜ਼ਟਰ ਵੀਜ਼ਾ ਵਾਲਿਆਂ ਦੇ ਅਸਾਇਲਮ ਦਾਅਵੇ ਬਰਦਾਸ਼ਤ ਨਹੀਂ**

ਡੌਨਲਡ ਟਰੰਪ ਦੇ ਸੱਤਾ ਵਿਚ ਆਉਣ ਮਗਰੋਂ 1 ਲੱਖ 75 ਹਜ਼ਾਰ ਪ੍ਰਵਾਸੀਆਂ ਦੇ ਵੀਜ਼ੇ ਰੱਦ ਕੀਤੇ ਜਾ ਚੁੱਕੇ ਹਨ ਜਿਨ੍ਹਾਂ ਨੂੰ ਕਿਸੇ ਅਪਰਾਧ ਦੇ ਦੋਸ਼ ਹੇਠ ਜੇਲ ਜਾਣਾ ਪਿਆ ਜਾਂ ਜਨਤਕ ਤੌਰ 'ਤੇ ਅਮਰੀਕਾ ਦੀਆਂ ਨੀਤੀਆਂ ਦਾ ਵਿਰੋਧ ਕੀਤਾ। ਦੱਸ ਦੇਈਏ ਕਿ ਸਿਟੀਜ਼ਨਸ਼ਿਪ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਵਿਭਾਗ ਟੈਂਪਰੇਰੀ ਰੈਜ਼ੀਡੈਂਟਸ

* ਬਾਕੀ ਸਫ਼ਾ 2 'ਤੇ

## ਸਰਕਾਰੀ ਹਸਪਤਾਲ ਦੀ ਨਰਸਰੀ 'ਚ ਲੱਗੀ ਅੱਗ

### 16 ਨਵਜੰਮੇ ਬੱਚੇ ਸਨ ਮੌਜੂਦ



(ਪੰਜਾਬ ਸਟਾਰ ਬਿਓਰੋ): ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਦੇ ਪਾਕਿਸਤਾਨ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ (PIMS) ਹਸਪਤਾਲ ਵਿੱਚ ਬੁੱਧਵਾਰ ਨੂੰ ਵੱਡਾ ਹਾਦਸਾ ਵਾਪਰਿਆ। ਹਸਪਤਾਲ ਦੇ ਗਾਇਨੀ ਵਾਰਡ ਨਾਲ ਸਬੰਧਤ ਨਰਸਰੀ ਵਿੱਚ ਅਚਾਨਕ ਅੱਗ ਲੱਗ ਗਈ। ਇਸ ਹਾਦਸੇ ਵਿੱਚ 15 ਨਵਜੰਮੇ ਬੱਚਿਆਂ ਦੀ ਮੌਤ ਹੋ ਗਈ।

**ਨਰਸਰੀ 'ਚ ਮੌਜੂਦ ਸਨ 16 ਬੱਚੇ**

ਹਸਪਤਾਲ ਅਧਿਕਾਰੀਆਂ ਮੁਤਾਬਕ, ਜਦੋਂ ਅੱਗ ਲੱਗੀ ਉਸ ਸਮੇਂ ਨਰਸਰੀ ਦੇ ਅੰਦਰ ਕੁੱਲ 16 ਨਵਜੰਮੇ ਬੱਚੇ ਮੌਜੂਦ ਸਨ। ਅੱਗ ਇੰਨੀ ਤੇਜ਼ੀ ਨਾਲ ਫੈਲੀ ਕਿ ਇਨ੍ਹਾਂ ਵਿੱਚੋਂ ਸਿਰਫ਼ ਇੱਕ ਬੱਚੇ ਨੂੰ ਹੀ ਸੁਰੱਖਿਅਤ ਬਚਾਇਆ ਜਾ ਸਕਿਆ। ਬਾਕੀ 15 ਬੱਚਿਆਂ ਦੀ ਇਸ ਹਾਦਸੇ ਵਿੱਚ ਮੌਤ ਹੋ ਗਈ।

**ਏਸੀ ਕੰਪ੍ਰੈਸਰ 'ਚ ਧਮਾਕੇ ਤੋਂ ਬਾਅਦ ਲੱਗੀ ਅੱਗ**

ਰੇਸਕਿਊ ਅਧਿਕਾਰੀਆਂ ਦੇ ਅਨੁਸਾਰ, ਨਰਸਰੀ ਦੇ ਅੰਦਰ ਏਅਰ ਕੰਡੀਸ਼ਨਰ ਦੇ ਕੰਪ੍ਰੈਸਰ

* ਬਾਕੀ ਸਫ਼ਾ 2 'ਤੇ

## ਕੈਨੇਡਾ ਨੇ 20 ਅਰਬ ਡਾਲਰ ਦੇ US ਸਾਮਾਨ 'ਤੇ ਲਾਇਆ ਜਵਾਬੀ ਟੈਰਿਫ਼



ਟੋਰਾਂਟੋ, (ਪੰਜਾਬ ਸਟਾਰ ਬਿਓਰੋ): ਅਮਰੀਕਾ ਅਤੇ ਕੈਨੇਡਾ ਦਰਮਿਆਨ ਵਪਾਰਕ ਜੰਗ ਹੋਰ ਤੇਜ਼ ਹੋ ਗਈ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੈਨੇਡਾ ਤੋਂ ਆਉਣ ਵਾਲੀਆਂ ਕਾਰਾਂ ਅਤੇ ਟਰੱਕਾਂ 'ਤੇ ਟੈਕਸ ਲਾਉਣ ਦੇ ਐਲਾਨ ਤੋਂ ਬਾਅਦ ਕੈਨੇਡਾ ਨੇ ਮੰਗਲਵਾਰ ਨੂੰ ਮੋੜਵਾਂ ਜਵਾਬ ਦਿੰਦਿਆਂ ਕਰੀਬ 20 ਅਰਬ ਡਾਲਰ ਦੇ ਅਮਰੀਕੀ ਸਾਮਾਨ 'ਤੇ ਜਵਾਬੀ ਟੈਕਸ ਲਾ ਦਿੱਤਾ। ਕੈਨੇਡਾ ਵੱਲੋਂ ਲਗਾਏ ਗਏ ਨਵੇਂ ਟੈਕਸਾਂ ਦੀ ਲਪੇਟ ਵਿੱਚ ਸਟੀਲ, ਡੇਅਰੀ ਉਤਪਾਦ, ਘਰੇਲੂ ਉਪਕਰਣ ਅਤੇ

* ਬਾਕੀ ਸਫ਼ਾ 2 'ਤੇ

## ਅਮਰੀਕਾ 'ਚ ਨੌਕਰੀ ਦਾ ਸੁਪਨਾ ਹੋ ਸਕਦਾ ਮਹਿੰਗਾ !

### H-1B ਵੀਜ਼ਾ 'ਤੇ ਹੁਣ ਲੱਗੇਗੀ ਭਾਰੀ ਫੀਸ




ਵਾਸ਼ਿੰਗਟਨ, (ਪੰਜਾਬ ਸਟਾਰ ਬਿਓਰੋ): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ H-1B ਵੀਜ਼ਾ ਲਈ ਅਰਜ਼ੀ ਦੇਣ ਵਾਲਿਆਂ 'ਤੇ 1,03,265 ਅਮਰੀਕੀ ਡਾਲਰ ਦੀ ਵਾਧੂ ਫੀਸ ਲਗਾਉਣ ਦਾ ਪ੍ਰਸਤਾਵ ਰੱਖਿਆ ਹੈ। ਅਮਰੀਕਾ ਦੇ ਹੋਮਲੈਂਡ ਸਕਿਓਰਿਟੀ ਵਿਭਾਗ ਵੱਲੋਂ ਜਾਰੀ ਨੋਟਿਸ ਮੁਤਾਬਕ ਇਹ ਰਕਮ ਮੌਜੂਦਾ H-1B ਅਰਜ਼ੀ ਫੀਸ ਤੋਂ ਇਲਾਵਾ ਵੱਖਰੇ ਤੌਰ 'ਤੇ ਲਈ ਜਾਵੇਗੀ। ਇਸ ਪ੍ਰਸਤਾਵ ਵਿੱਚ ਅਮਰੀਕੀ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਜਾਂ ਇਸ ਤੋਂ ਉੱਚੀ ਡਿਗਰੀ ਵਾਲੇ ਵਿਦੇਸ਼ੀ ਉਮੀਦਵਾਰਾਂ ਲਈ ਰਾਖਵੇਂ 20,000 ਵੀਜ਼ਿਆਂ ਦੀ ਵਾਧੂ ਸ਼੍ਰੇਣੀ ਵੀ ਸ਼ਾਮਲ ਹੈ।

**ਕਿਹੜੇ H-1B ਵੀਜ਼ਿਆਂ 'ਤੇ ਲਾਗੂ ਹੋਵੇਗੀ ਫੀਸ?**

* ਬਾਕੀ ਸਫ਼ਾ 2 'ਤੇ





ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888-864-3131



Jasbir Singh Hundal
Registered Credit Counsellor
www.MakeMeDebtFree.ca
416-502-3100
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

FOR ALL YOUR REAL ESTATE NEEDS



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

ਪੰਜਾਬ ਸਟਾਰ
www.punjabstar.com

# ਪੇਜ ਇੱਕ ਦੀ ਬਾਕੀ

## ਅਮਰੀਕਾ: ਕੁਲਯੁਗੀ ਪੁੱਤ...

ਚਲਾਉਣ ਵਾਲਾ ਵੀ ਪਰਿਵਾਰ ਦਾ ਮੈਂਬਰ ਦੱਸਿਆ ਜਾ ਰਿਹਾ ਹੈ ਜਿਸ ਨੇ ਬਾਅਦ ਵਿਚ ਖੁਦ ਨੂੰ ਗੋਲੀ ਮਾਰ ਲਈ। ਵਾਰਦਾਤ ਮੌਨਟੈਨਾ ਸੂਬੇ ਦੇ ਬਿਲਿੰਗਜ਼ ਸ਼ਹਿਰ ਵਿਚ ਵਾਪਰੀ ਅਤੇ ਜਾਨ ਗਵਾਉਣ ਵਾਲੇ ਬੱਚਿਆਂ ਦੀ ਉਮਰ 7 ਸਾਲ, 12 ਸਾਲ, 13 ਸਾਲ ਅਤੇ 15 ਸਾਲ ਦੱਸੀ ਜਾ ਰਹੀ ਹੈ। ਗੋਲੀਆਂ ਚਲਾਉਣ ਵਾਲੇ ਦੀ ਸ਼ਨਾਖ਼ਤ 45 ਸਾਲਾ ਐਲਨ ਸਮਿਥ ਵਜੋਂ ਕੀਤੀ ਗਈ ਹੈ ਜਿਸ ਦੇ ਮਾਪਿਆਂ ਨੇ ਉਸ ਨੂੰ ਘਰੋਂ ਬਾਹਰ ਕੱਢ ਦਿਤਾ ਸੀ ਪਰ ਐਤਵਾਰ ਸ਼ਾਮ ਉਹ ਪਰਤਿਆ ਅਤੇ ਘਰ ਵਿਚ ਮੌਜੂਦ ਹਰ ਬੱਚੇ ਅਤੇ ਬਜ਼ੁਰਗ ਨੂੰ ਗੋਲੀਆਂ ਨਾਲ ਵਿੰਨ੍ਹ ਦਿਤਾ।

ਪੁਲਿਸ ਨੇ ਦੱਸਿਆ ਕਿ 12 ਸਾਲਾ ਬੱਚੀ ਨੇ ਪਹਿਲੀ ਗੋਲੀ ਦੀ ਆਵਾਜ਼ ਸੁਣਦਿਆਂ ਹੀ 911 'ਤੇ ਇਤਲਾਹ ਦੇ ਦਿੱਤੀ ਪਰ ਬਦਕਿਸਮਤੀ ਨਾਲ ਉਸ ਨੂੰ ਬਚਾਇਆ ਨਾ ਜਾ ਸਕਿਆ। ਮੌਕਾ ਏ ਵਾਰਦਾਤ 'ਤੇ ਪੁੱਜੇ ਪੁਲਿਸ ਅਫ਼ਸਰਾਂ ਨੂੰ ਘਰ ਵਿਚੋਂ ਅੱਗ ਦੀਆਂ ਲਾਟਾਂ ਉਠਦੀਆਂ ਨਜ਼ਰ ਆਈਆਂ ਪਰ ਇਸੇ ਦੌਰਾਨ ਗੋਲੀਆਂ ਦੀ ਆਵਾਜ਼ ਵੀ ਆਈ ਅਤੇ ਘਰ ਦੇ ਪਿਛਲੇ ਪਾਸੇ ਇਕ ਸ਼ਖਸ ਗੰਭੀਰ ਜ਼ਖ਼ਮੀ ਹਾਲਤ ਵਿਚ ਮਿਲਿਆ। ਜ਼ਖਮੀ ਨੂੰ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਮੌਤ ਹੋ ਗਈ ਜੋ ਵਾਰਦਾਤ ਦਾ ਸ਼ੱਕੀ ਦੱਸਿਆ ਜਾ ਰਿਹਾ ਹੈ। ਗੋਲੀਬਾਰੀ ਦੌਰਾਨ ਮਾਰੀ ਗਈ ਮੇਗਨ ਦੇ ਸਾਬਕਾ ਪਤੀ ਬਰੈਡ ਆਇਰਲੈਂਡ ਨੇ ਮੀਡੀਆ ਗੱਲਬਾਤ ਕਰਦਿਆਂ ਦੱਸਿਆ ਕਿ ਸਮਿਥ ਪਰਵਾਰ ਪਹਿਲਾਂ ਸਿਐਟਲ ਵਿਖੇ ਰਹਿੰਦਾ ਸੀ। ਬਰੈਡ ਦਾ ਆਪਣੀ ਪਤਨੀ ਮੇਗਨ ਨਾਲ ਤਲਾਕ ਹੋਇਆ ਤਾਂ ਉਹ ਆਪਣੇ ਬੱਚਿਆਂ ਨਾਲ ਮੌਨਟੈਨਾ ਦੇ ਬਿਲਿੰਗਜ਼ ਵਿਖੇ ਮੂਵ ਹੋ ਗਈ ਜਿਥੇ ਉਸ ਨੇ ਐਡਮ ਗੇਕਿਅਰ ਨਾਲ ਦੂਜਾ ਵਿਆਹ ਕਰਵਾ ਲਿਆ। ਮੇਗਨ ਦੇ ਮਾਪਿਆਂ ਨੇ ਵੀ ਜਲਦ ਹੀ ਆਪਣੀ ਧੀ ਦੇ ਘਰ ਨੇੜੇ ਮਕਾਨ ਖ਼ਰੀਦ ਲਿਆ ਅਤੇ ਮੇਗਨ ਦੀ ਦਾਦੀ ਈਵਲਿਨ ਸਮਿਥ ਵੀ ਉਨ੍ਹਾਂ ਦੇ ਨਾਲ ਰਹਿਣ ਲੱਗੀ।

### 92 ਸਾਲਾ ਦਾਦੀ ਦੀਆਂ ਮਿੰਨਤਾਂ ਵੀ ਕੰਮ ਨਾ ਆਈਆਂ

ਇਸੇ ਦੌਰਾਨ ਐਲਨ ਸਮਿਥ ਵੀ ਆਪਣੇ ਮਾਪਿਆਂ ਕੋਲ ਰਹਿਣ ਲੱਗਾ ਪਰ ਪਿਛਲੇ ਸਮੇਂ ਦੌਰਾਨ ਘਰ ਦੀ ਸ਼ਾਂਤੀ ਵਿਗੜੀ ਤਾਂ ਉਸ ਨੂੰ ਘਰ ਛੱਡਣ ਦੇ ਹੁਕਮ ਸੁਣਾ ਦਿਤੇ ਗਏ। ਐਲਨ ਨੇ ਆਪਣੇ ਮਾਪਿਆਂ ਦਾ ਗੁੱਸਾ ਭੈਣ 'ਤੇ ਕੱਢ ਦਿਤਾ ਅਤੇ ਉਸ ਦੇ ਮਤਰਏ ਬੱਚੇ ਵੀ ਨਾ ਬਖ਼ਸ਼ੇ। ਉਧਰ ਬਿਲਿੰਗਜ਼ ਏਅਰਪੋਰਟ 'ਤੇ ਫਾਇਰ ਫਾਈਟਰ ਵਜੋਂ ਤੈਨਾਤ ਐਡਮ ਗੇਕਿਅਰ ਆਪਣੀ ਡਿਊਟੀ ਨਿਭਾਅ ਰਿਹਾ ਸੀ ਜਦੋਂ ਗੋਲੀਕਾਂਡ ਵਾਪਰਿਆ। ਐਡਮ ਗੇਕਿਅਰ ਦੇ ਗੁਆਂਢ ਵਿਚ ਰਹਿੰਦੇ ਡੇਵ ਹਿਲਰ ਨੇ ਦੱਸਿਆ ਕਿ ਉਸ ਨੇ ਕੁਝ ਗੋਲੀਆਂ ਚੱਲਣ ਦੀ ਆਵਾਜ਼ ਸੁਣੀ ਅਤੇ ਜਦੋਂ ਬਾਹਰ ਨਿਕਲ ਕੇ ਦੇਖਿਆ ਤਾਂ ਸਾਹਮਣੇ ਵਾਲਾ ਘਰ ਸੜ ਰਿਹਾ ਸੀ। ਬਿਲਿੰਗਜ਼ ਪੁਲਿਸ ਵੱਲੋਂ ਵਾਰਦਾਤ ਨਾਲ ਸਬੰਧਤ ਹੋਰ ਜਾਣਕਾਰੀ ਮੁਹੱਈਆ ਕਰਵਾਉਣ ਖਾਤਰ ਬੁੱਧਵਾਰ ਨੂੰ ਪ੍ਰੈਸ ਕਾਨਫ਼ਰੰਸ ਰੱਖੀ ਗਈ ਹੈ ਜਦਕਿ ਯੈਲੋਸਟੋਨ ਕਾਊਂਟੀ ਦੇ ਸ਼ੈਰਿਫ਼ ਦਫ਼ਤਰ ਨੇ ਵਾਰਦਾਤ ਨੇ ਪੂਰੀ ਕਮਿਊਨਿਟੀ ਨੂੰ ਝੰਜੋੜ ਕੇ ਰੱਖ ਦਿਤਾ ਹੈ। ਦੱਸ ਦੇਈਏ ਕਿ ਹਾਲ ਹੀ ਵਿਚ ਓਰੇਗਨ ਸੂਬੇ ਦੇ ਇਕ ਘਰ ਵਿਚ 5 ਜਣਿਆਂ ਦੀ ਹਤਿਆ ਕੀਤੀ ਗਈ ਜਦਕਿ 14 ਅਗਸਤ ਨੂੰ ਮਿਸ਼ੀਗਨ ਸੂਬੇ ਵਿਚ ਇਕੋ ਪਰਵਾਰ ਦੇ 6 ਜੀਅ ਮਾਰੇ ਗਏ।

## ਕੈਨੇਡਾ-ਅਮਰੀਕਾ ਦੀ...

ਵਾਟਰ ਬ੍ਰਿਜ 'ਤੇ ਇਹ ਬਰਾਮਦਗੀ ਕੀਤੀ ਗਈ ਅਤੇ ਫ਼ਿਲਹਾਲ ਟਰੱਕ ਡਰਾਈਵਰ ਦੀ ਸ਼ਨਾਖ਼ਤ ਜਨਤਕ ਨਹੀਂ ਕੀਤੀ ਗਈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਦੱਸਿਆ ਕਿ 13 ਅਗਸਤ ਨੂੰ ਪੁਆਇੰਟ ਐਡਵਰਡ ਵਿਖੇ ਐਂਟਰੀ ਪੋਰਟ 'ਤੇ ਇਕ ਟਰੱਕ ਨੂੰ ਰੋਕਿਆ ਗਿਆ ਅਤੇ ਸ਼ੱਕ ਹੋਣ 'ਤੇ ਬਾਰੀਕੀ ਨਾਲ ਤਲਾਸ਼ੀ ਲੈਣ ਦਾ ਫ਼ੈਸਲਾ ਲਿਆ। ਤਲਾਸ਼ੀ ਦੌਰਾਨ ਕਈ ਪੈਕਟਾਂ ਵਿਚ ਬੰਦ ਕੋਕੀਨ ਬਰਾਮਦ ਕੀਤੀ ਗਈ ਅਤੇ ਟਰੱਕ ਡਰਾਈਵਰ ਨੂੰ ਆਰ.ਸੀ.ਐਮ.ਪੀ. ਦੇ ਸਪੁਰਦ ਕਰ ਦਿਤਾ। ਕੈਨੇਡਾ ਦੇ ਬਾਰਡਰ ਅਫ਼ਸਰਾਂ ਨੇ ਦਾਅਵਾ ਕੀਤਾ ਕਿ ਹਰ ਵੇਲੇ ਸੁਚੇਤ ਰਹਿਣ ਦੇ ਸਿੱਟੇ ਵਜੋਂ ਨਸ਼ਿਆਂ ਦਾ ਵੱਡੀ ਖੇਪ ਜ਼ਬਤ ਕੀਤੀ ਜਾ ਸਕੀ ਜੋ ਮੁਲਕ ਦੀਆਂ ਗਲੀਆਂ ਵਿਚ ਵੇਚੀ ਜਾਣੀ ਸੀ। ਤਾਜ਼ਾ ਬਰਾਮਦਗੀ ਤੋਂ ਪਹਿਲਾਂ ਬਲੂ ਵਾਟਰ ਬ੍ਰਿਜ ਤੋਂ ਇਕ ਗੱਡੀ ਵਿਚੋਂ 133 ਪਾਊਂਡ ਕੋਕੀਨ ਬਰਾਮਦ ਕੀਤੀ ਗਈ ਅਤੇ ਲਗਾਤਾਰ ਵਕਫ਼ੇ 'ਤੇ ਬਰਾਮਦਗੀਆਂ ਦਾ ਸਿਲਸਿਲਾ ਜਾਰੀ ਹੈ।

## ਨੇਪਾਲ 'ਚ ਹੜ੍ਹਾਂ...

ਦੇ ਅਨੁਸਾਰ, 28 ਦੇਸ਼ਾਂ ਦੇ 476 ਲੋਕ ਲਾਪਤਾ ਦੱਸੇ ਗਏ ਹਨ। ਖੋਜ ਅਤੇ ਬਚਾਅ ਕਾਰਜ ਜਾਰੀ ਰਹਿਣ ਕਾਰਨ ਇਹ ਅੰਕੜੇ ਤਸਦੀਕ ਦੇ ਅਧੀਨ ਹਨ।"

ਮੌਜੂਦਾ ਪ੍ਰਸ਼ਾਸਨਿਕ ਫੋਕਸ ਨੂੰ ਰੇਖਾਂਕਿਤ ਕਰਦੇ ਹੋਏ, ਨੇਪਾਲੀ ਦੂਤਾਵਾਸ ਦੇ ਸੂਤਰਾਂ ਦੇ ਬ੍ਰੀਫਿੰਗ ਵਿੱਚ ਅੱਗੇ ਕਿਹਾ ਗਿਆ, "ਇਸ ਪੜਾਅ 'ਤੇ, ਸਾਡੀ ਤੁਰੰਤ ਤਰਜੀਹ ਜਾਨਾਂ ਬਚਾਉਣਾ ਅਤੇ ਪ੍ਰਭਾਵਿਤ ਖੇਤਰਾਂ ਵਿੱਚ ਖੋਜ ਅਤੇ ਬਚਾਅ, ਨਿਕਾਸੀ ਅਤੇ ਰਾਹਤ ਯਤਨਾਂ ਦਾ ਸਮਰਥਨ ਕਰਨਾ ਹੈ। ਹੜ੍ਹਾਂ ਕਾਰਨ ਹੋਏ ਵਿਆਪਕ ਨੁਕਸਾਨ ਦੇ ਮੱਦੇਨਜ਼ਰ, ਸਰਕਾਰ ਜ਼ਮੀਨ 'ਤੇ ਸਥਿਤੀ ਅਤੇ ਉੱਭਰਦੀਆਂ ਜ਼ਰੂਰਤਾਂ ਦਾ ਮੁਲਾਂਕਣ ਕਰਨਾ ਜਾਰੀ ਰੱਖੇਗੀ ਅਤੇ, ਜਿੱਥੇ ਜ਼ਰੂਰੀ ਹੋਵੇ, ਸਥਾਪਿਤ ਅਧਿਕਾਰਤ ਚੈਨਲਾਂ ਰਾਹੀਂ ਸਹਾਇਤਾ ਲਈ ਖਾਸ ਜ਼ਰੂਰਤਾਂ ਦਾ ਸੰਚਾਰ ਕਰੇਗੀ।"

ਰਿਪੋਰਟ ਵਿੱਚ ਨੋਟ ਕੀਤਾ ਗਿਆ ਹੈ ਕਿ ਖੇਤਰ ਵਿੱਚ ਤਾਇਨਾਤ 44 ਨੇਪਾਲ ਆਰਮੀ ਕਰਮਚਾਰੀ, 28 ਨੇਪਾਲ ਪੁਲੀਸ ਕਰਮਚਾਰੀ, ਅਤੇ 13 ਆਰਮਡ ਪੁਲੀਸ ਫੋਰਸ (ਏ.ਪੀ.ਐੱਫ.) ਕਰਮਚਾਰੀ ਵਰਤਮਾਨ ਵਿੱਚ ਸੰਪਰਕ ਤੋਂ ਬਾਹਰ ਅਤੇ ਲਾਪਤਾ ਹਨ। ਨੇਪਾਲ ਟੂਰਿਜ਼ਮ ਬੋਰਡ ਦੇ ਮੁੱਢਲੇ ਡੇਟਾ ਤੋਂ ਪਤਾ ਚੱਲਦਾ ਹੈ ਕਿ 466 ਵਿਦੇਸ਼ੀ ਨਾਗਰਿਕਾਂ ਅਤੇ 113 ਨੇਪਾਲੀਆਂ ਸਮੇਤ 579 ਯਾਤਰੀ ਲਾਪਤਾ ਹਨ, ਜਦੋਂ ਕਿ 94 ਨੇਪਾਲੀਆਂ ਅਤੇ 29 ਵਿਦੇਸ਼ੀ ਨਾਗਰਿਕਾਂ ਸਮੇਤ 123 ਵਿਅਕਤੀਆਂ ਨੂੰ ਰਸੂਵਾ ਦੇ ਤਿਮੁਰੇ ਤੋਂ ਹਵਾ ਰਾਹੀਂ ਸਫਲਤਾਪੂਰਵਕ ਬਚਾ ਲਿਆ ਗਿਆ ਹੈ।

ਦਿ ਕਾਠਮੰਡੂ ਪੋਸਟ ਨੇ ਰਿਪੋਰਟ ਦਿੱਤੀ ਕਿ ਬੁੱਧਵਾਰ ਨੂੰ ਆਏ ਅਚਾਨਕ ਹੜ੍ਹਾਂ ਨੇ ਨੇਪਾਲ ਦੇ ਤਿੰਨ ਜ਼ਿਲ੍ਹਿਆਂ ਵਿੱਚ ਤਬਾਹੀ ਮਚਾ ਦਿੱਤੀ। ਇਹ ਉਦੋਂ ਆਇਆ ਜਦੋਂ ਇੱਕ ਬਰਫ਼ ਦੇ ਤੋਦੇ (ਐਵਲਾਂਚ) ਨੇ ਭੋਤੇਕੋਸ਼ੀ ਦੀ ਲੇਂਧੇ ਸਹਾਇਕ ਨਦੀ ਦੇ ਵਹਾਅ ਨੂੰ ਰੋਕ ਦਿੱਤਾ ਅਤੇ ਸਭ ਤੋਂ ਪਹਿਲਾਂ ਰਸੂਵਾਗੜ੍ਹੀ ਵਿਖੇ ਚੀਨ ਨਾਲ ਨੇਪਾਲ ਦੀ ਸਰਹੱਦ ਦੇ ਨੇੜੇ ਤਿਮੁਰੇ ਨੂੰ ਆਪਣੀ ਲਪੇਟ ਵਿੱਚ ਲੈ ਲਿਆ।

ਸੈਂਕੜੇ ਲੋਕਾਂ ਦਾ ਘਰ, ਬਹੁਤੀ ਬਸਤੀ ਹੜ੍ਹ ਦੇ ਹੇਠਾਂ ਵੱਲ ਜਾਣ ਤੋਂ ਪਹਿਲਾਂ ਰੁੜ੍ਹ ਗਈ ਸੀ। ਖੇਤਰ ਵਿੱਚ ਕੋਈ ਮੀਂਹ ਨਾ ਪੈਣ ਦੀ ਸੂਚਨਾ ਮਿਲਣ ਕਾਰਨ ਵਸਨੀਕਾਂ ਕੋਲ ਤਬਾਹੀ ਦੀ ਕੋਈ ਚੇਤਾਵਨੀ ਨਹੀਂ ਸੀ ਅਤੇ ਜਦੋਂ ਹੜ੍ਹ ਆਇਆ ਤਾਂ ਉਹ ਆਪਣੇ ਰੋਜ਼ਾਨਾ ਦੇ ਕੰਮਾਂ ਵਿੱਚ ਰੁੱਝੇ ਹੋਏ ਸਨ। ਜਿਵੇਂ ਹੀ ਤਬਾਹੀ ਦਾ ਪੈਮਾਨਾ ਸਪਸ਼ਟ ਹੋਇਆ, ਰਸੂਵਾ ਦੇ ਮੁੱਖ ਕਸਟਮ ਅਧਿਕਾਰੀ ਰਾਜਿੰਦਰ ਧੁੰਗਾਨਾ ਅਤੇ ਕਈ ਹੋਰ ਨੇੜਲੇ ਜੰਗਲ ਵਿੱਚ ਭੱਜ ਗਏ। ਕਸਟਮ ਚੈਕਪੁਆਇੰਟ 'ਤੇ ਖੜ੍ਹੇ 300 ਤੋਂ ਵੱਧ ਵਾਹਨ ਅਤੇ ਟਰੱਕ ਰੁੜ੍ਹ ਗਏ। ਪੋਸਟ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਬੁੱਧਵਾਰ ਨੂੰ ਭੋਤੇਕੋਸ਼ੀ ਨਦੀ ਵਿੱਚ ਦਿਨ ਵੇਲੇ ਆਏ ਅਚਾਨਕ ਹੜ੍ਹ ਨੇ ਤਿੰਨ ਜ਼ਿਲ੍ਹਿਆਂ ਵਿੱਚ ਤਬਾਹੀ ਮਚਾ ਦਿੱਤੀ, ਜਿਸ ਵਿੱਚ ਘੱਟੋ-ਘੱਟ 162 ਲੋਕ ਮਾਰੇ ਗਏ। ਆਫ਼ਤ ਪ੍ਰਬੰਧਨ ਅਥਾਰਟੀਆਂ ਨੇ ਵੀਰਵਾਰ ਨੂੰ ਇੱਕ ਮੁੱਢਲੇ ਮੁਲਾਂਕਣ ਵਿੱਚ ਸੁਝਾਅ ਦਿੱਤਾ ਕਿ ਅਚਾਨਕ ਹੜ੍ਹ ਨੇਪਾਲ-ਚੀਨ ਸਰਹੱਦ 'ਤੇ ਇੱਕ ਨਦੀ ਨੂੰ ਰੋਕਣ ਵਾਲੇ ਉਪਰਲੇ ਹਿੱਸੇ ਵਿੱਚ ਬਰਫ਼ ਦੇ ਤੋਦੇ ਡਿੱਗਣ ਕਾਰਨ ਆਇਆ ਸੀ।

ਮੁਲਾਂਕਣ ਸੁਝਾਅ ਦਿੰਦਾ ਹੈ ਕਿ ਤ੍ਰਿਸ਼ੂਲੀ ਨਦੀ ਵਿੱਚ ਹੜ੍ਹ ਨੇਪਾਲ-ਚੀਨ ਸਰਹੱਦ 'ਤੇ, ਰਸੂਵਾਗੜ੍ਹੀ ਤੋਂ ਲਗਪਗ 20 ਕਿਲੋਮੀਟਰ ਉੱਤਰ-ਪੂਰਬ ਵਿੱਚ, ਬਰਫ਼ ਅਤੇ ਪੱਥਰ ਦੇ ਖਿਸਕਣ ਕਾਰਨ ਲੇਂਧੇ ਨਦੀ ਵਿੱਚ ਮਲਬੇ ਨਾਲ ਭਰਿਆ ਹੜ੍ਹ ਆਉਣ ਕਾਰਨ ਆਇਆ ਸੀ।ਅਧਿਕਾਰੀਆਂ ਨੇ ਦੱਸਿਆ ਕਿ ਲਗਪਗ 500 ਲਾਪਤਾ ਵਿਅਕਤੀਆਂ ਵਿੱਚ ਘੱਟੋ-ਘੱਟ 133 ਭਾਰਤੀ ਅਤੇ 37 ਐਨ.ਆਰ.ਆਈ. ਸ਼ਾਮਲ ਹਨ। ਘੱਟੋ-ਘੱਟ 50 ਭਾਰਤੀ ਕੈਲਾਸ਼ ਮਾਨਸਰੋਵਰ ਯਾਤਰਾ ਲਈ ਤੀਰਥ ਯਾਤਰੀ ਸਨ। ਅਚਾਨਕ ਹੜ੍ਹ ਆਉਣ ਤੋਂ ਬਾਅਦ, 81 ਸੁਰੱਖਿਆ ਫ਼ੋਰਸਾਂ ਸੰਪਰਕ ਤੋਂ ਬਾਹਰ ਰਹੀਆਂ ਹਨ। ਬੇਨਾਮ ਲੋਕਾਂ ਦੇ ਪੈਮਾਨੇ ਦੇ ਆਧਾਰ 'ਤੇ, ਸੁਰੱਖਿਆ ਅਧਿਕਾਰੀਆਂ ਅਤੇ ਆਫ਼ਤ ਮਾਹਿਰਾਂ ਦਾ ਕਹਿਣਾ ਹੈ ਕਿ ਬੁੱਧਵਾਰ ਦਾ ਹੜ੍ਹ ਨੇਪਾਲ ਦੇ ਆਧੁਨਿਕ ਇਤਿਹਾਸ ਵਿੱਚ ਸਭ ਤੋਂ ਘਾਤਕ ਹੜ੍ਹਾਂ ਵਿੱਚੋਂ ਇੱਕ ਹੋ ਸਕਦਾ ਹੈ।

## ਅਮਰੀਕਾ ਵੱਲੋਂ ਰੱਖੀਆਂ...

ਬਾਰੇ ਸ਼ੈਡੋ ਮਿਨਿਸਟਰ ਮਜੂਮਦਾਰ ਨੇ ਕਾਰੋਬਾਰ ਮਾਮਲਿਆਂ ਦੇ ਮੰਤਰੀ ਡੋਮੀਨਿਕ ਲਾਬਲਾਂ ਨੂੰ ਲਿਖੇ ਪੱਤਰ ਵਿਚ ਕਿਹਾ ਹੈ ਕਿ ਗੁੱਝੇ ਭੇਤਾਂ ਤੋਂ ਪਰਦਾ ਚੁੱਕਣ ਵਾਸਤੇ ਨਹੀਂ ਆਖਿਆ ਜਾ ਰਿਹਾ ਪਰ ਕੰਜ਼ਰਵੇਟਿਵ ਪਾਰਟੀ ਕੁਝ ਵੇਰਵੇ ਜ਼ਰੂਰ ਚਾਹੁੰਦੀ ਹੈ ਜਿਨ੍ਹਾਂ ਬਾਰੇ ਮੁਲਕ ਦੇ ਲੋਕ ਡੂੰਘਾਈ ਨਾਲ ਵਿਚਾਰ ਵਟਾਂਦਰਾ ਕਰ ਸਕਣ। ਇਸੇ ਦੌਰਾਨ ਡੌਨਲਡ ਟਰੰਪ ਦੇ ਕਾਰੋਬਾਰੀ ਨੁਮਾਇੰਦੇ ਜੈਮੀਸਨ ਗ੍ਰੀਰ ਨੇ ਨਿਊ ਯਾਰਕ ਟਾਈਮਜ਼ ਨਾਲ ਇਕ ਇੰਟਰਵਿਊ ਦੌਰਾਨ ਕਿਹਾ ਕਿ ਅਮਰੀਕਾ ਸਰਕਾਰ ਵੱਲੋਂ ਕੈਨੇਡੀਅਨ ਲੰਬਰ ਉਤੇ ਟੈਰਿਫ਼ਸ ਵਿਚ 10 ਫ਼ੀ ਸਦੀ ਕਟੌਤੀ ਅਤੇ ਸਟੀਲ ਟੈਰਿਫ਼ਸ 50 ਫ਼ੀ ਸਦੀ ਤੋਂ ਘਟਾ ਕੇ 25 ਫ਼ੀ ਸਦੀ ਕਰਨ ਦੀ ਪੇਸ਼ਕਸ਼ ਕੀਤੀ ਗਈ ਪਰ ਇਸ ਦੇ ਇਵਜ਼ ਵਿਚ ਕੈਨੇਡਾ ਤੋਂ ਕਿਹੜੀ ਰਿਆਇਤ ਮੰਗੀ ਗਈ, ਇਸ ਬਾਰੇ ਗ੍ਰੀਰ ਵੱਲੋਂ ਕੋਈ ਜ਼ਿਕਰ ਨਾ ਕੀਤਾ ਗਿਆ।

### ਡੌਨਲਡ ਟਰੰਪ ਵੱਲੋਂ ਚੋਭਾਂ ਮਾਰਨ ਦਾ ਸਿਲਸਿਲਾ ਸ਼ੁਰੂ

ਮਾਰਕ ਕਾਰਨੀ ਵੱਲੋਂ ਡਾਲਰ ਵੱਟੇ ਡਾਲਰ ਨੀਤੀ ਲਾਗੂ ਕੀਤੇ ਜਾਣ ਦੀ ਉਨਟਾਰੀਓ ਦੇ ਪ੍ਰੀਮੀਅਰ ਡਗ ਫ਼ੋਰਡ ਅਤੇ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਈਬੀ ਵੱਲੋਂ ਜ਼ੋਰਦਾਰ ਹਮਾਇਤ ਕੀਤੀ ਗਈ ਹੈ ਅਤੇ ਬਾਕੀ ਸੂਬਾ ਸਰਕਾਰਾਂ ਵੀ ਪ੍ਰਧਾਨ ਮੰਤਰੀ ਦੇ ਫ਼ੈਸਲੇ ਨਾਲ ਸਹਿਮਤ ਨਜ਼ਰ ਆਈਆਂ। ਵਿਰੋਧੀ ਧਿਰ ਦਾ ਵੀ ਇਹੋ ਕਹਿਣਾ ਹੈ ਕਿ ਟਰੰਪ ਦੀਆਂ ਟੈਰਿਫ਼ਸ ਦਾ ਟਾਕਰਾ ਇਕਜੁਟ ਹੋ ਕੇ ਹੀ ਕੀਤਾ ਜਾ ਸਕਦਾ ਹੈ। ਕੰਜ਼ਰਵੇਟਿਵ ਪਾਰਟੀ ਦੇ ਆਗੂ ਪਿਅਰੇ ਪੌਇਲੀਐਵ ਨੇ ਸੋਸ਼ਲ ਮੀਡੀਆ ਰਾਹੀਂ ਇਕ ਪੋਸਟ ਸਾਂਝੀ ਕਰਦਿਆਂ ਕਿਹਾ ਕਿ ਕੈਨੇਡਾ ਨੂੰ ਇਕਪਾਸੜ ਟੈਰਿਫ਼ਸ ਬਿਲਕੁਲ ਪ੍ਰਵਾਨ ਨਹੀਂ ਕਰਨੀਆਂ ਚਾਹੀਦੀਆਂ ਅਤੇ ਨਾ ਹੀ ਅਜਿਹੇ ਕਿਸੇ ਸਮਝੌਤੇ ਲਈ ਹਾਮੀ ਭਰਨ ਦੀ ਲੋੜ ਹੈ ਜੋ ਮੁਲਕ ਦੇ ਹਿਤਾਂ ਨੂੰ ਖੋਰਾ ਲਾਉਂਦਾ ਹੋਵੇ। ਪੌਇਲੀਐਵ ਨੇ ਸੱਦਾ ਦਿਤਾ ਕਿ ਉਹ ਮੁਲਕ ਦੇ ਅਰਥਚਾਰੇ ਅਤੇ ਆਪਣੇ ਕਿਰਤੀਆਂ ਵਾਸਤੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਜਲਦ ਤੋਂ ਜਲਦ ਵਿਚਾਰ ਵਟਾਂਦਰੇ ਦਾ ਦੌਰ ਸ਼ੁਰੂ ਕਰਨ। ਉਧਰ ਜਦੋਂ ਮਾਰਕ ਕਾਰਨੀ ਨੂੰ ਪੁੱਛਿਆ ਗਿਆ ਕਿ ਵਿਰੋਧੀ ਪਾਰਟੀਆਂ ਨੂੰ ਮੌਜੂਦਾ ਹਾਲਾਤ ਬਾਰੇ ਕਦੋਂ ਜਾਣੂ ਕਰਵਾਇਆ ਜਾਵੇਗਾ ਤਾਂ ਪ੍ਰਧਾਨ ਮੰਤਰੀ ਵੱਲੋਂ ਸੋਮਵਾਰ ਬਾਅਦ ਦੁਪਹਿਰ ਜਾਂ ਮੰਗਲਵਾਰ ਸਵੇਰ ਦਾ ਜ਼ਿਕਰ ਕੀਤਾ ਗਿਆ।

## ਟਰੰਪ ਰੱਦ ਕਰ...

ਨੂੰ ਘੇਰਨ ਦਾ ਯਤਨ ਕਰ ਰਿਹਾ ਹੈ ਕਿਉਂਕਿ ਪਿਛਲੇ ਮਹੀਨੇ ਲਾਗੂ ਨਿਯਮ ਘੱਟੋ-ਘੱਟ 4 ਲੱਖ 50 ਹਜ਼ਾਰ ਵਿਦੇਸ਼ੀ ਨਾਗਰਿਕਾਂ ਦੇ ਡਿਪੋਰਟ ਹੋਣ ਦਾ ਕਾਰਨ ਬਣੇਗਾ। ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਵੱਲੋਂ ਅਸਾਇਲਮ ਅਫ਼ਸਰਾਂ ਦੀ ਬਿਨੈਕਾਰਾਂ ਨਾਲ ਮੁਲਾਕਾਤ ਵਾਲੀ ਸ਼ਰਤ ਖ਼ਤਮ ਕਰ ਦਿਤੀ ਗਈ ਹੈ ਅਤੇ ਅਸਾਇਲਮ ਅਰਜ਼ੀਆਂ ਸਿੱਧੇ ਤੌਰ 'ਤੇ ਇੰਮੀਗ੍ਰੇਸ਼ਨ ਜੱਜਾਂ ਦੇ ਸਪੁਰਦ ਕੀਤੀਆਂ ਜਾ ਰਹੀਆਂ ਹਨ।

## ਸਰਕਾਰੀ ਹਸਪਤਾਲ...

ਵਿੱਚ ਧਮਾਕਾ ਹੋਇਆ। ਇਸ ਤੋਂ ਬਾਅਦ ਅੱਗ ਭੜਕ ਉੱਠੀ ਅਤੇ ਕੁਝ ਹੀ ਸਮੇਂ ਵਿੱਚ ਪੂਰੇ ਵਾਰਡ ਵਿੱਚ ਫੈਲ ਗਈ। ਅੱਗ ਦੀ ਸੂਚਨਾ ਮਿਲਦੇ ਹੀ ਰੇਸਕਿਊ ਟੀਮਾਂ ਹਸਪਤਾਲ ਪਹੁੰਚੀਆਂ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤਾ। ਅਧਿਕਾਰੀਆਂ ਮੁਤਾਬਕ ਅੱਗ 'ਤੇ ਕਾਬੂ ਪਾ ਲਿਆ ਗਿਆ ਹੈ।

### ਹਾਦਸੇ ਦੀ ਜਾਂਚ ਲਈ ਬਣੇਗੀ ਕਮੇਟੀ

ਇਸ ਘਟਨਾ ਦੀ ਅਸਲ ਵਜ੍ਹਾ ਪਤਾ ਲਗਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਜਾਂਚ ਕਮੇਟੀ ਬਣਾਉਣ ਦਾ ਫ਼ੈਸਲਾ ਕੀਤਾ ਹੈ। ਵਧੀਕ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਬਣਨ ਵਾਲੀ ਕਮੇਟੀ ਇਹ ਪਤਾ ਲਗਾਏਗੀ ਕਿ ਨਰਸਰੀ ਵਿੱਚ ਅੱਗ ਕਿਵੇਂ ਲੱਗੀ ਅਤੇ ਇਸ ਦੇ ਪਿੱਛੇ ਕਿਹੜੇ ਹਾਲਾਤ ਜ਼ਿੰਮੇਵਾਰ ਸਨ। ਜਾਂਚ ਪੂਰੀ ਹੋਣ ਤੋਂ ਬਾਅਦ ਹੀ ਹਾਦਸੇ ਦੀ ਸਹੀ ਵਜ੍ਹਾ ਸਾਹਮਣੇ ਆ ਸਕੇਗੀ। PIMS ਨੂੰ ਇਸਲਾਮਾਬਾਦ ਦਾ ਸਭ ਤੋਂ ਵੱਡਾ ਹਸਪਤਾਲ ਦੱਸਿਆ ਗਿਆ ਹੈ। ਇਹ ਲਗਭਗ 140 ਏਕੜ ਵਿੱਚ ਫੈਲਿਆ ਹੋਇਆ ਹੈ ਅਤੇ ਇੱਥੇ ਕਰੀਬ 1,300 ਬੈੱਡ ਹਨ। ਹਸਪਤਾਲ ਵਿੱਚ 27 ਤੋਂ ਵੱਧ ਤਰ੍ਹਾਂ ਦੀਆਂ ਬਿਮਾਰੀਆਂ ਦੇ ਇਲਾਜ ਦੀਆਂ ਸਹੂਲਤਾਂ ਮੌਜੂਦ ਹਨ। PIMS ਦੇ ਅਧੀਨ ਇਸਲਾਮਾਬਾਦ ਹਸਪਤਾਲ, ਚਿਲਡ੍ਰਨਜ਼ ਹਸਪਤਾਲ, ਮਦਰ ਐਂਡ ਚਾਈਲਡ ਹੈਲਥ ਸੈਂਟਰ, ਬਰਨ ਕੇਅਰ ਸੈਂਟਰ ਅਤੇ ਕਾਰਡਿਐਕ ਸੈਂਟਰ ਵਰਗੇ ਕਈ ਮੈਡੀਕਲ ਕੇਂਦਰ ਸ਼ਾਮਲ ਹਨ। ਚਿਲਡ੍ਰਨਜ਼ ਹਸਪਤਾਲ ਵਿੱਚ ਨਵਜੰਮੇ ਬੱਚਿਆਂ ਦੇ ਇਲਾਜ ਅਤੇ NICU ਦੀ ਸਹੂਲਤ ਹੈ, ਜਦਕਿ ਮਦਰ ਐਂਡ ਚਾਈਲਡ ਹੈਲਥ ਸੈਂਟਰ ਵਿੱਚ ਗਰਭਵਤੀ ਔਰਤਾਂ ਅਤੇ ਨਵਜੰਮੇ ਬੱਚਿਆਂ ਲਈ ਵੱਖਰੀ ਵਿਵਸਥਾ ਹੈ। ਹਾਦਸੇ ਤੋਂ ਬਾਅਦ ਹੁਣ ਹਸਪਤਾਲ ਦੀ ਫਾਇਰ ਸੇਫਟੀ ਅਤੇ ਨਵਜੰਮੇ ਬੱਚਿਆਂ ਦੀ ਸੁਰੱਖਿਆ ਨਾਲ ਜੁੜੀ ਵਿਵਸਥਾ 'ਤੇ ਵੀ ਸਵਾਲ ਉੱਠ ਰਹੇ ਹਨ।

## ਕੈਨੇਡਾ ਨੇ 20 ਅਰਬ...

ਖੇਤੀਬਾੜੀ ਮਸ਼ੀਨਰੀ ਤੋਂ ਇਲਾਵਾ ਰੋਜ਼ਾਨਾ ਵਰਤੋਂ ਦੀਆਂ ਕਈ ਵਸਤਾਂ ਵੀ ਆ ਗਈਆਂ ਹਨ। ਇਨ੍ਹਾਂ ਵਿੱਚ ਸੀਫੂਡ, ਪਨੀਰ, ਕੱਪੜੇ, ਕੌਸਮੈਟਿਕਸ ਅਤੇ ਟਾਇਲਟ ਪੇਪਰ ਸ਼ਾਮਲ ਹਨ। ਕੁਝ ਵਸਤਾਂ 'ਤੇ 50 ਫ਼ੀਸਦੀ ਤੱਕ ਡਿਊਟੀ ਲਗਾਈ ਗਈ ਹੈ। ਕੈਨੇਡਾ ਦੀ ਇਹ ਕਾਰਵਾਈ ਟਰੰਪ ਪ੍ਰਸ਼ਾਸਨ ਵੱਲੋਂ ਵਪਾਰਕ ਗੱਲਬਾਤ ਟੁੱਟਣ ਤੋਂ ਬਾਅਦ ਕੈਨੇਡਿਆਈ ਸਾਮਾਨ 'ਤੇ 50 ਫ਼ੀਸਦੀ ਤੱਕ ਟੈਕਸ ਲਗਾਏ ਜਾਣ ਦੇ ਜਵਾਬ ਵਿੱਚ ਕੀਤੀ ਗਈ ਹੈ। ਦੋਵਾਂ ਦੇਸ਼ਾਂ ਵਿਚਾਲੇ ਵਧਦੇ ਤਣਾਅ ਨੇ ਦੁਨੀਆ ਦੇ ਸਭ ਤੋਂ ਵੱਡੇ ਦੁਵੱਲੇ ਵਪਾਰਕ ਸਬੰਧਾਂ ਵਿੱਚੋਂ ਇੱਕ 'ਤੇ ਗੰਭੀਰ ਖ਼ਤਰਾ ਪੈਦਾ ਕਰ ਦਿੱਤਾ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਅਮਰੀਕਾ 'ਤੇ ਕੈਨੇਡਾ ਨੂੰ ਦਬਾਅ ਹੇਠ ਲਿਆਉਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਅਸਫ਼ਲ ਵਪਾਰਕ ਗੱਲਬਾਤ ਦੌਰਾਨ ਅਮਰੀਕਾ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਉਹ ਕੈਨੇਡਾ ਦੇ ਮੁੱਖ ਉਦਯੋਗਾਂ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦਾ ਹੈ। ਦੋਵਾਂ ਦੇਸ਼ਾਂ ਵੱਲੋਂ ਇੱਕ-ਦੂਜੇ ਦੇ ਸਾਮਾਨ 'ਤੇ ਟੈਕਸ ਵਧਾਉਣ ਨਾਲ ਆਉਣ ਵਾਲੇ ਦਿਨਾਂ ਵਿੱਚ ਵਪਾਰ, ਕੀਮਤਾਂ ਅਤੇ ਉੱਤਰੀ ਅਮਰੀਕਾ ਦੀ ਸਪਲਾਈ ਚੇਨ 'ਤੇ ਇਸ ਦੇ ਪ੍ਰਭਾਵ ਨੂੰ ਲੈ ਕੇ ਚਿੰਤਾਵਾਂ ਵਧ ਗਈਆਂ ਹਨ।

## ਅਮਰੀਕਾ 'ਚ ਨੌਕਰੀ...

ਹੋਮਲੈਂਡ ਸਕਿਓਰਿਟੀ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਪ੍ਰਸਤਾਵਿਤ ਫੀਸ ਸਿਰਫ਼ ਉਨ੍ਹਾਂ H-1B ਅਰਜ਼ੀਆਂ 'ਤੇ ਲਾਗੂ ਹੋਵੇਗੀ ਜੋ ਸਾਲਾਨਾ ਵੀਜ਼ਾ ਸੀਮਾ ਦੇ ਅਧੀਨ ਆਉਂਦੀਆਂ ਹਨ। ਇਸ ਸੀਮਾ ਤੋਂ ਬਾਹਰ ਰੱਖੀਆਂ ਗਈਆਂ H-1B ਅਰਜ਼ੀਆਂ 'ਤੇ ਇਹ ਫੀਸ ਲਾਗੂ ਨਹੀਂ ਹੋਵੇਗੀ। ਵਿਭਾਗ ਦਾ ਕਹਿਣਾ ਹੈ ਕਿ ਇਸ ਵਾਧੂ ਫੀਸ ਦਾ ਮਕਸਦ ਨਿਯਮ ਨਾਲ ਜੁੜੇ ਵੱਖ-ਵੱਖ ਸਰਕਾਰੀ ਵਿਭਾਗਾਂ ਵਿਚਕਾਰ ਹੋਣ ਵਾਲੇ ਖਰਚਿਆਂ ਦੀ ਭਰਪਾਈ ਕਰਨਾ ਹੈ। ਇਸ ਨੂੰ ਵੱਖਰੇ ਤੌਰ 'ਤੇ ਲਾਗੂ ਕਰਨ ਨਾਲ ਇਸ ਤੋਂ ਹੋਣ ਵਾਲੀ ਆਮਦਨ ਦਾ ਹਿਸਾਬ ਰੱਖਣ ਅਤੇ ਉਸ ਦੀ ਵੰਡ ਤੇ ਜਾਣਕਾਰੀ ਦੇਣ ਦੀ ਪ੍ਰਕਿਰਿਆ ਆਸਾਨ ਹੋਵੇਗੀ।

### ਹਰ ਸਾਲ 65 ਹਜ਼ਾਰ H-1B ਵੀਜ਼ੇ

ਅਮਰੀਕਾ ਵਿੱਚ ਹਰ ਸਾਲ ਨਿਯਮਤ ਸ਼੍ਰੇਣੀ ਤਹਿਤ 65,000 H-1B ਵੀਜ਼ੇ ਜਾਰੀ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਅਮਰੀਕੀ ਯੂਨੀਵਰਸਿਟੀਆਂ ਤੋਂ ਮਾਸਟਰ ਡਿਗਰੀ ਜਾਂ ਇਸ ਤੋਂ ਉੱਚੀ ਡਿਗਰੀ ਹਾਸਲ ਕਰਨ ਵਾਲੇ ਵਿਦੇਸ਼ੀ ਕਰਮਚਾਰੀਆਂ ਲਈ 20,000 ਵਾਧੂ ਵੀਜ਼ਿਆਂ ਦੀ ਵਿਵਸਥਾ ਹੈ। ਇਸ ਪ੍ਰਸਤਾਵ ਨੂੰ ਲੈ ਕੇ ਅਮਰੀਕਾ ਵਿੱਚ ਕੰਮ ਕਰ ਰਹੇ ਵਿਦੇਸ਼ੀ ਪੇਸ਼ੇਵਰਾਂ, ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਉਨ੍ਹਾਂ ਨੂੰ ਨੌਕਰੀ ਦੇਣ ਵਾਲੇ ਅਮਰੀਕੀ ਰੁਜ਼ਗਾਰਦਾਤਾਵਾਂ 'ਤੇ ਵਿੱਤੀ ਬੋਝ ਵਧਣ ਦੀ ਚਿੰਤਾ ਜਤਾਈ ਜਾ ਰਹੀ ਹੈ।

### ਭਾਰਤੀਆਂ ਲਈ ਕਿਉਂ ਅਹਿਮ ਹੈ ਇਹ ਪ੍ਰਸਤਾਵ?

ਇਸ ਬਦਲਾਅ ਦਾ ਅਸਰ ਭਾਰਤੀ ਪੇਸ਼ੇਵਰਾਂ 'ਤੇ ਵੀ ਪੈ ਸਕਦਾ ਹੈ। ਅਮਰੀਕਾ ਵਿੱਚ H-1B ਵੀਜ਼ਾ ਹਾਸਲ ਕਰਨ ਵਾਲਿਆਂ ਵਿੱਚ ਭਾਰਤੀ ਨਾਗਰਿਕਾਂ ਦੀ ਹਿੱਸੇਦਾਰੀ 70 ਫੀਸਦੀ ਤੋਂ ਵੱਧ ਦੱਸੀ ਗਈ ਹੈ। ਅੰਕੜਿਆਂ ਮੁਤਾਬਕ, 2024 ਵਿੱਚ ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਨੇ ਕੁੱਲ 3,99,402 H-1B ਪਟੀਸ਼ਨਾਂ ਨੂੰ ਮਨਜ਼ੂਰੀ ਦਿੱਤੀ ਸੀ। ਇਨ੍ਹਾਂ ਵਿੱਚੋਂ ਲਗਭਗ 71 ਫੀਸਦੀ ਪਟੀਸ਼ਨਾਂ ਭਾਰਤ ਵਿੱਚ ਜਨਮੇ ਪੇਸ਼ੇਵਰਾਂ ਨਾਲ ਸਬੰਧਤ ਸਨ। ਇਸ ਲਈ ਜੇਕਰ ਪ੍ਰਸਤਾਵਿਤ ਫੀਸ ਲਾਗੂ ਹੁੰਦੀ ਹੈ ਤਾਂ ਅਮਰੀਕਾ ਵਿੱਚ H-1B ਰਾਹੀਂ ਕੰਮ ਕਰਨ ਜਾਂ ਨੌਕਰੀ ਹਾਸਲ ਕਰਨ ਦੀ ਤਿਆਰੀ ਕਰ ਰਹੇ ਵਿਦੇਸ਼ੀ ਪੇਸ਼ੇਵਰਾਂ ਲਈ ਇਹ ਇੱਕ ਵੱਡਾ ਵਿੱਤੀ ਬੋਝ ਬਣ ਸਕਦੀ ਹੈ।

# ਸ਼ੰਭੂ ਰੇਲਵੇ ਟਰੈਕ ਬਲਾਸਟ ਮਾਮਲਾ:

## ਮੁਲਜ਼ਮ ਦੇ ਪਰਿਵਾਰ ਦੇ DNA ਸੈਂਪਲ ਲਵੇਗੀ NIA




ਮੁਹਾਲੀ : ਪੰਜਾਬ ਦੇ ਪਟਿਆਲਾ ਜ਼ਿਲ੍ਹੇ 'ਚ ਰਾਜਪੁਰਾ ਅਤੇ ਸ਼ੰਭੂ ਰੇਲਵੇ ਸਟੇਸ਼ਨਾਂ ਦੇ ਵਿਚਕਾਰ ਡੈਡੀਕੇਟਡ ਫ੍ਰੇਟ ਕੌਰੀਡੋਰ (ਮਾਲਗੱਡੀ ਟ੍ਰੈਕ) 'ਤੇ 27 ਅਪ੍ਰੈਲ 2026 ਦੀ ਰਾਤ ਨੂੰ ਹੋਏ ਆਈਈਡੀ ਧਮਾਕੇ ਦੇ ਮਾਮਲੇ ਵਿੱਚ ਰਾਸ਼ਟਰੀ ਜਾਂਚ ਏਜੰਸੀ (ਐੱਨਆਈਏ) ਨੇ ਆਪਣੀ ਕਾਰਵਾਈ ਤੇਜ਼ ਕਰ ਦਿੱਤੀ ਹੈ। ਇਸ ਬਲਾਸਟ ਕੇਸ ਦੇ ਮੁੱਖ ਦੋਸ਼ੀ ਜਗਰੂਪ ਸਿੰਘ ਉਰਫ਼ ਜੂਪਾ (ਨਿਵਾਸੀ ਪੰਜਵਾਰ, ਜ਼ਿਲ੍ਹਾ ਤਰਨਤਾਰਨ) ਦੇ ਪਰਿਵਾਰਕ ਮੈਂਬਰਾਂ ਦੇ ਡੀਐੱਨਏ ਸੈਂਪਲ ਲੈਣ ਲਈ ਏਜੰਸੀ ਨੇ ਤਿਆਰੀ ਕੀਤੀ ਹੈ। NIA ਨੇ ਹੁਣ ਇਸ ਮਾਮਲੇ ਦੇ ਮੁੱਖ ਮੁਲਜ਼ਮ ਜਗਰੂਪ ਸਿੰਘ ਉਰਫ਼ ਜੂਪਾ (ਵਾਸੀ ਤਰਨਤਾਰਨ) ਦੇ ਪਰਿਵਾਰਕ ਮੈਂਬਰਾਂ ਦੇ ਡੀਐੱਨਏ (DNA) ਨਮੂਨੇ ਲੈਣ ਦੀ ਪ੍ਰਕਿਰਿਆ ਆਰੰਭ ਦਿੱਤੀ ਹੈ। ਇਸ ਕਾਰਵਾਈ ਦਾ ਮੁੱਖ ਮੰਤਵ ਇਸ ਗੱਲ ਦੀ ਅਧਿਕਾਰਤ ਅਤੇ ਵਿਗਿਆਨਕ ਤੌਰ 'ਤੇ ਪੁਸ਼ਟੀ ਕਰਨਾ ਹੈ ਕਿ ਘਟਨਾ ਵਾਲੀ ਥਾਂ ਤੋਂ ਮਿਲੀਆਂ ਮਨੁੱਖੀ ਅਸਥੀਆਂ ਅਤੇ ਖ਼ੂਨ ਦੇ ਨਿਸ਼ਾਨ ਅਸਲ ਵਿੱਚ ਜਗਰੂਪ ਸਿੰਘ ਦੇ ਹੀ ਸਨ ਜਾਂ ਨਹੀਂ। ਇਸ ਸਬੰਧ ਵਿੱਚ ਐੱਨਆਈਏ ਵੱਲੋਂ ਜਗਰੂਪ ਸਿੰਘ ਦੀ ਮਾਤਾ ਬਲਵਿੰਦਰ ਕੌਰ ਅਤੇ ਭਰਾ ਸਤਨਾਮ ਸਿੰਘ ਦੇ ਡੀਐੱਨਏ ਸੈਂਪਲ ਇਕੱਤਰ ਕਰਨ ਦੀ ਪ੍ਰਵਾਨਗੀ ਲੈਣ ਲਈ ਮੋਹਾਲੀ ਸਥਿਤ ਵਿਸ਼ੇਸ਼ ਐੱਨਆਈਏ ਅਦਾਲਤ ਵਿੱਚ ਰਸਮੀ ਅਰਜ਼ੀ ਦਾਇਰ ਕੀਤੀ ਗਈ ਹੈ। ਉਮੀਦ ਜਤਾਈ ਜਾ ਰਹੀ ਹੈ ਕਿ ਸਤੰਬਰ ਮਹੀਨੇ ਦੇ ਪਹਿਲੇ ਹਫ਼ਤੇ ਦੌਰਾਨ ਇਸ ਅਰਜ਼ੀ 'ਤੇ ਸੁਣਵਾਈ ਹੋਵੇਗੀ। ਜਾਂਚ ਅਧਿਕਾਰੀਆਂ ਅਨੁਸਾਰ, ਜੇਕਰ ਡੀਐਨਏ ਮੈਚ ਹੋ ਜਾਂਦਾ ਹੈ ਤਾਂ ਜਗਰੂਪ ਸਿੰਘ ਵਿਰੁੱਧ ਚੱਲ ਰਹੇ ਕੇਸ ਨੂੰ ਬੰਦ ਕਰ ਦਿੱਤਾ ਜਾਵੇਗਾ ਪਰ ਜੇਕਰ ਡੀਐਨਏ ਮੈਚ ਨਹੀਂ ਹੁੰਦਾ ਤਾਂ ਜਾਂਚ ਨਵੇਂ ਸਿਰੇ ਤੋਂ ਸ਼ੁਰੂ

# ਮਹਾਰਾਸ਼ਟਰ: ਸਕੂਲ 'ਚ ਤੇਜ਼ ਬੁਖ਼ਾਰ ਕਾਰਨ ਬੱਚੇ ਦੀ ਹੋਈ ਮੌਤ, 30 ਵਿਦਿਆਰਥੀ ਹਸਪਤਾਲ ਦਾਖ਼ਲ



ਮਹਾਰਾਸ਼ਟਰ ਦੇ ਪਾਲਘਰ ਸਥਿਤ ਇੱਕ ਕਬਾਇਲੀ ਰਿਹਾਇਸ਼ੀ ਸਕੂਲ ਵਿੱਚ ਤੇਜ਼ ਬੁਖ਼ਾਰ ਕਾਰਨ 7 ਸਾਲਾ ਵਿਦਿਆਰਥੀ ਦੀ ਮੌਤ ਹੋ ਗਈ ਹੈ। ਇਸ ਤੋਂ ਬਾਅਦ, ਜ਼ੁਕਾਮ, ਖੰਘ ਅਤੇ ਬੁਖ਼ਾਰ ਦੇ ਲੱਛਣਾਂ ਵਾਲੇ 30 ਵਿਦਿਆਰਥੀਆਂ ਨੂੰ ਸਾਵਧਾਨੀ ਵਜੋਂ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਪਾਲਘਰ ਦੀ ਸਰਹੱਦ ਗੁਜਰਾਤ ਨਾਲ ਲੱਗਦੀ ਹੋਣ ਕਾਰਨ, ਚੰਡੀਪੁਰਾ ਵਾਇਰਸ ਬੁਖ਼ਾਰ ਨੂੰ ਲੈ ਕੇ ਵੀ ਖਦਸ਼ਾ ਬਣਿਆ ਹੋਇਆ ਹੈ।

ਹਾਲਾਂਕਿ, ਸਿਹਤ ਵਿਭਾਗ ਨੇ ਅਜੇ ਤੱਕ ਚਾਂਦੀਪੁਰਾ ਵਾਇਰਸ ਕਾਰਨ ਹੋਈ ਮੌਤ ਦੀ ਪੁਸ਼ਟੀ ਨਹੀਂ ਕੀਤੀ ਹੈ। ਪਾਲਘਰ ਜ਼ਿਲ੍ਹੇ ਦੇ ਮਾਸਵਾਨ ਰਿਹਾਇਸ਼ੀ ਸਕੂਲ ਦੇ ਪਹਿਲੀ ਜਮਾਤ ਦੇ ਵਿਦਿਆਰਥੀ, ਸ਼੍ਰੇਯਾਂਸ਼ ਸ਼ੈਲੇਸ਼ ਅੰਬਾਤ ਨੂੰ ਬੁਖ਼ਾਰ ਹੋਣ ਤੋਂ ਬਾਅਦ 24 ਅਗਸਤ ਨੂੰ ਮੁੱਢਲੇ ਸਿਹਤ ਕੇਂਦਰ ਵਿੱਚ ਦਾਖਲ ਕਰਵਾਇਆ ਗਿਆ ਸੀ। ਸੋਮਵਾਰ ਨੂੰ, ਤੇਜ਼ ਬੁਖ਼ਾਰ ਅਤੇ ਆਕਸੀਜਨ ਦੇ ਪੱਧਰ ਵਿੱਚ ਗਿਰਾਵਟ ਤੋਂ ਬਾਅਦ, ਉਸਨੂੰ ਮਨੋਰ ਦੇ ਜ਼ਿਲ੍ਹਾ ਪੇਂਡੂ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ।

### ਚਾਂਦੀਪੁਰਾ ਵਾਇਰਸ ਕਿੰਨਾ ਖਤਰਨਾਕ ਹੈ?

ਵਿਸ਼ਵ ਸਿਹਤ ਸੰਗਠਨ (WHO) ਦੇ ਅਨੁਸਾਰ, ਚਾਂਦੀਪੁਰਾ ਵਾਇਰਸ (CHPV) 'ਰੈਬਡੋਵਿਰੀਡੇ' (Rhabdoviridae) ਪਰਿਵਾਰ ਨਾਲ ਸਬੰਧਿਤ ਇੱਕ ਵਾਇਰਸ ਹੈ। ਇਹ ਖਾਸ ਤੌਰ 'ਤੇ ਬੱਚਿਆਂ ਵਿੱਚ 'ਐਕਿਊਟ ਐਨਸੇਫਲਾਈਟਿਸ ਸਿੰਡਰੋਮ' (AES) ਨਾਲ ਜੁੜਿਆ ਹੋਇਆ ਹੈ।

ਇਹ ਵਾਇਰਸ ਕਈ ਵਾਹਕਾਂ ਰਾਹੀਂ ਫੈਲਦਾ ਹੈ, ਜਿਨ੍ਹਾਂ ਵਿੱਚ ਰੇਤ-ਮੱਖੀਆਂ (sandflies), ਮੱਛਰ ਅਤੇ ਚਿੱਚੜ ਸ਼ਾਮਿਲ ਹਨ। ਗੁਜਰਾਤ ਵਿੱਚ, ਰੇਤ-ਮੱਖੀ 'ਫਲੇਬੋਟੋਮਸ ਪਾਪਾਟਾਸੀ' (Phlebotomus papatasi) ਨੂੰ ਇਸ ਵਾਇਰਸ ਦੀ ਵਾਹਕ ਵਜੋਂ ਦਰਜ ਕੀਤਾ ਗਿਆ ਹੈ। ਇਹ ਬਿਮਾਰੀ ਬੁਖ਼ਾਰ ਨਾਲ ਸ਼ੁਰੂ ਹੋ ਸਕਦੀ ਹੈ। ਇਸ ਤੋਂ ਬਾਅਦ ਮਰੀਜ਼ ਨੂੰ ਦੌਰੇ ਪੈ ਸਕਦੇ ਹਨ ਅਤੇ ਉਹ ਕੋਮਾ ਵਿੱਚ ਜਾ ਸਕਦਾ ਹੈ। ਗੰਭੀਰ ਮਾਮਲਿਆਂ ਵਿੱਚ ਮੌਤ ਵੀ ਹੋ ਸਕਦੀ ਹੈ। ਵਿਸ਼ਵ ਸਿਹਤ ਸੰਗਠਨ (WHO) ਅਨੁਸਾਰ, ਭਾਰਤ ਵਿੱਚ ਚਾਂਦੀਪੁਰਾ ਵਾਇਰਸ ਦੇ ਪਿਛਲੇ ਪ੍ਰਕੋਪਾਂ ਦੌਰਾਨ ਮੌਤ ਦਰ 56 ਤੋਂ 75 ਫੀਸਦੀ ਰਹੀ ਹੈ।

# 'ਬਾਦਲ ਪਰਿਵਾਰ ਨੂੰ ਖ਼ਤਮ ਕਰਨ ਦੀਆਂ ਸਾਜਿਸ਼ਾਂ ਕੀਤੀਆਂ, ਮੇਰੇ 'ਤੇ ਹਮਲੇ ਹੋਏ', 'ਪੰਜਾਬ ਬਚਾਓ ਰੈਲੀ' 'ਚ ਬੋਲੇ ਸੁਖਬੀਰ ਬਾਦਲ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਅੱਜ ਮਲੋਟ ਦੀ ਦਾਣਾ ਮੰਡੀ ਵਿਚ 'ਪੰਜਾਬ ਬਚਾਓ ਰੈਲੀ' ਨੂੰ ਸੰਬੋਧਨ ਕੀਤਾ। ਮਹਾਰਾਸ਼ਟਰ ਦੇ ਨਾਂਦੇੜ ਵਿਚ ਹੋਏ ਹਮਲੇ ਦੇ ਬਾਅਦ ਆਯੋਜਿਤ ਇਸ ਰੈਲੀ ਵਿਚ ਸੁਖਬੀਰ ਬਾਦਲ ਸ਼ਾਮਲ ਹੋਏ

ਇਸ ਮੌਕੇ ਉਨ੍ਹਾਂ ਲੋਕਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪਿਛਲੇ 2 ਸਾਲਾਂ ਵਿਚ ਬਾਦਲ ਪਰਿਵਾਰ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਕੀਤੀਆਂ ਗਈਆਂ। ਮੇਰੇ 'ਤੇ ਹਮਲੇ ਹੋਏ ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਅਸੀਂ ਪੰਜਾਬ ਵਿਚ ਕਬਜ਼ਾ ਤਾਂ ਕਰ ਸਕਾਂਗੇ ਬਾਦਲ ਪਰਿਵਾਰ ਨੂੰ ਖਤਮ ਕਰ ਦਿਓ। 2 ਵਾਰ ਮੇਰੇ 'ਤੇ ਜਾਨਲੇਵਾ ਹਮਲੇ ਹੋਏ। ਦੋਵੇਂ ਸਮੇ ਵਿਚ ਗੁਰੂ ਘਰ ਦੇ ਵਿਚ ਹੋਏ। ਉਨ੍ਹਾਂ ਨੇ ਕੀਤੇ ਜਿਹੜੇ ਸਹੀ ਮਾਅਨਿਆਂ ਵਿਚ ਗੁਰੂ ਦੋਖੀ ਹਨ। ਉਨ੍ਹਾਂ ਦਾ ਰਿਸ਼ਤਾ ਕਿਸੇ ਧਰਮ ਨਾਲ ਨਹੀਂ, ਗੁਰੂ ਸਾਹਿਬ ਦੇ ਦੱਸੇ ਰਸਤੇ 'ਤੇ ਉਹ ਚੱਲਣ ਵਾਲੇ ਨਹੀਂ।

ਗੁਰੂ ਘਰ ਇਕ ਅਜਿਹੀ ਜਗ੍ਹਾ ਹੈ ਜਿਥੇ ਸਾਰੇ ਆਉਂਦੇ ਹਨ, ਆਪਣੀਆਂ ਦੁਸ਼ਮਣੀਆਂ ਭੁਲਾ ਕੇ



ਗੁਰੂ ਸ਼ਰਨ ਵਿ ਆਉਂਦੇ ਹਨ ਪਰ ਉਹ ਤਾਕਤਾਂ ਲੱਗੀਆਂ ਹਨ ਜਿਨ੍ਹਾਂ ਦਾਨਿਸ਼ਾਨਾ ਇਕੋ-ਇਕ ਹੈ। ਗੁਰੂ ਘਰ ਦੀ ਮਰਿਆਦਾ ਦਾ ਕੋਈ ਫਿਕਰ ਨਹੀਂ। ਉਨ੍ਹਾਂ ਦਾ ਨਿਸ਼ਾਨਾ ਹੈ ਕਿ ਪੰਜਾਬ ਵਿਚ ਅਸੀਂ ਕਬਜ਼ਾ ਤਾਂ ਕਰ ਸਕਾਂਗੇ, ਗੁਰੂ ਘਰਾਂ 'ਤੇ ਕਬਜ਼ਾ ਤਾਂ ਕਰ ਸਕਾਂਗੇ ਜੇਕਰ ਅਸੀਂ ਬਾਦਲ ਪਰਿਵਾਰ ਨੂੰ ਲਾਂਭੇ ਕਰ ਦੇਈਏ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਅੱਜ ਨਵੀਂ ਦਾਣਾ ਮੰਡੀ ਮਲੋਟ ਵਿਖੇ ਕਰਵਾਈ 'ਪੰਜਾਬ ਬਚਾਓ ਰੈਲੀ' ਨੂੰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੰਬੋਧਨ ਕੀਤਾ। ਉਨ੍ਹਾਂ 'ਤੇ ਨਾਂਦੇੜ ਸਾਹਿਬ ਵਿੱਚ ਹੋਏ ਹਮਲੇ ਤੋਂ ਬਾਅਦ ਮਲੋਟ ਵਿੱਚ ਇਹ ਉਨ੍ਹਾਂ ਦਾ ਪਹਿਲਾ ਜਨਤਕ ਸੰਬੋਧਨ ਸੀ। ਸਟੇਜ ਤੋਂ ਸੰਬੋਧਨ ਦੌਰਾਨ ਉਨ੍ਹਾਂ ਨੇ ਐੱਮਪੀ ਅੰਮ੍ਰਿਤਪਾਲ ਸਿੰਘ 'ਤੇ ਨਿਸ਼ਾਨ ਸਾਧਿਆ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਦੁਬਈ ਤੋਂ ਆ ਕੇ ਕਹਿੰਦੇ ਅਸੀਂ ਪੰਜਾਬ ਦੇ ਵਾਰਿਸ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਢਾਲ ਬਣਾਉਣ ਵਾਲੇ ਪੰਜਾਬ ਦੇ ਵਾਰਿਸ ਨਹੀਂ ਹੋ ਸਕਦੇ। ਜਿਹੜਾ ਆਪਣੇ ਭਰਾ ਦਾ ਨਸ਼ਾ ਨਹੀਂ ਛੁਡਵਾ ਸਕਿਆ, ਉਹ ਨਸ਼ੇ ਛੁਡਵਾਉਣ ਦੀਆਂ ਗੱਲਾਂ ਕਰਦੇ ਹਨ। ਕਿਸੇ ਨੂੰ ਵੀ ਅੰਮ੍ਰਿਤਪਾਲ ਦਾ ਪਿਛੋਕੜ ਨਹੀਂ ਪਤਾ। ਪੰਜਾਬ ਮੁੜ 1980 ਵਾਲਾ ਦੌਰ ਨਹੀਂ ਚਾਹੁੰਦਾ।

# ਖੰਡ ਦੀਆਂ ਵੱਧਦੀਆਂ ਕੀਮਤਾਂ ਦੇ ਵਿਰੋਧ 'ਚ ਚੰਡੀਗੜ੍ਹ 'ਚ ਕੀਤਾ ਜਾ ਰਿਹਾ ਰੋਸ ਪ੍ਰਦਰਸ਼ਨ

ਖੰਡ ਦੇ ਵਧੇ ਹੋਏ ਰੇਟਾਂ ਖਿਲਾਫ ਅੱਜ ਪੰਜਾਬ ਕਾਂਗਰਸ ਨੇ ਚੰਡੀਗੜ੍ਹ ਵਿਚ ਪ੍ਰਦਰਸ਼ਨ ਕੀਤਾ। ਇਸ ਦੌਰਾਨ ਜਦੋਂ ਕਾਂਗਰਸੀ ਨੇਤਾ ਗਵਰਨਰ ਹਾਊਸ ਵੱਲ ਵਧਣ ਲੱਗੇ ਤਾਂ ਚੰਡੀਗੜ੍ਹ ਪੁਲਿਸ ਨੇ ਉਨ੍ਹਾਂ ਨੂੰ ਬੈਰੀਕੇਡ ਲਗਾ ਕੇ ਰੋਕ ਦਿੱਤਾ। ਪ੍ਰਦਰਸ਼ਨਕਾਰੀਆਂ ਨੂੰ ਅੱਗੇ ਵਧਣ ਤੋਂ ਰੋਕਣ ਲਈ ਪੁਲਿਸ ਨੇ ਵਾਟਰ ਕੈਨਨ ਦਾ ਇਸਤੇਮਾਲ ਕੀਤਾ ਦੂਜੇ ਪਾਸੇ ਪੁਲਿਸ ਨੇ ਕੀ ਕਾਂਗਰਸੀ ਨੇਤਾਵਾਂ ਤੇ ਵਰਕਰਾਂ ਨੂੰ ਹਿਰਾਸਤ ਵਿਚ ਵੀ ਲਿਆ।

ਪੰਜਾਬ ਕਾਂਗਰਸ ਵੱਲੋਂ ਅੱਜ ਸ਼ਾਮ ਚੰਡੀਗੜ੍ਹ ਸਥਿਤ ਕਾਂਗਰਸ ਭਵਨ ਦੇ ਬਾਹਰ ਪ੍ਰਦਰਸ਼ਨ ਕੀਤਾ ਗਿਆ। ਇਹ ਪ੍ਰਦਰਸ਼ਨ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਦੀ ਅਗਵਾਈ ਵਿਚ ਰੱਖਿਆ ਗਿਆ ਸੀ ਦੂਜੇ ਪਾਸੇ ਕਾਂਗਰਸ ਵੱਲੋਂ ਇਕ ਵੱਡੇ ਭਾਂਡੇ ਵਿਚ ਚਾਹ ਬਣਾਈ ਜਾ ਰਹੀ ਸੀ।

ਇਸ ਦੌਰਾਨ ਜਿਵੇਂ ਹੀ ਕਾਂਗਰਸੀ ਨੇਤਾਵਾਂ ਤੇ ਵਰਕਰਾਂ ਨੇ ਗਵਰਨਰ ਹਾਊਸ ਵੱਲ ਜਾਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਨੇ ਰਾਜਾ ਵੜਿੰਗ ਨੂੰ ਪਹਿਲਾਂ ਹਿਰਾਸਤ ਵਿਚ ਲੈ ਲਿਆ ਪਰ ਭੀੜ ਪਿੱਛੇ ਹਟਣ ਲਈ ਤਿਆਰ ਨਹੀਂ ਸੀ। ਅਜਿਹੇ ਵਿਚ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਲਈ ਪੁਲਿਸ ਨੇ ਵਾਟਰ ਕੈਨਨ ਦਾ ਇਸਤੇਮਾਲ ਕੀਤਾ। ਇਸ ਦੇ ਬਾਅਦ ਕਈ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿਚ ਲਿਆ ਗਿਆ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail com
Jaspal Singh Gahunia
# M08006400
Lic # 10686
19 Woodbine Downs Blvd., Suite#201,
Etobicoke, ON. M9W 6N5
The Mortgage Centre

Best Bargain
Carpet & Flooring
Sale & Custom Installation done by Professionals
FREE Shop at Home Service
Residential - Commercial - Industrial
* Hardwood * Laminate * Vinyl Flooring * Wall to Wall Carpets
* Hall Runners * Custom Made Area Rugs * Tiles * Accessories
Specialized in Hotel, Motel and Banquet Halls Carpet and Wallpaper and Tiles
beaulieu CANADA
TORLYS smart floors
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
Gurpreet Singh
Tel: 905-696-7877 Cell: 416-937-2856
1332 Khalsa Drive, Unit#21, Mississauga, ON L5S 0A2
Email:- info@bbcflooring.ca

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ, ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Made Special Rates with Installation
CAT Batteries 1000c Under Warranty $550 Installation Included
MICHELIN BFGoodrich DUNLOP GOODYEAR Hankook Xceed AEOLUS ROADLUX
We specialize in Engine, Transmission, Differential Rebuilt & all kind of Electric work.
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਰਾਸ਼ਟਰਪਤੀ ਟਰੰਪ ਦਾ ਦਾਅਵਾ ਅਤੇ ਈਰਾਨ ਨੇ ਜਾਰੀ ਕੀਤਾ ਨਵਾਂ ਵੀਡੀਓ



ਤਹਿਰਾਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਦੇ ਸੁਪਰੀਮ ਲੀਡਰ ਮੋਜਤਬਾ ਖਮੇਨੀ ਬਾਰੇ ਇੱਕ ਵੱਡਾ ਬਿਆਨ ਦੇ ਕੇ ਅੰਤਰਰਾਸ਼ਟਰੀ ਪੱਧਰ 'ਤੇ ਹਲਚਲ ਮਚਾ ਦਿੱਤੀ ਹੈ। ਟਰੰਪ ਦਾ ਦਾਅਵਾ ਹੈ ਕਿ ਮੋਜਤਬਾ ਖਮੇਨੀ ਹਮਲੇ ਵਿੱਚ ਮਾਰੇ ਨਹੀਂ ਗਏ ਸਨ, ਸਗੋਂ ਸਿਰਫ਼ ਗੰਭੀਰ ਜ਼ਖ਼ਮੀ ਹੋਏ ਸਨ ਅਤੇ ਅਜੇ ਵੀ ਜ਼ਿੰਦਾ ਹਨ। ਧਿਆਨ ਦੇਣ ਯੋਗ ਹੈ ਕਿ ਆਪਣੇ ਪਿਤਾ ਅਯਾਤੁੱਲਾ ਅਲੀ ਖਮੇਨੀ ਦੀ ਅਮਰੀਕਾ-ਇਜ਼ਰਾਈਲੀ ਹਮਲੇ ਵਿੱਚ ਮੌਤ ਤੋਂ ਬਾਅਦ ਸੁਪਰੀਮ ਲੀਡਰ ਦਾ ਅਹੁਦਾ ਸੰਭਾਲਣ ਵਾਲੇ ਮੋਜਤਬਾ ਲੰਬੇ ਸਮੇਂ ਤੋਂ ਕਿਸੇ ਜਨਤਕ ਮੰਚ 'ਤੇ ਨਜ਼ਰ ਨਹੀਂ ਆਏ ਸਨ। ਇਸ ਲੰਬੀ ਗੈਰਹਾਜ਼ਰੀ ਕਾਰਨ ਉਨ੍ਹਾਂ ਦੀ ਸਲਾਮਤੀ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਅਟਕਲਾਂ ਲਗਾਈਆਂ ਜਾ ਰਹੀਆਂ ਸਨ।

ਇੱਕ ਟੈਲੀਫੋਨ ਇੰਟਰਵਿਊ ਦੌਰਾਨ ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਈਰਾਨੀ ਸੁਪਰੀਮ ਲੀਡਰ ਦੀ ਮੌਤ ਹੋਈ ਹੈ। ਉਨ੍ਹਾਂ ਨੇ ਵਿਅੰਗ ਕਰਦਿਆਂ ਇਹ ਵੀ ਜੋੜਿਆ ਕਿ ਜੇਕਰ ਉਹ ਸੱਚਮੁੱਚ ਮਰ ਚੁੱਕੇ ਹਨ, ਤਾਂ ਈਰਾਨ ਇਸ ਤੱਥ ਨੂੰ ਦੁਨੀਆ ਤੋਂ ਲੁਕਾਉਣ ਲਈ ਇੱਕ ਬਹੁਤ ਵਧੀਆ ਦਿਖਾਵਾ ਕਰ ਰਿਹਾ ਹੈ। ਟਰੰਪ ਦੇ ਇਸ ਬਿਆਨ ਨੇ ਮੱਧ ਪੂਰਬ ਦੇ ਸੁਰੱਖਿਆ ਵਿਸ਼ਲੇਸ਼ਕਾਂ ਵਿੱਚ ਚਰਚਾ ਛੇੜ ਦਿੱਤੀ ਹੈ, ਹਾਲਾਂਕਿ ਇਸ ਬਿਆਨ 'ਤੇ ਈਰਾਨ ਵੱਲੋਂ ਕੋਈ ਅਧਿਕਾਰਤ ਟਿੱਪਣੀ ਨਹੀਂ ਆਈ ਹੈ। ਦੂਜੇ ਪਾਸੇ, ਇਨ੍ਹਾਂ ਸਾਰੀਆਂ ਅਟਕਲਾਂ ਅਤੇ ਦਾਅਵਿਆਂ ਦੇ ਵਿਚਕਾਰ ਈਰਾਨ ਦੀ ਸਰਕਾਰੀ ਨਿਊਜ਼ ਏਜੰਸੀ 'ਫਾਰਸ' ਨੇ ਮੋਜਤਬਾ ਖਮੇਨੀ ਦਾ ਇੱਕ ਨਵਾਂ ਵੀਡੀਓ ਜਾਰੀ ਕੀਤਾ ਹੈ, ਜਿਸ ਵਿੱਚ ਉਹ ਬਿਲਕੁਲ ਫਿੱਟ ਅਤੇ ਸਰਗਰਮ ਦਿਖਾਈ ਦੇ ਰਹੇ ਹਨ।

ਤਹਿਰਾਨ ਤੋਂ ਜਾਰੀ ਇਸ ਵੀਡੀਓ ਵਿੱਚ 56 ਸਾਲਾ ਮੋਜਤਬਾ ਇੱਕ ਧਾਰਮਿਕ ਅਕਾਦਮਿਕ ਸੈਸ਼ਨ ਦੀ ਪ੍ਰਧਾਨਗੀ ਕਰਦੇ ਹੋਏ ਇੱਕ ਵਿਦਿਆਰਥੀ ਦੀ ਥੀਸਿਸ ਪੇਸ਼ਕਾਰੀ ਸੁਣ ਰਹੇ ਹਨ ਅਤੇ ਸ਼ਾਂਤ ਮਨ ਨਾਲ ਆਪਣੇ ਸੁਝਾਅ ਦੇ ਰਹੇ ਹਨ। ਵੀਡੀਓ ਵਿੱਚ ਉਨ੍ਹਾਂ ਦੀ ਆਵਾਜ਼ ਸਾਫ਼ ਸੁਣਾਈ ਦੇ ਰਹੀ ਹੈ ਅਤੇ ਉਹ ਵਿਦਿਆਰਥੀਆਂ ਨਾਲ ਈਰਾਨ ਦੇ "ਇਸਲਾਮਿਕ ਸੁਰੱਖਿਆ ਮਾਡਲ" ਬਾਰੇ ਆਰਾਮ ਨਾਲ ਚਰਚਾ ਕਰਦੇ ਨਜ਼ਰ ਆ ਰਹੇ ਹਨ।

# ਪੰਜਾਬ ਦੇ ਮੁੱਖ ਡੈਮਾਂ ਵਿੱਚ ਪਾਣੀ ਦਾ ਪੱਧਰ ਪਿਛਲੇ ਸਾਲ ਨਾਲੋਂ ਘਟਿਆ

ਮੌਨਸੂਨ ਸੀਜ਼ਨ ਖਤਮ ਹੋਣ ਵਾਲਾ ਹੈ ਪਰ ਪੰਜਾਬ ਦੇ ਮੁੱਖ ਭਾਖੜਾ, ਪੌਂਗ ਅਤੇ ਰਣਜੀਤ ਸਾਗਰ ਡੈਮਾਂ ਵਿੱਚ ਪਾਣੀ ਦਾ ਪੱਧਰ ਪਿਛਲੇ ਸਾਲ ਨਾਲੋਂ ਕਾਫ਼ੀ ਘੱਟ ਦਰਜ ਕੀਤਾ ਗਿਆ ਹੈ। 27 ਅਗਸਤ ਤੱਕ ਦੇ ਅੰਕੜਿਆਂ ਮੁਤਾਬਕ ਚਾਲੂ ਸਾਲ ਦੇ ਮੌਨਸੂਨ ਦੌਰਾਨ ਪਾਣੀ ਦੀ ਆਮਦ ਪਿਛਲੇ ਸਾਲ ਜਿੰਨੀ ਨਹੀਂ ਰਹੀ ਜਿਸ ਕਾਰਨ ਡੈਮਾਂ ਵਿੱਚ ਅਜੇ ਵੀ ਕਾਫ਼ੀ ਥਾਂ ਖਾਲੀ ਪਈ ਹੈ। ਭਾਖੜਾ ਰਿਜ਼ਰਵਾਇਰ ਦਾ ਪੱਧਰ ਪਿਛਲੇ ਸਾਲ ਦੇ ਮੁਕਾਬਲੇ 37.27 ਫੁੱਟ ਹੇਠਾਂ 1,634.22 ਫੁੱਟ ਉੱਤੇ ਹੈ ਅਤੇ ਇਹ 64 ਫ਼ੀਸਦੀ ਭਰਿਆ ਹੋਇਆ ਹੈ। ਇਸੇ ਤਰ੍ਹਾਂ ਪੌਂਗ ਡੈਮ ਦਾ ਪੱਧਰ ਵੀ ਪਿਛਲੇ ਸਾਲ ਨਾਲੋਂ 27.33 ਫੁੱਟ ਘੱਟ ਕੇ 1,365.67 ਫੁੱਟ ਰਹਿ ਗਿਆ ਹੈ, ਜਦਕਿ ਰਣਜੀਤ ਸਾਗਰ ਡੈਮ ਵਿੱਚ ਵੀ ਪਾਣੀ ਦਾ ਪੱਧਰ ਪਿਛਲੇ ਸਾਲ ਦੇ ਮੁਕਾਬਲੇ 12.27 ਮੀਟਰ ਘੱਟ ਦਰਜ ਕੀਤਾ ਗਿਆ ਹੈ। ਡੈਮਾਂ ਵਿੱਚ ਪਾਣੀ ਦੀ ਆਮਦ ਵਿੱਚ ਭਾਰੀ ਗਿਰਾਵਟ ਦੇਖਣ ਨੂੰ ਮਿਲੀ ਹੈ ਕਿਉਂਕਿ ਭਾਖੜਾ ਵਿੱਚ ਅੱਜ ਪਾਣੀ ਦੀ ਆਮਦ 30,452 ਕਿਊਸਿਕ ਰਹੀ, ਜੋ ਕਿ ਪਿਛਲੇ ਸਾਲ ਇਸ ਦਿਨ 58,997 ਕਿਊਸਕ ਸੀ। ਪੌਂਗ ਡੈਮ ਵਿੱਚ ਤਾਂ ਪਾਣੀ ਦੀ ਆਮਦ ਸਿਰਫ਼ 22,202 ਕਿਊਸਿਕ ਰਹੀ। ਇਸ ਤੋਂ ਇਲਾਵਾ ਰਾਵੀ ਦਰਿਆ 'ਤੇ ਬਣੇ ਰਣਜੀਤ ਸਾਗਰ ਡੈਮ ਵਿੱਚ ਵੀ ਪਾਣੀ ਦੀ ਆਮਦ ਸਿਰਫ਼ 7,073 ਕਿਊਸਿਕ ਹੀ ਦਰਜ ਕੀਤੀ ਗਈ ਹੈ। ਹਾਲਾਂਕਿ, ਭਾਖੜਾ ਬਿਆਸ ਮੈਨੇਜਮੈਂਟ ਬੋਰਡ (BBMB) ਦੇ ਸੂਤਰਾਂ ਦਾ ਕਹਿਣਾ ਹੈ ਕਿ ਭਾਈਵਾਲ ਰਾਜਾਂ ਦੀਆਂ ਮੰਗਾਂ ਲਈ ਪਾਣੀ ਦਾ ਮੌਜੂਦਾ ਪੱਧਰ ਤਸੱਲੀਬਖ਼ਸ਼ ਹੈ। ਪਿਛਲੇ ਇੱਕ ਦਹਾਕੇ ਤੋਂ ਭਾਖੜਾ ਡੈਮ ਦਾ ਪੱਧਰ ਕਦੇ ਵੀ 1550 ਫੁੱਟ ਤੋਂ ਹੇਠਾਂ ਨਹੀਂ ਗਿਆ। ਅਧਿਕਾਰੀਆਂ ਦਾ ਮੰਨਣਾ ਹੈ ਕਿ ਜੇਕਰ ਇਸ ਸਾਲ ਪਾਣੀ ਦਾ ਪੱਧਰ 1550 ਫੁੱਟ ਤੋਂ ਹੇਠਾਂ ਆਉਂਦਾ ਹੈ ਤਾਂ ਇਹ ਡੈਮ ਦੇ ਢਾਂਚੇ ਲਈ ਰਾਹਤ ਦੀ ਗੱਲ ਹੋਵੇਗੀ।

# ਪੰਜਾਬ: ਸਿੱਖ ਜਥੇਬੰਦੀਆਂ ਵੱਲੋਂ 'ਵੰਦੇ ਮਾਤਰਮ' ਲਾਜ਼ਮੀ ਕਰਨ 'ਤੇ ਇਤਰਾਜ਼

## ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦਖ਼ਲ ਦੀ ਕੀਤੀ ਮੰਗ



ਅੰਮ੍ਰਿਤਸਰ: ਪੰਥਕ ਜਥੇਬੰਦੀਆਂ ਅਤੇ ਸਿੱਖ ਸੰਸਥਾਵਾਂ ਨੇ ਸਕੂਲਾਂ, ਕਾਲਜਾਂ ਅਤੇ ਵਿਦਿਅਕ ਅਦਾਰਿਆਂ ਵਿੱਚ 'ਵੰਦੇ ਮਾਤਰਮ' ਗਾਉਣਾ ਲਾਜ਼ਮੀ ਬਣਾਉਣ ਦੇ ਸਰਕਾਰ ਦੇ ਫੈਸਲੇ 'ਤੇ ਸਖ਼ਤ ਇਤਰਾਜ਼ ਪ੍ਰਗਟਾਇਆ ਹੈ। ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਨੂੰ ਇੱਕ ਮੰਗ-ਪੱਤਰ ਸੌਂਪ ਕੇ ਇਸ ਮਾਮਲੇ ਵਿੱਚ ਦਖਲ ਦੇਣ ਦੀ ਅਪੀਲ ਕੀਤੀ ਹੈ। ਜਥੇਬੰਦੀਆਂ ਦੇ ਆਗੂਆਂ ਦਾ ਕਹਿਣਾ ਹੈ ਕਿ ਸਿੱਖ ਧਰਮ ਦੇ ਆਪਣੇ ਵੱਖਰੇ ਸਿਧਾਂਤ ਅਤੇ ਧਾਰਮਿਕ ਅਸੂਲ ਹਨ, ਜੋ ਇੱਕ ਪ੍ਰਮਾਤਮਾ ਦੀ ਇਬਾਦਤ 'ਤੇ ਜ਼ੋਰ ਦਿੰਦੇ ਹਨ। ਉਨ੍ਹਾਂ ਨੇ ਦੋਸ਼ ਲਾਇਆ ਕਿ 'ਵੰਦੇ ਮਾਤਰਮ' ਨੂੰ ਲਾਜ਼ਮੀ ਬਣਾਉਣ ਦਾ ਫੈਸਲਾ ਸਿੱਖ ਧਾਰਮਿਕ ਸਿਧਾਂਤਾਂ ਦੇ ਸਿੱਧੇ ਤੌਰ 'ਤੇ ਉਲਟ ਹੈ। ਉਨ੍ਹਾਂ ਨੇ ਇਸ ਨਿਯਮ ਦੀ ਪਾਲਣਾ ਨਾ ਕਰਨ 'ਤੇ ਸਜ਼ਾ ਅਤੇ ਜੁਰਮਾਨੇ ਦੀ ਵਿਵਸਥਾ 'ਤੇ ਵੀ ਚਿੰਤਾ ਪ੍ਰਗਟਾਈ ਹੈ। ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਇਸ ਗੰਭੀਰ ਮਸਲੇ ਦਾ ਨੋਟਿਸ ਲੈਣ ਤੇ ਸਮੁੱਚੀ ਸਿੱਖ ਕੌਮ ਨੂੰ ਇੱਕ ਪਲੇਟਫਾਰਮ ਤੇ ਲਿਆ ਕੇ ਇਸ ਦਾ ਵਿਰੋਧ ਕਰਨ। ਉਨ੍ਹਾਂ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧਰਮ ਦੀ ਰੱਖਿਆ ਲਈ ਆਪਣਾ ਸੀਸ ਕੁਰਬਾਨ ਕੀਤਾ ਸੀ ਤੇ ਅੱਜ ਵੀ ਸਾਨੂੰ ਆਪਣੇ ਮੌਲਿਕ ਧਾਰਮਿਕ ਅਧਿਕਾਰਾਂ ਦੀ ਰਾਖੀ ਲਈ ਉਸੇ ਤਰ੍ਹਾਂ ਦ੍ਰਿੜ੍ਹਤਾ ਨਾਲ ਖੜ੍ਹਨ ਦੀ ਲੋੜ ਹੈ।

# ਚਮਕੌਰ ਸਾਹਿਬ 'ਚ 'ਆਪ' ਦਾ ਨਵਾਂ ਦਾਅ

## ਜਸਵੀਰ ਸਿੰਘ ਗੜ੍ਹੀ ਹਲਕਾ ਇੰਚਾਰਜ ਨਿਯੁਕਤ



2027 ਦੀਆਂ ਵਿਧਾਨ ਸਭਾ ਚੋਣਾਂ ਸਬੰਧੀ ਆਮ ਆਦਮੀ ਪਾਰਟੀ ਨੇ ਹੁਣੇ ਤੋਂ ਹੀ ਤਿਆਰੀ ਸ਼ੁਰੂ ਕਰ ਦਿੱਤੀ ਹੈ। 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਵੱਲੋਂ ਪੰਜਾਬ ਰਾਜ ਐੱਸ ਸੀ/ਐੱਸ ਟੀ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੂੰ ਚਮਕੌਰ ਸਾਹਿਬ ਹਲਕੇ ਦਾ ਨਵਾਂ ਇੰਚਾਰਜ ਨਿਯੁਕਤ ਕਰਨ ਨਾਲ ਸਿਆਸੀ ਹਲਕਿਆਂ ਵਿੱਚ ਚਰਚਾ ਤੇਜ਼ ਹੋ ਗਈ ਹੈ। ਇਸ ਨਿਯੁਕਤੀ ਨੂੰ ਮੌਜੂਦਾ ਵਿਧਾਇਕ ਡਾ. ਚਰਨਜੀਤ ਸਿੰਘ ਦੇ ਸਿਆਸੀ ਭਵਿੱਖ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਡਾ. ਚਰਨਜੀਤ ਸਿੰਘ ਨੇ ਕਾਂਗਰਸ ਆਗੂ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਹਰਾ ਕੇ ਵੱਡੀ ਜਿੱਤ ਹਾਸਲ ਕੀਤੀ ਸੀ। ਹਾਲਾਂਕਿ ਇਸ ਤੋਂ ਬਾਅਦ ਹੋਈਆਂ ਸਥਾਨਕ ਚੋਣਾਂ ਵਿੱਚ 'ਆਪ' ਦਾ ਪ੍ਰਦਰਸ਼ਨ ਉਮੀਦ ਮੁਤਾਬਕ ਚੰਗਾ ਨਹੀਂ ਰਿਹਾ। ਚਮਕੌਰ ਸਾਹਿਬ ਅਤੇ ਮੋਰਿੰਡਾ ਨਗਰ ਕੌਂਸਲ ਸਮੇਤ ਹੋਰ ਸਥਾਨਕ ਚੋਣਾਂ ਵਿੱਚ ਪਾਰਟੀ ਨੂੰ ਮਿਲੀਆਂ ਨਾਕਾਮੀਆਂ ਨੇ ਵੀ ਪਾਰਟੀ ਦੀ ਸਥਾਨਕ ਲੀਡਰਸ਼ਿਪ ਉੱਤੇ ਸਵਾਲ ਖੜ੍ਹੇ ਕੀਤੇ ਹਨ। ਦੂਜੇ ਪਾਸੇ ਜਸਵੀਰ ਸਿੰਘ ਗੜ੍ਹੀ ਲੰਮੇ ਸਮੇਂ ਤੱਕ ਬਹੁਜਨ ਸਮਾਜ ਪਾਰਟੀ ਨਾਲ ਜੁੜੇ ਰਹੇ ਹਨ ਅਤੇ ਪੰਜਾਬ ਦੀ ਦਲਿਤ ਸਿਆਸਤ ਵਿੱਚ ਆਪਣੀ ਪਛਾਣ ਬਣਾਈ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਉਨ੍ਹਾਂ ਨੇ ਸ੍ਰੀ ਆਨੰਦਪੁਰ ਸਾਹਿਬ ਹਲਕੇ ਤੋਂ ਬਸਪਾ ਉਮੀਦਵਾਰ ਵਜੋਂ ਚੋਣ ਲੜੀ ਸੀ। 'ਆਪ' ਵਿੱਚ ਆਉਣ ਤੋਂ ਬਾਅਦ ਉਨ੍ਹਾਂ ਨੂੰ ਐੱਸ ਸੀ/ਐੱਸ ਟੀ ਕਮਿਸ਼ਨ ਦਾ ਚੇਅਰਮੈਨ ਬਣਾਇਆ ਗਿਆ ਅਤੇ ਹੁਣ ਚਮਕੌਰ ਸਾਹਿਬ ਦਾ ਹਲਕਾ ਇੰਚਾਰਜ ਬਣਾਉਣਾ ਉਨ੍ਹਾਂ ਦੇ ਵਧਦੇ ਸਿਆਸੀ ਕੱਦ ਵੱਲ ਇਸ਼ਾਰਾ ਕਰਦਾ ਹੈ। ਚਮਕੌਰ ਸਾਹਿਬ ਨੂੰ ਸਾਬਕਾ ਮੁੱਖ ਮੰਤਰੀ ਅਤੇ ਮੌਜੂਦਾ ਲੋਕ ਸਭਾ ਮੈਂਬਰ ਚਰਨਜੀਤ ਸਿੰਘ ਚੰਨੀ ਦਾ ਮਜ਼ਬੂਤ ਗੜ੍ਹ ਮੰਨਿਆ ਜਾਂਦਾ ਹੈ।

ਅਜਿਹੇ ਵਿੱਚ 'ਆਪ' ਵੱਲੋਂ ਗੜ੍ਹੀ ਨੂੰ ਮੈਦਾਨ ਵਿੱਚ ਉਤਾਰਨਾ 2027 ਵਿੱਚ ਚੰਨੀ ਦੇ ਪ੍ਰਭਾਵ ਨੂੰ ਚੁਣੌਤੀ ਦੇਣ ਦੀ ਰਣਨੀਤੀ ਵਜੋਂ ਦੇਖਿਆ ਜਾ ਰਿਹਾ ਹੈ। ਹਾਲਾਂਕਿ ਪਾਰਟੀ ਨੇ ਡਾ. ਚਰਨਜੀਤ ਸਿੰਘ ਦੀ ਟਿਕਟ ਕੱਟਣ ਸਬੰਧੀ ਕੋਈ ਅਧਿਕਾਰਤ ਐਲਾਨ ਨਹੀਂ ਕੀਤਾ ਪਰ ਗੜ੍ਹੀ ਦੀ ਨਿਯੁਕਤੀ ਨੇ ਇਹ ਸਵਾਲ ਜ਼ਰੂਰ ਖੜ੍ਹਾ ਕਰ ਦਿੱਤਾ ਹੈ ਕਿ ਕੀ 2027 ਵਿੱਚ ਚਮਕੌਰ ਸਾਹਿਬ ਤੋਂ 'ਆਪ' ਨਵਾਂ ਚਿਹਰਾ ਉਤਾਰਨ ਦੀ ਤਿਆਰੀ ਕਰ ਰਹੀ ਹੈ? ਜਦੋਂ ਇਸ ਨਵੀਂ ਨਿਯੁਕਤੀ ਸਬੰਧੀ ਆਪ ਦੇ ਹਲਕਾ ਸੰਗਠਨ ਇੰਚਾਰਜ ਅਤੇ ਮਾਰਕੀਟ ਕਮੇਟੀ ਦੇ ਚੇਅਰਮੈਨ ਅਮਨਦੀਪ ਸਿੰਘ ਮਾਂਗਟ ਨਾਲ ਗੱਲ ਕੀਤੀ ਤਾਂ ਉਨ੍ਹਾ ਕਿਹਾ ਕਿ ਉਹ ਤੇ ਵਰਕਰ ਪਾਰਟੀ ਨਾਲ ਹਨ। ਪਾਰਟੀ ਜੋ ਵੀ ਫੈਸਲਾ ਲੈਂਦੀ ਹੈ, ਉਹ ਉਸ ਨਾਲ ਹਨ।

# ਕਵੇਟਾ 'ਚ ਇਤਿਹਾਸਕ ਗੁਰਦੁਆਰੇ ਦੀ ਇਮਾਰਤ ਢਾਹ ਕੇ ਬਣਾਇਆ ਸ਼ਾਪਿੰਗ ਪਲਾਜ਼ਾ



ਨਵੀਂ ਦਿੱਲੀ: ਪਾਕਿਸਤਾਨ ਦੇ ਕਵੇਟਾ, ਬਲੋਚਿਸਤਾਨ 'ਚ ਸਥਿਤ ਇਤਿਹਾਸਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੀ ਇਮਾਰਤ ਢਾਹੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਸਾਬਕਾ ਸੰਸਦ ਮੈਂਬਰ ਤਰਲੋਚਨ ਸਿੰਘ ਨੇ ਇਸ ਸਬੰਧੀ ਭਾਰਤ 'ਚ ਪਾਕਿਸਤਾਨ ਦੇ ਹਾਈ ਕਮਿਸ਼ਨਰ ਨੂੰ ਪੱਤਰ ਲਿਖ ਕੇ ਮਾਮਲੇ ਵਿਚ ਦਖ਼ਲ ਦੇਣ ਦੀ ਅਪੀਲ ਕੀਤੀ ਹੈ।

ਤਰਲੋਚਨ ਸਿੰਘ ਨੇ ਅਪਣੇ ਪੱਤਰ ਵਿਚ ਕਿਹਾ ਹੈ ਕਿ ਪਾਕਿਸਤਾਨ ਵਿਚ ਕਈ ਬੰਦ ਪਏ ਇਤਿਹਾਸਕ ਸਿੱਖ ਗੁਰਦੁਆਰਿਆਂ ਦੀ ਮੁਰੰਮਤ ਕਰਵਾਏ ਜਾਣ ਦਾ ਉਹ ਸਵਾਗਤ ਕਰਦੇ ਹਨ ਪਰ ਕਵੇਟਾ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੀ ਇਮਾਰਤ ਨੂੰ ਹਾਲ ਹੀ ਵਿਚ ਢਾਹ ਦਿਤੇ ਜਾਣ 'ਤੇ ਚਿੰਤਾ ਹੈ। ਪੱਤਰ ਮੁਤਾਬਕ ਇਹ ਗੁਰਦੁਆਰਾ ਸਾਲ 1930 ਵਿਚ ਬਣਾਇਆ ਗਿਆ ਸੀ। ਵੰਡ ਤੋਂ ਬਾਅਦ ਇਸ ਇਮਾਰਤ ਦੀ ਵਰਤੋਂ ਇਸਾਈ ਭਾਈਚਾਰੇ ਵਲੋਂ ਕੀਤੀ ਜਾਂਦੀ ਰਹੀ ਅਤੇ 1953 ਤੋਂ ਇੱਥੇ ਸੇਂਟ ਗੈਬਰੀਅਲਜ਼ ਪ੍ਰਾਇਮਰੀ ਸਕੂਲ ਚੱਲ ਰਿਹਾ ਸੀ। ਹੁਣ ਇਮਾਰਤ ਨੂੰ ਢਾਹ ਦਿਤੇ ਜਾਣ ਤੋਂ ਬਾਅਦ ਇੱਥੇ ਕਥਿਤ ਤੌਰ 'ਤੇ ਵਪਾਰਕ ਇਮਾਰਤ ਜਾਂ ਸ਼ਾਪਿੰਗ ਪਲਾਜ਼ਾ ਬਣਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਤਰਲੋਚਨ ਸਿੰਘ ਨੇ ਕਿਹਾ ਕਿ ਕਵੇਟਾ ਅਤੇ ਬਲੋਚਿਸਤਾਨ 'ਚ ਵੱਡੀ ਗਿਣਤੀ ਵਿਚ ਸਿੱਖ, ਖ਼ਾਸ ਕਰ ਕੇ ਨਾਨਕਪੰਥੀ ਸਿੱਖ, ਰਹਿੰਦੇ ਹਨ। ਉਨ੍ਹਾਂ ਦੀ ਧਾਰਮਕ ਲੋੜ ਨੂੰ ਦੇਖਦਿਆਂ ਕਵੇਟਾ 'ਚ ਗੁਰਦੁਆਰੇ ਲਈ ਥਾਂ ਮੁਹਈਆ ਕਰਵਾਉਣਾ ਜ਼ਰੂਰੀ ਹੈ। ਉਨ੍ਹਾਂ ਪਾਕਿਸਤਾਨ ਦੇ ਹਾਈ ਕਮਿਸ਼ਨਰ ਨੂੰ ਅਪੀਲ ਕੀਤੀ ਕਿ ਉਹ ਬਲੋਚਿਸਤਾਨ ਸਰਕਾਰ ਰਾਹੀਂ ਸਥਾਨਕ ਸਿੱਖ ਭਾਈਚਾਰੇ ਦੀ ਮਦਦ ਕਰਨ ਅਤੇ ਉਨ੍ਹਾਂ ਲਈ ਇਕ ਛੋਟੇ ਆਕਾਰ ਦਾ ਗੁਰਦੁਆਰਾ ਬਣਾਉਣ ਦੀ ਵਿਵਸਥਾ ਕਰਵਾਉਣ ਤਾਂ ਜੋ ਕਵੇਟਾ ਦੇ ਸਿੱਖਾਂ ਨੂੰ ਅਪਣੀ ਧਾਰਮਕ ਆਸਥਾ ਅਨੁਸਾਰ ਪੂਜਾ-ਅਰਾਧਨਾ ਲਈ ਥਾਂ ਮਿਲ ਸਕੇ। ਤਰਲੋਚਨ ਸਿੰਘ ਨੇ ਉਮੀਦ ਜਤਾਈ ਕਿ ਪਾਕਿਸਤਾਨ ਸਰਕਾਰ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਕਵੇਟਾ ਦੇ ਸਿੱਖ ਭਾਈਚਾਰੇ ਦੀਆਂ ਧਾਰਮਕ ਭਾਵਨਾਵਾਂ ਅਤੇ ਲੋੜਾਂ ਦਾ ਸਨਮਾਨ ਕਰੇਗੀ।

# ਅਲਜੀਰੀਆ 'ਚ ਜੰਗਲ ਦੀ ਭਿਆਨਕ ਅੱਗ:

## ਹੁਣ ਤੱਕ 12 ਲੋਕਾਂ ਦੀ ਹੋਈ ਮੌਤ



ਉੱਤਰ-ਪੂਰਬੀ ਅਲਜੀਰੀਆ ਵਿੱਚ ਭਿਆਨਕ ਜੰਗਲੀ ਅੱਗ ਨੇ ਭਾਰੀ ਤਬਾਹੀ ਮਚਾਈ ਹੈ। ਪ੍ਰਸ਼ਾਸਨ ਅਨੁਸਾਰ, ਇਸ ਅੱਗ ਕਾਰਨ 12 ਲੋਕਾਂ ਦੀ ਮੌਤ ਹੋ ਗਈ ਹੈ। ਇਸ ਦੌਰਾਨ, ਰਾਸ਼ਟਰਪਤੀ ਅਬਦੇਲਮਾਜਿਦ ਤੇਬੂਨ ਦੇ ਨਿਰਦੇਸ਼ਾਂ 'ਤੇ ਅਮਲ ਕਰਦਿਆਂ, ਗ੍ਰਹਿ ਮੰਤਰੀ ਸੈਦ ਸਯੂਦ ਨੇ ਵੀਰਵਾਰ ਨੂੰ ਬੇਜਾਇਆ (Béjaïa) ਅਤੇ ਜਿਜੇਲ (Jijel) ਸੂਬਿਆਂ ਦਾ ਦੌਰਾ ਕੀਤਾ। ਉਨ੍ਹਾਂ ਨੇ ਹਸਪਤਾਲ ਵਿੱਚ ਜ਼ਖਮੀਆਂ ਨਾਲ ਮੁਲਾਕਾਤ ਕੀਤੀ ਅਤੇ ਬਚਾਅ ਕਾਰਜਾਂ ਦਾ ਜਾਇਜ਼ਾ ਲਿਆ ਹੈ।

ਅਲਜੀਰੀਆ ਦੇ ਗ੍ਰਹਿ ਮੰਤਰੀ ਸੈਦ ਸਯੂਦ ਨੇ ਦੱਸਿਆ ਕਿ ਮਰਨ ਵਾਲਿਆਂ ਵਿੱਚ ਜਿਜੇਲ ਸੂਬੇ ਦੇ ਪੰਜ, ਬੇਜਾਇਆ ਦੇ ਚਾਰ ਅਤੇ ਤਿਜ਼ੀ ਓਜ਼ੂ ਦੇ ਤਿੰਨ ਲੋਕ ਸ਼ਾਮਿਲ ਹਨ। ਉਨ੍ਹਾਂ ਨੇ ਸੜਨ ਅਤੇ ਧੂੰਏਂ ਕਾਰਨ ਪ੍ਰਭਾਵਿਤ ਹੋਏ ਲੋਕਾਂ ਦੇ ਇਲਾਜ ਦਾ ਜਾਇਜ਼ਾ ਲੈਣ ਲਈ ਬੇਜਾਇਆ ਦੇ ਕਸਬੇ 'ਸੂਕ ਏਲ ਤੇਨੀਨ' (Souk El Tenine) ਵਿੱਚ ਇੱਕ ਹਸਪਤਾਲ ਦਾ ਦੌਰਾ ਕੀਤਾ।

ਅਧਿਕਾਰੀਆਂ ਅਨੁਸਾਰ, ਬੁੱਧਵਾਰ ਨੂੰ ਦੇਸ਼ ਭਰ ਵਿੱਚ ਅੱਗ ਲੱਗਣ ਦੀਆਂ 159 ਘਟਨਾਵਾਂ ਦਰਜ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚੋਂ 36 ਘਟਨਾਵਾਂ ਸਿਰਫ਼ ਬੇਜਾਇਆ (Bejaia) ਸੂਬੇ ਵਿੱਚ ਵਾਪਰੀਆਂ; 18 ਥਾਵਾਂ 'ਤੇ ਅੱਗ 'ਤੇ ਕਾਬੂ ਪਾ ਲਿਆ ਗਿਆ ਹੈ, ਹਾਲਾਂਕਿ ਸੂਬੇ ਵਿੱਚ ਅਜੇ ਵੀ 18 ਥਾਵਾਂ 'ਤੇ ਅੱਗ ਲੱਗੀ ਹੋਈ ਹੈ। ਗੁਆਂਢੀ ਸੂਬੇ ਜਿਜੇਲ (Jijel) ਦੀਆਂ 12 ਨਗਰਪਾਲਿਕਾਵਾਂ ਵਿੱਚ ਵੀ ਅੱਗ ਬੁਝਾਉਣ ਦੇ ਕਾਰਜ ਜਾਰੀ ਹਨ।

ਅਲਜੀਰੀਆ ਦੇ ਅਧਿਕਾਰੀਆਂ ਨੇ ਦੱਸਿਆ ਹੈ ਕਿ ਸਕਿਕਦਾ, ਅਲ ਤਾਰਫ, ਬੁਈਰਾ, ਤਿਜ਼ੀ ਓਜ਼ੂ ਅਤੇ ਤੇਬੇਸਾ ਸੂਬਿਆਂ ਵਿੱਚ ਲੱਗੀ ਅੱਗ 'ਤੇ ਕਾਬੂ ਪਾ ਲਿਆ ਗਿਆ ਹੈ। ਪ੍ਰਭਾਵਿਤ ਇਲਾਕਿਆਂ ਦੇ ਕਈ ਪਰਿਵਾਰਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ। ਇਨ੍ਹਾਂ ਜੰਗਲੀ ਅੱਗਾਂ ਦੇ ਵਿਚਕਾਰ, ਅਲਜੀਰੀਆ ਅਤੇ ਗੁਆਂਢੀ ਦੇਸ਼ ਟਿਊਨੀਸ਼ੀਆ ਭਿਆਨਕ ਗਰਮੀ ਦੀ ਲਹਿਰ ਦਾ ਸਾਹਮਣਾ ਕਰ ਰਹੇ ਹਨ। ਅਧਿਕਾਰੀਆਂ ਅਨੁਸਾਰ, ਬਹੁਤ ਜ਼ਿਆਦਾ ਤਾਪਮਾਨ ਕਾਰਨ ਅੱਗ ਦੇ ਫੈਲਣ ਦਾ ਖਤਰਾ ਵਧ ਗਿਆ ਹੈ। ਰਾਸ਼ਟਰਪਤੀ ਅਬਦੇਲਮਾਜਿਦ ਤੇਬੂਨ ਦੇ ਨਿਰਦੇਸ਼ਾਂ 'ਤੇ, ਸਯੂਦ ਨੇ ਸਿਹਤ ਮੰਤਰੀ ਮੁਹੰਮਦ ਸੈਦਿਕ ਏਤ ਮੇਸਾਉਦੇਨ ਦੇ ਨਾਲ ਬੇਜਾਇਆ ਅਤੇ ਜਿਜੇਲ ਦਾ ਦੌਰਾ ਕੀਤਾ, ਤਾਂ ਜੋ ਅੱਗ ਬੁਝਾਉਣ ਦੇ ਕਾਰਜਾਂ ਦੀ ਨਿਗਰਾਨੀ ਕੀਤੀ ਜਾ ਸਕੇ ਅਤੇ ਜ਼ਖਮੀਆਂ ਦੀ ਹਾਲਤ ਬਾਰੇ ਜਾਣਕਾਰੀ ਲਈ ਜਾ ਸਕੇ।















# ਮਨੀਪੁਰ ਦੇ ਕਾਂਗਪੋਕਪੀ ਵਿੱਚ ਅਤਿਵਾਦੀਆਂ ਵੱਲੋਂ ਵੱਡਾ ਹਮਲਾ; 4 ਦੀ ਮੌਤ, 1 ਲਾਪਤਾ



ਉਗਰਵਾਦੀਆਂ ਨੇ ਮਨੀਪੁਰ ਦੇ ਕਾਂਗਪੋਕਪੀ ਜ਼ਿਲ੍ਹੇ ਵਿੱਚ ਇੱਕ ਗੱਡੀ 'ਤੇ ਘਾਤ ਲਗਾ ਕੇ ਹਮਲਾ ਕੀਤਾ ਹੈ। ਅਧਿਕਾਰੀਆਂ ਅਨੁਸਾਰ, ਇਸ ਹਮਲੇ ਵਿੱਚ ਚਾਰ ਲੋਕ ਮਾਰੇ ਗਏ, ਜਦੋਂਕਿ ਇੱਕ ਵਿਅਕਤੀ ਦੇ ਲਾਪਤਾ ਹੋਣ ਦੀ ਖ਼ਬਰ ਹੈ। ਕੁਝ ਮਹੀਨੇ ਪਹਿਲਾਂ, ਮਨੀਪੁਰ ਦੇ ਕਾਂਗਪੋਕਪੀ ਜ਼ਿਲ੍ਹੇ ਵਿੱਚ ਲੋਇਬੋਲ ਖੁਲੇਨ ਪਿੰਡ 'ਤੇ ਅਤਿਵਾਦੀਆਂ ਵੱਲੋਂ ਕੀਤੇ ਗਏ ਹਮਲੇ ਵਿੱਚ ਤਿੰਨ ਲੋਕ ਮਾਰੇ ਗਏ ਸਨ ਅਤੇ ਸੱਤ ਘਰ ਸੜ ਕੇ ਸੁਆਹ ਹੋ ਗਏ ਸਨ। ਕੁਕੀ ਭਾਈਚਾਰੇ ਦੀ ਨੁਮਾਇੰਦਗੀ ਕਰਨ ਵਾਲੀ ਮੁੱਖ ਸੰਸਥਾ 'ਕੇ.ਆਈ.ਐੱਮ.' (KIM) ਅਨੁਸਾਰ, NSCN-IM ਅਤੇ ਇਸ ਦੀ ਸਹਿਯੋਗੀ ਜਥੇਬੰਦੀ ZUF (K) ਦੇ ਭਾਰੀ ਹਥਿਆਰਾਂ ਨਾਲ ਲੈਸ ਮੈਂਬਰਾਂ ਨੇ ਇਸ ਪਿੰਡ 'ਤੇ ਹਮਲਾ ਕੀਤਾ ਸੀ। ਮਨੀਪੁਰ ਦੀ ਇੰਫਾਲ ਘਾਟੀ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਜਬਰੀ ਵਸੂਲੀ, ਡਰਾਉਣ-ਧਮਕਾਉਣ ਅਤੇ ਅਗਵਾ ਕਰਨ ਦੀਆਂ ਘਟਨਾਵਾਂ ਵਿੱਚ ਕਥਿਤ ਤੌਰ 'ਤੇ ਸ਼ਾਮਿਲ ਪੰਜ ਅਤਿਵਾਦੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੇ ਨਾਲ ਇੱਕ ਨਾਬਾਲਗ ਨੂੰ ਵੀ ਹਿਰਾਸਤ ਵਿੱਚ ਲਿਆ ਗਿਆ ਹੈ। ਪੁਲਿਸ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ।

ਪੁਲਿਸ ਅਨੁਸਾਰ, ਪਾਬੰਦੀਸ਼ੁਦਾ ਜਥੇਬੰਦੀ 'ਯੂਨਾਈਟਿਡ ਪੀਪਲਜ਼ ਪਾਰਟੀ ਆਫ਼ ਕਾਂਗਲੀਪਾਕ' (UPPK) ਨਾਲ ਜੁੜੇ ਇਨ੍ਹਾਂ ਅਤਿਵਾਦੀਆਂ ਨੂੰ ਮੰਗਲਵਾਰ ਨੂੰ ਬਿਸ਼ਨੂਪੁਰ, ਪੂਰਬੀ ਇੰਫਾਲ ਅਤੇ ਪੱਛਮੀ ਇੰਫਾਲ ਜ਼ਿਲ੍ਹਿਆਂ ਦੇ ਵੱਖ-ਵੱਖ ਇਲਾਕਿਆਂ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿੱਚ 51 ਸਾਲਾ ਪੀ. ਕੋਇਰੇਂਗ ਸਿੰਘ ਵੀ ਸ਼ਾਮਿਲ ਹੈ, ਜਿਸ ਨੂੰ ਪੱਛਮੀ ਇੰਫਾਲ ਜ਼ਿਲ੍ਹੇ ਦੇ ਕੋਇਰੇਂਗੀ ਫੋਰੈਸਟ ਗੇਟ ਤੋਂ ਕਾਬੂ ਕੀਤਾ ਗਿਆ ਸੀ। ਸਿੰਘ ਰਾਜ ਦੇ ਜੰਗਲਾਤ ਵਿਭਾਗ ਵਿੱਚ ਮਾਲੀ ਵਜੋਂ ਕੰਮ ਕਰਦਾ ਹੈ।

ਪੁਲਿਸ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਕੋਲੋਂ ਕੁੱਲ 23 UPPK ਲੈਟਰਹੈੱਡ ਬਰਾਮਦ ਕੀਤੇ ਗਏ ਹਨ। ਪੁੱਛਗਿੱਛ ਦੌਰਾਨ, ਮੁਲਜ਼ਮਾਂ ਨੇ ਅਗਵਾ, ਫਿਰੌਤੀ ਅਤੇ ਡਰਾਉਣ-ਧਮਕਾਉਣ ਦੀਆਂ ਘਟਨਾਵਾਂ ਵਿੱਚ ਆਪਣੀ ਸ਼ਮੂਲੀਅਤ ਕਬੂਲ ਕੀਤੀ। ਇਸ ਦੌਰਾਨ, ਸੁਰੱਖਿਆ ਬਲਾਂ ਨੇ ਟਾਫੋਊ ਕੁਕੀ (ਕਾਂਗਪੋਕਪੀ ਜ਼ਿਲ੍ਹਾ) ਅਤੇ ਨਾਲ ਲੱਗਦੇ ਟਾਫੋਊ ਲਿਆਂਗਮਾਈ (ਸੇਨਾਪਤੀ ਜ਼ਿਲ੍ਹਾ) ਵਿੱਚ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਚਲਾ ਕੇ ਵੱਡੀ ਮਾਤਰਾ ਵਿੱਚ ਹਥਿਆਰ ਅਤੇ ਗੋਲਾ-ਬਾਰੂਦ ਬਰਾਮਦ ਕੀਤਾ ਹੈ। ਅਧਿਕਾਰੀਆਂ ਅਨੁਸਾਰ, ਤਲਾਸ਼ੀ ਦੌਰਾਨ ਦੋ ਸ਼ਭਭਲ਼ ਬੰਦੂਕਾਂ, 12-ਬੋਰ ਦੇ 78 ਕਾਰਤੂਸ ਅਤੇ AK-47 ਤੇ .22 ਕੈਲੀਬਰ ਦੇ ਅਸਲੇ ਦੇ ਖਾਲੀ ਖੋਲ ਬਰਾਮਦ ਕੀਤੇ ਗਏ। ਮਨੀਪੁਰ ਪੁਲਿਸ ਅਤੇ ਸੈਂਟਰਲ ਰਿਜ਼ਰਵ ਪੁਲਿਸ ਫੋਰਸ (CRPF) ਦੀ ਇੱਕ ਸਾਂਝੀ ਟੀਮ ਨੇ ਮੰਗਲਵਾਰ ਨੂੰ ਇਹ ਮੁਹਿੰਮ ਚਲਾਈ। ਇਸ ਮੁਹਿੰਮ ਦੌਰਾਨ ਟਾਫੋ ਕੁਕੀ (Tafou Kuki) ਵਿੱਚ ਦੋ ਅਤੇ ਟਾਫੋ ਲਿਆਂਗਮਾਈ (Tafou Liangmai) ਵਿੱਚ ਇੱਕ ਬੰਕਰ ਨੂੰ ਵੀ ਨਸ਼ਟ ਕਰ ਦਿੱਤਾ ਗਿਆ ਹੈ।

# ਨੇਪਾਲ ਨੂੰ ਕਰਨਾ ਪੈ ਸਕਦਾ ਹੈ ਇੱਕ ਹੋਰ 'ਮਹਾਂ-ਹੜ੍ਹ' ਦਾ ਸਾਹਮਣਾ, ਵਿਗਿਆਨੀਆਂ ਨੇ ਜਾਰੀ ਕੀਤੀ ਚੇਤਾਵਨੀ



ਵਿਗਿਆਨੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਨੇਪਾਲ-ਚੀਨ ਸਰਹੱਦ ਨੇੜੇ ਉੱਚਾਈ ਵਾਲੇ ਇਲਾਕਿਆਂ ਵਿੱਚ ਇੱਕ ਰੁਕਾਵਟ ਬਣੀ ਹੋਈ ਹੈ, ਜਿਸ ਕਾਰਨ ਇੱਕ ਹੋਰ ਭਾਰੀ ਹੜ੍ਹ ਆ ਸਕਦਾ ਹੈ। ਇਹ ਚੇਤਾਵਨੀ 'ਇੰਟਰਨੈਸ਼ਨਲ ਸੈਂਟਰ ਫਾਰ ਇੰਟੀਗ੍ਰੇਟਿਡ ਮਾਉਂਟੇਨ ਡਿਵੈਲਪਮੈਂਟ' (ICIMOD) ਵੱਲੋਂ ਜਾਰੀ ਕੀਤੀ ਗਈ ਹੈ। ਕਾਠਮੰਡੂ ਸਥਿਤ ਇਹ ਅੰਤਰ-ਸਰਕਾਰੀ ਸੰਸਥਾ ਹਿੰਦੂ ਕੁਸ਼-ਹਿਮਾਲਿਆ ਖੇਤਰ ਦੇ ਅੱਠ ਦੇਸ਼ਾਂ—ਭਾਰਤ, ਨੇਪਾਲ, ਭੂਟਾਨ, ਚੀਨ, ਪਾਕਿਸਤਾਨ, ਬੰਗਲਾਦੇਸ਼, ਮਿਆਂਮਾਰ ਅਤੇ ਅਫਗਾਨਿਸਤਾਨ—ਲਈ ਕੰਮ ਕਰਦੀ ਹੈ। ਇੱਕ ਵਿਸਤ੍ਰਿਤ ਬਿਆਨ ਵਿੱਚ, ਸੰਸਥਾ ਨੇ ਐਲਾਨ ਕੀਤਾ ਕਿ ਅਧਿਕਾਰੀ ਅਤੇ ਵਿਗਿਆਨੀ 26 ਅਗਸਤ ਨੂੰ ਆਏ ਅਚਾਨਕ ਹੜ੍ਹਾਂ ਦੇ ਕਾਰਨਾਂ ਦੀ ਜਾਂਚ ਕਰਨ ਲਈ ਨਿਕਲੇ ਹਨ, ਜਿਸ ਦਾ ਮਕਸਦ ਇਸ ਤਬਾਹੀ ਦੇ ਮੂਲ ਕਾਰਨ ਨੂੰ ਸਮਝਣਾ ਅਤੇ ਇਹ ਪਤਾ ਲਗਾਉਣਾ ਹੈ ਕਿ ਕੀ ਹੋਰ ਖ਼ਤਰਾ ਮੌਜੂਦ ਹੈ।

ਵਿਗਿਆਨੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਭੋਟੇ ਕੋਸ਼ੀ ਅਤੇ ਤ੍ਰਿਸ਼ੂਲੀ ਦਰਿਆ ਪ੍ਰਣਾਲੀਆਂ ਦੇ ਨਾਲ ਵਸੇ ਭਾਈਚਾਰਿਆਂ ਲਈ ਖਤਰਾ ਸ਼ਾਇਦ ਅਜੇ ਟਲਿਆ ਨਹੀਂ ਹੈ। ਸੰਭਾਵੀ ਦੂਜੇ ਹੜ੍ਹ ਬਾਰੇ ICIMOD ਦੀ ਚੇਤਾਵਨੀ ਨੇ ਹਿਮਾਲਿਆ ਦੀਆਂ ਸਭ ਤੋਂ ਵੱਧ ਸੰਵੇਦਨਸ਼ੀਲ ਪਹਾੜੀ ਘਾਟੀਆਂ ਵਿੱਚੋਂ ਇੱਕ ਵਿੱਚ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਅਤੇ ਲਗਾਤਾਰ ਨਿਗਰਾਨੀ ਰੱਖਣ ਦੇ ਯਤਨਾਂ ਨੂੰ ਹੋਰ ਵੀ ਅਹਿਮ ਬਣਾ ਦਿੱਤਾ ਹੈ।

ICIMOD ਵੱਲੋਂ ਸਭ ਤੋਂ ਗੰਭੀਰ ਚੇਤਾਵਨੀ ਸੰਸਥਾ ਦੇ 'ਜਲਵਾਯੂ ਅਤੇ ਵਾਤਾਵਰਣਕ ਜੋਖਮ' (Climate and Environmental Risks) ਵਿਭਾਗ ਦੇ ਮੁਖੀ, ਚਿਆਂਗਗੋਂਗ ਝਾਂਗ (Qianggong Zhang) ਵੱਲੋਂ ਦਿੱਤੀ ਗਈ ਹੈ। ਝਾਂਗ ਨੇ ਕਿਹਾ, "ਰਸੁਵਾ (Rasuwa) ਦਾ ਉਹ ਇਲਾਕਾ ਜੋ ਪਿਛਲੇ ਸਾਲ ਹੜ੍ਹਾਂ ਕਾਰਨ ਤਬਾਹ ਹੋ ਗਿਆ ਸੀ, ਇੱਕ ਵਾਰ ਫਿਰ ਖ਼ਤਰੇ ਦੀ ਜ਼ੱਦ ਵਿੱਚ ਹੈ। ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਅਜਿਹਾ ਲੇਂਡੇ ਖੋਲਾ (Lende Khola) ਵਿੱਚ ਬਰਫ਼ ਦੇ ਤੋਦੇ ਡਿੱਗਣ (ice avalanche) ਕਾਰਨ ਹੋਇਆ ਹੈ, ਹਾਲਾਂਕਿ ਇਸ ਦੇ ਸਹੀ ਕਾਰਨ ਦੀ ਅਜੇ ਪੁਸ਼ਟੀ ਨਹੀਂ ਹੋਈ ਹੈ।" ਨੇਪਾਲ-ਚੀਨ ਸਰਹੱਦ 'ਤੇ ਉੱਪਰਲੇ ਇਲਾਕੇ ਵਿੱਚ ਰੁਕਾਵਟਾਂ ਬਣੀਆਂ ਹੋਈਆਂ ਹਨ; ਇਸ ਲਈ, ਅਧਿਕਾਰੀਆਂ ਨੇ ਦੂਜੀ ਵਾਰ ਹੜ੍ਹ ਆਉਣ ਦੇ ਖਤਰੇ ਬਾਰੇ ਚੇਤਾਵਨੀ ਦਿੱਤੀ ਹੈ।

ਇਹ ਚੇਤਾਵਨੀ ਖਾਸ ਤੌਰ 'ਤੇ ਚਿੰਤਾਜਨਕ ਹੈ ਕਿਉਂਕਿ ਪ੍ਰਭਾਵਿਤ ਖੇਤਰ ਨੂੰ ਪਿਛਲੇ ਸਾਲ ਵੀ ਅਜਿਹੀ ਹੀ ਤਬਾਹੀ ਦਾ ਸਾਹਮਣਾ ਕਰਨਾ ਪਿਆ ਸੀ। ICIMOD ਦੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਬੇਸਿਨ ਦਾ ਉਹੀ ਹਿੱਸਾ—ਜਿੱਥੇ 2024 ਵਿੱਚ ਭਾਰੀ ਹੜ੍ਹ ਆਏ ਸਨ—ਇੱਕ ਵਾਰ ਫਿਰ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਨੁਵਾਕੋਟ ਅਤੇ ਧਾਡਿੰਗ ਜ਼ਿਲ੍ਹਿਆਂ ਵਿੱਚ ਹੇਠਲੇ ਪਾਸੇ ਸਥਿਤ ਇਲਾਕਿਆਂ 'ਤੇ ਵੀ ਨਜ਼ਰ ਰੱਖੀ ਜਾ ਰਹੀ ਹੈ, ਕਿਉਂਕਿ ਉਨ੍ਹਾਂ ਦੇ ਵੀ ਪ੍ਰਭਾਵਿਤ ਹੋਣ ਦਾ ਖ਼ਤਰਾ ਹੈ। ਹੜ੍ਹ ਸਥਾਨਕ ਸਮੇਂ ਅਨੁਸਾਰ ਸਵੇਰੇ 9:00 ਵਜੇ ਦੇ ਕਰੀਬ ਸ਼ੁਰੂ ਹੋਇਆ, ਜਦੋਂ ਭੋਟੇ ਕੋਸ਼ੀ ਬੇਸਿਨ ਵਿੱਚ ਪਾਣੀ ਦਾ ਪੱਧਰ ਤੇਜ਼ੀ ਨਾਲ ਵਧਿਆ। ਹੜ੍ਹ ਦਾ ਪਾਣੀ ਭੋਟੇ ਕੋਸ਼ੀ ਦਰਿਆ ਤੋਂ ਵਹਿ ਕੇ ਤ੍ਰਿਸ਼ੂਲੀ ਦਰਿਆ ਪ੍ਰਣਾਲੀ ਵਿੱਚ ਦਾਖਲ ਹੋਇਆ। ਰਿਪੋਰਟਾਂ ਅਨੁਸਾਰ, ਗਲਛੀ ਵਿਖੇ ਤ੍ਰਿਸ਼ੂਲੀ ਦਰਿਆ ਦੇ ਪਾਣੀ ਦੇ ਪੱਧਰ ਵਿੱਚ ਸਿਰਫ਼ 30 ਮਿੰਟਾਂ ਵਿੱਚ ਨੌਂ ਮੀਟਰ ਦਾ ਵਾਧਾ ਹੋਇਆ। ਮਲੇਖੂ ਵਿਖੇ ਵੀ ਇੰਨੇ ਹੀ ਸਮੇਂ ਵਿੱਚ ਦਰਿਆ ਦੇ ਪੱਧਰ ਵਿੱਚ ਸੱਤ ਮੀਟਰ ਦਾ ਵਾਧਾ ਦਰਜ ਕੀਤਾ ਗਿਆ। ਪਾਣੀ ਦੇ ਪੱਧਰ ਵਿੱਚ ਤੇਜ਼ੀ ਨਾਲ ਹੋਇਆ ਵਾਧਾ ਇਹ ਦਰਸਾਉਂਦਾ ਹੈ ਕਿ ਉਪਰਲੇ ਇਲਾਕਿਆਂ ਤੋਂ ਪਾਣੀ ਅਤੇ ਮਲਬੇ ਦੀ ਭਾਰੀ ਮਾਤਰਾ ਅਚਾਨਕ ਹੇਠਾਂ ਵੱਲ ਵਹਿ ਤੁਰੀ ਸੀ। ਵਿਗਿਆਨੀ ਹੁਣ ਇਸ ਤਬਾਹੀ ਦੇ ਕਈ ਸੰਭਾਵੀ ਕਾਰਨਾਂ ਦੀ ਜਾਂਚ ਕਰ ਰਹੇ ਹਨ। ਇੱਕ ਮੁੱਖ ਧਾਰਨਾ ਇਹ ਹੈ ਕਿ ਬਹੁਤ ਉਚਾਈ 'ਤੇ ਬਰਫ਼ ਅਤੇ ਚੱਟਾਨਾਂ ਦਾ ਇੱਕ ਵਿਸ਼ਾਲ ਹੜ੍ਹ (ਬਰਫ਼-ਖਿਸਕਣ) ਆਇਆ ਸੀ। ਵੀਡੀਓ ਫੁਟੇਜ ਅਤੇ ਪ੍ਰਭਾਵਿਤ ਖੇਤਰਾਂ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ, ਸ਼ੁਰੂਆਤੀ ਅਨੁਮਾਨ ਇਹ ਦੱਸਦੇ ਹਨ ਕਿ ਬਰਫ਼ ਅਤੇ ਚੱਟਾਨਾਂ ਦੇ ਮਲਬੇ ਦਾ ਇੱਕ ਵੱਡਾ ਹਿੱਸਾ ਸੰਭਾਵਿਤ ਤੌਰ 'ਤੇ 'ਲੇਂਧੇ ਖੋਲਾ' (Lendhe Khola) ਵਿੱਚ ਡਿੱਗਿਆ, ਜੋ ਕਿ 'ਭੋਟੇ ਕੋਸ਼ੀ' (Bhote Koshi) ਦਰਿਆ ਦੀ ਇੱਕ ਸਹਾਇਕ ਨਦੀ ਹੈ।

LEGAL SERVICES & IMMIGRATION MATTERS
ਕਿਸੇ ਤਰ੍ਹਾਂ ਦੇ ਕਨੂੰਨੀ ਜਾਂ ਇਮੀਗਰੇਸ਼ਨ ਕੇਸ ਲਈ ਮਿਲੋ
* Divorce Cases: Mutual & Contested
* Drink & Driving
* Trafic Tickets
* Domestic Violence Cases
* Notary Services
* RAD appeals (Refugee Appeals)
* IAD appeals (any kind of immigration appeals)
* Judicial Review
* Writ of Mandamus (if your case is being delayed by Immigration)
* Application for asylum (Refugee)
* If your visitor visa work permit or PR application is refused just call us
* Expert Guidance
* Personalized Assistance in every matter
THE SOLUTION YOU NEED CALL US:
519-740-7080
* ਨੋਟਰੀ ਦੀਆਂ ਸੇਵਾਵਾਂ * ਸੈਪਰੇਸ਼ਨ ਐਗਰੀਮੈਂਟ,
* ਤਲਾਕ * ਡ੍ਰਿੰਕ ਐਂਡ ਡ੍ਰਾਈਵਿੰਗ ਦਾ ਕੇਸ
* ਟ੍ਰੈਫਿਕ ਟਿਕਟ * ਘਰੇਲੂ ਹਿੰਸਾ
* ਅਮਰੀਕਾ, ਇੰਗਲੈਂਡ ਵੀਜ਼ਾ ਐਪਲੀਕੇਸ਼ਨ ਭਰਨੀ
* ਰੈਕਰਡ ਸਸਪੈਂਸ਼ਨ ਅਤੇ ਯੂਐਸ ਵੇਵਰ
* ਨੈਕਸਸ, ਫਾਸਟ ਕਾਰਡ, ਸੀਡੀਆਰਪੀ,
* ਕੈਨੇਡੀਅਨ ਪੈਨਸ਼ਨ ਦੀ ਐਪਲੀਕੇਸ਼ਨ ਭਰਨੀ
* ਕੋਈ ਵੀ ਇੰਡੀਅਨ ਸਰਕਾਰੀ ਕਾਗਜ਼ ਪੱਤਰ ਦੀ ਪੰਜਾਬੀ ਤੋਂ ਅੰਗ੍ਰੇਜ਼ੀ ਵਿੱਚ ਟ੍ਰਾਂਸਲੇਸ਼ਨ
* ਪੀਆਰ ਕਾਰਡ ਅਪਲਾਈ ਜਾਂ ਰਿਨੀਊ ਕਰਨਾ
* ਇੰਡੀਆ ਵਿੱਚ ਜ਼ਮੀਨ ਜਾਂ ਪਰਿਵਾਰਕ ਝਗੜੇ
Passport Services for Indian Citizens
* New Passport * Passport Renewal
* Lost or Damaged Passport Replacement
* OCI applications, OCI Card Renewal
* Visa Services: Tourist Visa, E-Visa
Land or Family Disputes in India
* Partition of Property * Removing Illegal Possession * Land Encroachment
* Matrimonial Property Disputes
Cambridge:- 181 Groh Ave., Suite# 201-C, Cambridge, ON N3C 1Y8
Mississauga: 7035 Maxwell Rd., Suite# 203, Mississauga, ON L5S 1R5

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666
NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਇਮਰਾਨ ਖਾਨ ਦੀ ਸਿਹਤ 'ਤੇ ਵਧੀ ਚਿੰਤਾ

## ਕਪਿਲ ਦੇਵ ਤੇ ਗਾਵਸਕਰ ਸਣੇ 21 ਸਾਬਕਾ ਕਪਤਾਨਾਂ ਨੇ ਪਾਕਿਸਤਾਨ ਸਰਕਾਰ ਨੂੰ ਲਿਖੀ ਚਿੱਠੀ



ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ 1992 ਦੀ ਵਰਲਡ ਕੱਪ ਜੇਤੂ ਟੀਮ ਦੇ ਕਪਤਾਨ ਇਮਰਾਨ ਖਾਨ ਦੀ ਸਿਹਤ ਨੂੰ ਲੈ ਕੇ ਇੱਕ ਵਾਰ ਫਿਰ ਚਿੰਤਾ ਜ਼ਾਹਰ ਕੀਤੀ ਗਈ ਹੈ। ਕਰੀਬ ਤਿੰਨ ਸਾਲਾਂ ਤੋਂ ਜੇਲ੍ਹ ਵਿੱਚ ਬੰਦ ਇਮਰਾਨ ਖਾਨ ਦੀ ਸਿਹਤ ਸਬੰਧੀ ਕਈ ਤਰ੍ਹਾਂ ਦੀਆਂ ਖ਼ਬਰਾਂ ਅਤੇ ਅਫਵਾਹਾਂ ਸਾਹਮਣੇ ਆਉਂਦੀਆਂ ਰਹੀਆਂ ਹਨ। ਇਸ ਵਿਚਾਲੇ ਪਾਕਿਸਤਾਨ ਦੇ ਅੰਦਰ ਅਤੇ ਬਾਹਰੋਂ ਉਨ੍ਹਾਂ ਦੀ ਸਿਹਤ ਬਾਰੇ ਪਾਰਦਰਸ਼ਤਾ ਦੀ ਮੰਗ ਕੀਤੀ ਜਾ ਰਹੀ ਹੈ। ਹੁਣ ਦੁਨੀਆ ਦੇ 21 ਸਾਬਕਾ ਕ੍ਰਿਕਟ ਕਪਤਾਨਾਂ ਨੇ ਪਾਕਿਸਤਾਨ ਸਰਕਾਰ ਨੂੰ ਮੁੜ ਚਿੱਠੀ ਲਿਖ ਕੇ ਇਮਰਾਨ ਖਾਨ ਨੂੰ ਉਨ੍ਹਾਂ ਦੀ ਸਿਹਤ ਮੁਤਾਬਕ ਢੁੱਕਵਾਂ ਇਲਾਜ ਮੁਹੱਈਆ ਕਰਵਾਉਣ ਦੀ ਅਪੀਲ ਕੀਤੀ ਹੈ।

**ਕਪਿਲ ਦੇਵ ਤੇ ਗਾਵਸਕਰ ਵੀ ਪੱਤਰ 'ਤੇ ਦਸਤਖ਼ਤ ਕਰਨ ਵਾਲਿਆਂ 'ਚ**

ਇਮਰਾਨ ਖਾਨ 2018 ਤੋਂ 2022 ਤੱਕ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਰਹੇ ਸਨ। ਅਹੁਦੇ ਤੋਂ ਹਟਣ ਮਗਰੋਂ ਉਨ੍ਹਾਂ ਖ਼ਿਲਾਫ਼ ਭ੍ਰਿਸ਼ਟਾਚਾਰ ਨਾਲ ਸਬੰਧਤ ਕਈ ਮਾਮਲਿਆਂ ਵਿੱਚ ਕਾਰਵਾਈ ਹੋਈ ਅਤੇ ਉਨ੍ਹਾਂ ਨੂੰ ਸਜ਼ਾਵਾਂ ਵੀ ਮਿਲੀਆਂ। ਉਹ ਅਗਸਤ 2023 ਤੋਂ ਜੇਲ੍ਹ ਵਿੱਚ ਹਨ। ਹੁਣ ਸਾਬਕਾ ਕਪਤਾਨਾਂ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਇਮਰਾਨ ਖਾਨ ਨੂੰ ਸਿਹਤ ਸਮੱਸਿਆਵਾਂ ਲਈ ਲਗਾਤਾਰ ਮਾਹਿਰ ਡਾਕਟਰਾਂ ਦੀ ਸਹਾਇਤਾ ਮਿਲਣੀ ਚਾਹੀਦੀ ਹੈ ਅਤੇ ਇਸ ਪੂਰੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਹੋਣੀ ਚਾਹੀਦੀ ਹੈ। ਨਾਲ ਹੀ ਉਨ੍ਹਾਂ ਦੇ ਪਰਿਵਾਰ ਨੂੰ ਨਿਯਮਿਤ ਤੌਰ 'ਤੇ ਮਿਲਣ ਦੀ ਇਜਾਜ਼ਤ ਦੇਣ ਦੀ ਮੰਗ ਕੀਤੀ ਗਈ ਹੈ।

**ਫਰਵਰੀ ਵਾਲੀ ਅਪੀਲ ਮੁੜ ਦੁਹਰਾਈ**

ਇਸ ਸਾਲ ਫਰਵਰੀ ਵਿੱਚ ਵੀ ਕਈ ਸਾਬਕਾ ਕਪਤਾਨਾਂ ਨੇ ਇਮਰਾਨ ਖਾਨ ਨਾਲ ਸਹੀ ਵਿਵਹਾਰ ਅਤੇ ਉਨ੍ਹਾਂ ਨੂੰ ਮੈਡੀਕਲ ਸਹਾਇਤਾ ਦੇਣ ਦੀ ਅਪੀਲ ਕੀਤੀ ਸੀ। ਹੁਣ 21 ਸਾਬਕਾ ਕਪਤਾਨਾਂ ਨੇ ਆਪਣੀ ਇਹ ਮੰਗ ਮੁੜ ਪਾਕਿਸਤਾਨ ਸਰਕਾਰ ਦੇ ਸਾਹਮਣੇ ਰੱਖੀ ਹੈ। ਪੱਤਰ 'ਤੇ ਭਾਰਤ ਤੋਂ ਸੁਨੀਲ ਗਾਵਸਕਰ, ਕਪਿਲ ਦੇਵ ਅਤੇ ਦਿਲੀਪ ਵੈਂਗਸਰਕਰ ਤੋਂ ਇਲਾਵਾ ਆਸਟ੍ਰੇਲੀਆ ਦੇ ਗ੍ਰੇਗ ਚੈਪਲ ਅਤੇ ਇੰਗਲੈਂਡ ਦੇ ਮਾਈਕਲ ਐਥਰਟਨ ਸਮੇਤ ਕਈ ਸਾਬਕਾ ਕਪਤਾਨਾਂ ਦੇ ਦਸਤਖ਼ਤ ਹਨ।

**ਸੁਪਰੀਮ ਕੋਰਟ ਨੇ ਵੀ ਹਸਪਤਾਲ ਲਿਜਾਣ ਦਾ ਦਿੱਤਾ ਸੀ ਹੁਕਮ**

ਇਹ ਅਪੀਲ ਉਸ ਸਮੇਂ ਸਾਹਮਣੇ ਆਈ ਹੈ ਜਦੋਂ ਪਾਕਿਸਤਾਨ ਦੀ ਸੁਪਰੀਮ ਕੋਰਟ ਨੇ 18 ਅਗਸਤ ਨੂੰ ਇਮਰਾਨ ਖਾਨ ਨੂੰ ਜੇਲ੍ਹ ਤੋਂ ਹਸਪਤਾਲ ਲਿਜਾ ਕੇ ਮਾਹਿਰ ਡਾਕਟਰਾਂ ਦੀ ਨਿਗਰਾਨੀ ਹੇਠ ਇਲਾਜ ਕਰਵਾਉਣ ਦਾ ਹੁਕਮ ਦਿੱਤਾ ਸੀ। ਇਸ ਤੋਂ ਬਾਅਦ ਇਮਰਾਨ ਖਾਨ ਨੂੰ ਇਸਲਾਮਾਬਾਦ ਦੇ ਇੱਕ ਹਸਪਤਾਲ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੂੰ ਮੈਡੀਕਲ ਤੌਰ 'ਤੇ ਫਿਟ ਐਲਾਨਿਆ ਗਿਆ। ਇਸ ਮਗਰੋਂ ਉਨ੍ਹਾਂ ਨੂੰ ਮੁੜ ਜੇਲ੍ਹ ਭੇਜ ਦਿੱਤਾ ਗਿਆ।

**21 ਸਾਬਕਾ ਕਪਤਾਨਾਂ ਨੇ ਕੀਤੀ ਅਪੀਲ**

ਪੱਤਰ 'ਤੇ ਮਾਈਕਲ ਐਥਰਟਨ, ਐਲੈਕਸ ਬਲੈਕਵੈਲ, ਐਲਨ ਬਾਰਡਰ, ਮਾਈਕਲ ਬ੍ਰੀਅਰਲੀ, ਗ੍ਰੇਗ ਚੈਪਲ, ਇਆਨ ਚੈਪਲ, ਬੇਲਿੰਡਾ ਕਲਾਰਕ, ਐਲਿਸਟਰ ਕੁਕ, ਸੁਨੀਲ ਗਾਵਸਕਰ, ਲੀ ਜਰਮਨ, ਐਡਮ ਗਿਲਕ੍ਰਿਸਟ, ਡੇਵਿਡ ਗਾਵਰ, ਕਿਮ ਹਿਊਜ਼, ਨਾਸਿਰ ਹੁਸੈਨ, ਕਲਾਈਵ ਲਾਇਡ, ਕਪਿਲ ਦੇਵ, ਅਰਜੁਨ ਰਣਤੁੰਗਾ, ਐਂਡਰਿਊ ਸਟ੍ਰਾਸ, ਦਿਲੀਪ ਵੈਂਗਸਰਕਰ, ਸਟੀਵ ਵਾਅ ਅਤੇ ਜੌਨ ਰਾਈਟ ਦੇ ਦਸਤਖ਼ਤ ਹਨ।

# ਚਰਨਜੀਤ ਚੰਨੀ ਦੇ Exam Hall ਦੀਆਂ ਫੋਟੋਆਂ ਨੂੰ ਲੈ ਕੇ ਛਿੜਿਆ ਵਿਵਾਦ, PU ਪ੍ਰਸ਼ਾਸਨ ਤੋਂ ਜਾਂਚ ਦੀ ਮੰਗ



ਚੰਡੀਗੜ੍ਹ: ਪੰਜਾਬ ਯੂਨੀਵਰਸਿਟੀ ਵਿੱਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਪ੍ਰੀਖਿਆ ਦੌਰਾਨ ਲਈ ਗਈ ਤਸਵੀਰ ਸਾਹਮਣੇ ਆਉਣ ਮਗਰੋਂ ਹੁਣ ਪ੍ਰੀਖਿਆ ਕੇਂਦਰ ਦੀ ਵਿਵਸਥਾ 'ਤੇ ਸਵਾਲ ਖੜ੍ਹੇ ਹੋ ਰਹੇ ਹਨ। ਚੰਨੀ ਪੰਜਾਬ ਯੂਨੀਵਰਸਿਟੀ ਤੋਂ ਪਬਲਿਕ ਐਡਮਿਨਿਸਟ੍ਰੇਸ਼ਨ ਵਿੱਚ ਐੱਮ.ਏ. ਦੀ ਪੜ੍ਹਾਈ ਕਰ ਰਹੇ ਹਨ।

ਚੰਨੀ ਦੀ ਪ੍ਰੀਖਿਆ ਦੌਰਾਨ ਹਾਲ ਦੇ ਅੰਦਰ ਦੀਆਂ ਤਸਵੀਰਾਂ ਅਤੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਮਗਰੋਂ ਪੰਜਾਬ ਯੂਨੀਵਰਸਿਟੀ ਦੇ ਪ੍ਰਸ਼ਾਸਨ ਤੋਂ ਮਾਮਲੇ ਦੀ ਜਾਂਚ ਕਰਵਾਉਣ ਦੀ ਮੰਗ ਕੀਤੀ ਗਈ ਹੈ।

**ਸਾਬਕਾ ਮੇਅਰ ਨੇ ਚਿੱਠੀ ਲਿਖ ਕੇ ਮੰਗੀ ਜਾਂਚ**

ਚੰਡੀਗੜ੍ਹ ਦੇ ਸਾਬਕਾ ਮੇਅਰ ਅਤੇ ਪੰਜਾਬ ਯੂਨੀਵਰਸਿਟੀ ਦੀ ਸਾਬਕਾ ਸੈਨੇਟ-ਸਿੰਡੀਕੇਟ ਦੇ ਮੈਂਬਰ ਦੇਵੇਸ਼ ਮੌਦਗਿਲ ਨੇ ਯੂਨੀਵਰਸਿਟੀ ਪ੍ਰਸ਼ਾਸਨ ਤੋਂ ਇਸ ਮਾਮਲੇ ਦੀ ਜਾਂਚ ਦੀ ਮੰਗ ਕੀਤੀ ਹੈ।

ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਦੇ ਚਾਂਸਲਰ, ਵਾਈਸ ਚਾਂਸਲਰ, ਪੰਜਾਬ ਦੇ ਮੁੱਖ ਮੰਤਰੀ, ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਨੂੰ ਪੱਤਰ ਭੇਜ ਕੇ ਪ੍ਰੀਖਿਆ ਕੇਂਦਰ ਦੇ ਅੰਦਰੋਂ ਤਸਵੀਰ ਸਾਹਮਣੇ ਆਉਣ ਦੇ ਮਾਮਲੇ ਵਿੱਚ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਾਂਚ ਕਰਕੇ ਸਥਿਤੀ ਸਪੱਸ਼ਟ ਕੀਤੀ ਜਾਣੀ ਚਾਹੀਦੀ ਹੈ।

**Exam Hall ਵਿੱਚ ਕੈਮਰਾ ਕਿਵੇਂ ਪਹੁੰਚਿਆ?**

ਚੰਨੀ ਦੀ ਪ੍ਰੀਖਿਆ ਦੌਰਾਨ ਲਈਆਂ ਗਈਆਂ ਤਸਵੀਰਾਂ ਸਾਹਮਣੇ ਆਉਣ ਮਗਰੋਂ ਆਮ ਆਦਮੀ ਪਾਰਟੀ ਪੰਜਾਬ ਨੇ ਵੀ ਇਹ ਮੁੱਦਾ ਚੁੱਕਿਆ। ਪਾਰਟੀ ਦੇ ਸੀਨੀਅਰ ਆਗੂ ਨੀਲ ਗਰਗ ਨੇ ਸੋਸ਼ਲ ਮੀਡੀਆ 'ਤੇ ਚੰਨੀ ਦੀਆਂ ਪ੍ਰੀਖਿਆ ਦਿੰਦੇ ਹੋਏ ਦੋ ਤਸਵੀਰਾਂ ਸਾਂਝੀਆਂ ਕੀਤੀਆਂ ਅਤੇ ਸਵਾਲ ਕੀਤਾ ਕਿ Exam Hall ਦੇ ਅੰਦਰ ਕੈਮਰਾ ਕਿਵੇਂ ਪਹੁੰਚਿਆ।

ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਦੇ ਨਿਯਮਾਂ ਮੁਤਾਬਕ ਪ੍ਰੀਖਿਆ ਹਾਲ ਵਿੱਚ ਮੋਬਾਈਲ ਫੋਨ ਅਤੇ ਕੈਮਰਾ ਲਿਜਾਣ 'ਤੇ ਪਾਬੰਦੀ ਹੈ। ਅਜਿਹੇ ਵਿੱਚ ਹਾਲ ਦੇ ਅੰਦਰ ਦੀਆਂ ਤਸਵੀਰਾਂ ਬਾਹਰ ਕਿਵੇਂ ਆਈਆਂ, ਇਹ ਸਵਾਲ ਜਾਂਚ ਦਾ ਵਿਸ਼ਾ ਹੈ।

**VIP ਲਈ ਵੱਖਰੇ ਨਿਯਮ ਹਨ?**

ਨੀਲ ਗਰਗ ਨੇ ਸਵਾਲ ਚੁੱਕਿਆ ਕਿ ਕੀ ਪ੍ਰੀਖਿਆ ਦੇ ਨਿਯਮ ਆਮ ਵਿਦਿਆਰਥੀਆਂ ਅਤੇ VIP ਲਈ ਵੱਖਰੇ ਹਨ। ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਪ੍ਰਸ਼ਾਸਨ ਤੋਂ ਇਹ ਵੀ ਸਪੱਸ਼ਟ ਕਰਨ ਦੀ ਮੰਗ ਕੀਤੀ ਕਿ ਪ੍ਰੀਖਿਆ ਦੌਰਾਨ ਨਿਯਮਾਂ ਦੀ ਪਾਲਣਾ ਸਾਰਿਆਂ ਲਈ ਬਰਾਬਰ ਤਰੀਕੇ ਨਾਲ ਹੁੰਦੀ ਹੈ ਜਾਂ ਨਹੀਂ।

**20 ਅਗਸਤ ਨੂੰ ਪੇਪਰ ਦੇਣ ਪਹੁੰਚੇ ਸਨ ਚੰਨੀ**

ਚਰਨਜੀਤ ਸਿੰਘ ਚੰਨੀ 20 ਅਗਸਤ ਨੂੰ ਪੰਜਾਬ ਯੂਨੀਵਰਸਿਟੀ ਵਿੱਚ ਆਪਣਾ ਪੇਪਰ ਦੇਣ ਪਹੁੰਚੇ ਸਨ। ਉਨ੍ਹਾਂ ਦੀ ਪ੍ਰੀਖਿਆ ਦੁਪਹਿਰ ਸਾਢੇ 12 ਵਜੇ ਤੱਕ ਸੀ। ਤਸਵੀਰਾਂ ਵਿੱਚ ਉਹ ਹੋਰ ਵਿਦਿਆਰਥੀਆਂ ਦੇ ਨਾਲ ਬੈਠ ਕੇ ਪੇਪਰ ਲਿਖਦੇ ਦਿਖਾਈ ਦਿੱਤੇ। ਚੰਨੀ ਦੀ ਸੁਰੱਖਿਆ ਵਿੱਚ ਤਾਇਨਾਤ ਕਰਮਚਾਰੀਆਂ ਅਤੇ ਹੋਰ ਸਟਾਫ ਨੂੰ ਪ੍ਰੀਖਿਆ ਹਾਲ ਤੋਂ ਬਾਹਰ ਰੱਖਿਆ ਗਿਆ ਸੀ। ਪ੍ਰੀਖਿਆ ਖ਼ਤਮ ਹੋਣ ਮਗਰੋਂ ਚੰਨੀ ਨੇ ਕੇਂਦਰ ਦੇ ਬਾਹਰ ਮੀਡੀਆ ਨਾਲ ਗੱਲਬਾਤ ਵੀ ਕੀਤੀ। ਹੁਣ ਹਾਲ ਦੇ ਅੰਦਰੋਂ ਉਨ੍ਹਾਂ ਦੀਆਂ ਤਸਵੀਰਾਂ ਅਤੇ ਵੀਡੀਓ ਸਾਹਮਣੇ ਆਉਣ ਕਾਰਨ ਪ੍ਰੀਖਿਆ ਨਿਯਮਾਂ ਅਤੇ ਸੁਰੱਖਿਆ ਪ੍ਰਬੰਧਾਂ 'ਤੇ ਸਵਾਲ ਉੱਠ ਰਹੇ ਹਨ। ਮਾਮਲੇ ਦੀ ਜਾਂਚ ਅਤੇ ਲੋੜੀਂਦੀ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਹੈ।

## 'ਮੈਂ ਬਹੁਤ ਪੇਪਰ ਦਿੱਤੇ ਨੇ ਪਰ...', EXAM ਵਾਲੀ ਫੋਟੋ ਨੂੰ ਲੈ ਕੇ ਬੋਲੇ ਸਾਬਕਾ CM ਚੰਨੀ



ਪੰਜਾਬ ਯੂਨੀਵਰਸਿਟੀ ਵਿਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਦੇ MA ਲੋਕ ਪ੍ਰਸ਼ਾਸਨ ਦੇ ਪੇਪਰ ਦੌਰਾਨ ਪ੍ਰੀਖਿਆ ਹਾਲ ਵਿਚ ਆਪਣੀ ਤਸਵੀਰ ਵਾਇਰਲ ਹੋਣ 'ਤੇ ਚੰਨੀ ਨੇ ਕਿਹਾ ਕਿ ਮੈਂ ਬਹੁਤ ਪੇਪਰ ਦਿੱਤੇ ਨੇ ਪਰ ਕਦੇ ਕੋਈ ਫੋਟੋ ਵਾਇਰਲ ਨਹੀਂ ਹੋਈ। ਉਸ ਦਿਨ ਕਾਂਗਰਸ ਦੀ ਮੀਟਿੰਗ ਸੀ ਤਾਂ ਮੁੱਦਾ ਬਣ ਗਿਆ, ਉਸੇ ਦਿਨ ਪਹਿਲੀ ਵਾਰ ਤਸਵੀਰ ਵਾਇਰਲ ਹੋਈ। ਉਨ੍ਹਾਂ ਕਿਹਾ ਕਿ ਪ੍ਰੀਖਿਆ ਕੇਂਦਰ ਦੇ ਬਾਹਰੋਂ ਕਿਸੇ ਨੇ ਫੋਟੋ ਲਈ ਸੀ, ਮੈਂ ਕਿਸੇ ਨੂੰ ਤਸਵੀਰ ਖਿੱਚਣ ਤੋਂ ਕਿਵੇਂ ਰੋਕ ਸਕਦਾ ਹਾਂ।

ਦੱਸ ਦੇਈਏ ਕਿ ਇਸ ਮਾਮਲੇ ਵਿਚ ਚੰਡੀਗੜ੍ਹ ਦੇ ਸਾਬਕਾ ਮੇਅਰ ਅਤੇ ਪੰਜਾਬ ਯੂਨੀਵਰਸਿਟੀ ਦੇ ਸਾਬਕਾ ਸੈਨੇਟ ਅਤੇ ਸਿੰਡੀਕੇਟ ਮੈਂਬਰ ਦੇਵੇਸ਼ ਮੌਦਗਿਲ ਨੇ ਮੰਗ ਕੀਤੀ ਹੈ ਕਿ ਯੂਨੀਵਰਸਿਟੀ ਪ੍ਰਸ਼ਾਸਨ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰੇ ਅਤੇ ਮਾਮਲੇ ਦੀ ਜਾਂਚ ਕਰੇ। ਦੱਖਣੀਏਸ਼ਿਆਈ ਸਭਿਆਚਾਰ ਖੋਜਣਾ ਮੌਦਗਿਲ ਨੇ ਪੰਜਾਬ ਯੂਨੀਵਰਸਿਟੀ ਦੇ ਚਾਂਸਲਰ ਸੀ.ਪੀ. ਰਾਧਾਕ੍ਰਿਸ਼ਨਨ, ਵਾਈਸ ਚਾਂਸਲਰ ਮੀਨਾਕਸ਼ੀ ਗੋਇਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੂੰ ਇੱਕ ਪੱਤਰ ਭੇਜ ਕੇ ਮਾਮਲੇ ਵਿੱਚ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ 21 ਅਗਸਤ ਨੂੰ ਪ੍ਰਕਾਸ਼ਿਤ ਫੋਟੋ ਵਿੱਚ ਚੰਨੀ ਨੂੰ ਪ੍ਰੀਖਿਆ ਹਾਲ ਦੇ ਅੰਦਰ ਪ੍ਰੀਖਿਆ ਦਿੰਦੇ ਦਿਖਾਇਆ ਗਿਆ ਹੈ। ਇਹ ਸਪੱਸ਼ਟ ਕੀਤਾ ਜਾਣਾ ਚਾਹੀਦਾ ਹੈ ਕਿ ਫੋਟੋ ਕਿਸਨੇ ਅਤੇ ਕਿਸ ਡਿਵਾਈਸ ਨਾਲ ਲਈ ਹੈ। ਉਨ੍ਹਾਂ ਸਵਾਲ ਕੀਤਾ ਕਿ ਜਦੋਂ ਪ੍ਰੀਖਿਆ ਕੇਂਦਰ ਵਿੱਚ ਮੋਬਾਈਲ ਫੋਨ, ਕੈਮਰੇ, ਸਮਾਰਟਵਾਚ, ਈਅਰਫੋਨ, ਟੈਬਲੇਟ ਅਤੇ ਲੈਪਟਾਪ ਵਰਗੇ ਇਲੈਕਟ੍ਰਾਨਿਕ ਡਿਵਾਈਸਾਂ ਦੀ ਮਨਾਹੀ ਹੈ ਤਾਂ ਫੋਟੋ ਖਿੱਚਣ ਲਈ ਵਰਤਿਆ ਜਾਣ ਵਾਲਾ ਡਿਵਾਈਸ ਪ੍ਰੀਖਿਆ ਹਾਲ ਵਿੱਚ ਕਿਵੇਂ ਪਹੁੰਚਿਆ।

# ਚੰਡੀਗੜ੍ਹ ਦੇ ਸੈਕਟਰ-43 ਬੱਸ ਸਟੈਂਡ ਨੇੜੇ IED ਬਰਾਮਦ, 3 ਸ਼ੱਕੀ ਕਾਬੂ



ਚੰਡੀਗੜ੍ਹ: ਚੰਡੀਗੜ੍ਹ ਪੁਲਿਸ ਦੇ ਆਪਰੇਸ਼ਨ ਸੈੱਲ ਨੇ ਐਤਵਾਰ ਰਾਤ ਤਿੰਨ ਸ਼ੱਕੀ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਮੁਤਾਬਕ, ਇਨ੍ਹਾਂ ਦੀ ਨਿਸ਼ਾਨਦੇਹੀ 'ਤੇ ISBT-43 ਦੇ ਪਿੱਛੇ ਜੰਗਲ ਵਾਲੇ ਇਲਾਕੇ ਵਿੱਚ ਜ਼ਮੀਨ 'ਚ ਦੱਬਿਆ ਹੋਇਆ ਇੱਕ ਟਿਫਿਨ ਬਰਾਮਦ ਕੀਤਾ ਗਿਆ। ਇਸ ਟਿਫਿਨ ਵਿੱਚ IED ਹੋਣ ਦੀ ਗੱਲ ਸਾਹਮਣੇ ਆਈ ਹੈ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਮੌਕੇ 'ਤੇ ਡੌਗ ਸਕੁਐਡ ਅਤੇ ਮੋਬਾਈਲ ਫੋਰੈਂਸਿਕ ਮਾਹਿਰਾਂ ਨੂੰ ਬੁਲਾਇਆ ਗਿਆ। ਰਾਤ ਕਰੀਬ ਸਾਢੇ 10 ਵਜੇ IED ਅਤੇ ਹੋਰ ਵਿਸਫੋਟਕ ਸਮੱਗਰੀ ਨੂੰ ਗੱਡੀ ਰਾਹੀਂ ਉਥੋਂ ਲਿਜਾਇਆ ਗਿਆ।

**ਜੈਲਟਿਨ ਦੀਆਂ ਛੜਾਂ ਤੇ ਰਿਮੋਟ ਵੀ ਬਰਾਮਦ**

ਸੂਤਰਾਂ ਮੁਤਾਬਕ ਬਰਾਮਦ ਸਮੱਗਰੀ ਵਿੱਚ IED ਤੋਂ ਇਲਾਵਾ ਜੈਲਟਿਨ ਦੀਆਂ ਛੜਾਂ ਅਤੇ ਕੁਝ ਹੋਰ ਉਪਕਰਨ ਵੀ ਸ਼ਾਮਲ ਹਨ। ਪੁਲਿਸ ਅਨੁਸਾਰ ਤਿੰਨੇ ਸ਼ੱਕੀ ਅੰਮ੍ਰਿਤਸਰ ਅਤੇ ਤਰਨਤਾਰਨ ਜ਼ਿਲ੍ਹਿਆਂ ਨਾਲ ਸਬੰਧਤ ਹਨ। ਇਨ੍ਹਾਂ ਦੀ ਪਛਾਣ ਲਵਪ੍ਰੀਤ ਸਿੰਘ, ਜਸ਼ਨਪ੍ਰੀਤ ਸਿੰਘ ਉਰਫ਼ ਜਸ਼ਨਦੀਪ ਅਤੇ ਪ੍ਰਭਪ੍ਰੀਤ ਸਿੰਘ ਉਰਫ਼ ਪ੍ਰਭ ਵਜੋਂ ਹੋਈ ਹੈ। ਪੁਲਿਸ ਮੁਤਾਬਕ ਮੁਲਜ਼ਮਾਂ ਕੋਲੋਂ 5 ਕਿਲੋ ਜੈਲਟਿਨ ਦੀਆਂ ਛੜਾਂ, ਇੱਕ ਡੈਟੋਨੇਟਰ, ਪਾਵਰ ਸੋਰਸ, ਰਿਮੋਟ ਕੰਟਰੋਲ ਸਿਸਟਮ, ਪਿਸਤੌਲ, ਮੈਗਜ਼ੀਨ ਅਤੇ 5 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ। ਆਪਰੇਸ਼ਨ ਸੈੱਲ ਦੇ ਇੰਸਪੈਕਟਰ ਸਤਿੰਦਰ ਸਿੰਘ ਅਤੇ ਉਨ੍ਹਾਂ ਦੀ ਟੀਮ ਨੇ ਐਤਵਾਰ ਦੇਰ ਸ਼ਾਮ ਬੱਸ ਸਟੈਂਡ ਦੇ ਪਿੱਛੇ ਜੰਗਲ ਵਾਲੇ ਇਲਾਕੇ ਵਿੱਚੋਂ ਲੰਘਦੀ ਸੜਕ ਨੇੜੇ ਤਿੰਨਾਂ ਨੂੰ ਕਾਬੂ ਕਰਨ ਦਾ ਦਾਅਵਾ ਕੀਤਾ ਹੈ। ਪੁੱਛਗਿੱਛ ਦੌਰਾਨ IED ਬਾਰੇ ਜਾਣਕਾਰੀ ਮਿਲਣ ਦੀ ਗੱਲ ਵੀ ਸਾਹਮਣੇ ਆਈ ਹੈ।

**FSL ਨੂੰ ਭੇਜੀ ਗਈ ਬਰਾਮਦ ਸਮੱਗਰੀ**

ਮਾਮਲੇ ਵਿੱਚ ਆਪਰੇਸ਼ਨ ਸੈੱਲ ਵੱਲੋਂ ਸੈਕਟਰ-36 ਥਾਣੇ ਵਿੱਚ ਐਕਸਪਲੋਸਿਵ ਐਕਟ ਤਹਿਤ ਸੀਕ੍ਰੇਟ FIR ਨੰਬਰ 143 ਦਰਜ ਕੀਤੀ ਗਈ ਸੀ। ਬਰਾਮਦ ਕੀਤੀ ਗਈ ਸਮੱਗਰੀ ਨੂੰ ਫੋਰੈਂਸਿਕ ਜਾਂਚ ਲਈ FSL ਭੇਜਿਆ ਗਿਆ ਹੈ। ਇਸ ਮਾਮਲੇ ਵਿੱਚ ਕੇਂਦਰੀ ਜਾਂਚ ਏਜੰਸੀਆਂ ਅਤੇ NIA ਦੇ ਵੀ ਸ਼ਾਮਲ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਪੁਲਿਸ ਵਿਭਾਗ ਦੇ ਵੱਖ-ਵੱਖ ਵਿੰਗਾਂ ਦੇ ਮੁਲਾਜ਼ਮ ਵੀ ਮੌਕੇ 'ਤੇ ਪਹੁੰਚੇ।

**ਇਸ ਥਾਂ 'ਤੇ ਪਹਿਲਾਂ ਵੀ ਹੋਈ ਸੀ ਮੁੱਠਭੇੜ**

ਜਿਸ ਥਾਂ ਤੋਂ IED ਬਰਾਮਦ ਹੋਇਆ ਹੈ, ਉਥੇ ਦੂਰ-ਦੂਰ ਤੱਕ CCTV ਕੈਮਰੇ ਨਹੀਂ ਹਨ। ਕੁਝ ਮਹੀਨੇ ਪਹਿਲਾਂ ਇਸੇ ਥਾਂ 'ਤੇ ਇੰਸਪੈਕਟਰ ਸਤਵਿੰਦਰ ਸਿੰਘ ਅਤੇ ਉਨ੍ਹਾਂ ਦੀ ਟੀਮ ਦੀ ਪੰਜਾਬ ਦੇ ਤਿੰਨ ਗੈਂਗਸਟਰਾਂ ਨਾਲ ਮੁੱਠਭੇੜ ਹੋਈ ਸੀ। ਉਸ ਦੌਰਾਨ ਹੋਈ ਕਰਾਸ ਫਾਇਰਿੰਗ ਵਿੱਚ ਇੱਕ ਗੋਲੀ ASI ਦੀ ਬੁਲੇਟਪਰੂਫ ਜੈਕਟ ਵਿੱਚ ਵੀ ਲੱਗੀ ਸੀ।

# ਭਾਜਪਾ ਪੰਜਾਬ 'ਚ ਬਦਲਾਅ ਲਿਆਵੇਗੀ: ਬੀ.ਐਲ. ਸੰਤੋਸ਼



ਪਟਿਆਲਾ: ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ (ਸੰਗਠਨ) ਬੀ.ਐੱਲ. ਸੰਤੋਸ਼ ਪੰਜਾਬ ਦੇ ਦੋ ਦਿਨਾ ਸੰਗਠਨਾਤਮਕ ਦੌਰੇ 'ਤੇ ਸੋਮਵਾਰ ਨੂੰ ਪਟਿਆਲਾ ਪਹੁੰਚ ਗਏ ਹਨ। ਪਾਰਟੀ ਆਗੂਆਂ ਦੀਆਂ ਬੈਠਕਾਂ ਤੋਂ ਪਹਿਲਾਂ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਸ਼੍ਰੋਮਣੀ ਅਕਾਲੀ ਦਲ ਜਾਂ ਕਿਸੇ ਹੋਰ ਧਿਰ ਨਾਲ ਗੱਠਜੋੜ ਦੀਆਂ ਸਾਰੀਆਂ ਅਟਕਲਾਂ ਨੂੰ ਖਾਰਜ ਕਰਦਿਆਂ ਸਥਿਤੀ ਸਪੱਸ਼ਟ ਕਰ ਦਿੱਤੀ ਹੈ। ਕੇਵਲ ਢਿੱਲੋਂ ਨੇ ਐਲਾਨ ਕੀਤਾ ਕਿ ਭਾਜਪਾ ਸੂਬੇ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ 'ਤੇ ਪੂਰੀ ਤਰ੍ਹਾਂ ਤਿਆਰ ਹੈ ਅਤੇ ਪਾਰਟੀ ਆਪਣੇ ਦਮ 'ਤੇ ਇਕੱਲਿਆਂ ਚੋਣ ਲੜੇਗੀ।

ਆਪਣੇ ਦੌਰੇ ਦੌਰਾਨ ਬੀ.ਐਲ. ਸੰਤੋਸ਼ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿੱਚ ਭਾਜਪਾ ਆਗੂਆਂ ਅਤੇ ਸੰਗਠਨ ਦੇ ਅਹੁਦੇਦਾਰਾਂ ਨਾਲ ਖੇਤਰੀ ਬੈਠਕਾਂ ਰਾਹੀਂ ਸੰਗਠਨ ਦੀਆਂ ਗਤੀਵਿਧੀਆਂ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਦੀ ਸਮੀਖਿਆ ਕਰਨਗੇ। ਇਨ੍ਹਾਂ ਬੈਠਕਾਂ ਵਿੱਚ ਸੰਗਠਨ ਨੂੰ ਬੂਥ ਪੱਧਰ ਤੱਕ ਮਜ਼ਬੂਤ ਕਰਨ ਅਤੇ ਸੂਬੇ ਦੇ ਲੋਕਾਂ ਤੱਕ ਪਾਰਟੀ ਦੀਆਂ ਨੀਤੀਆਂ ਅਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀਆਂ ਪ੍ਰਾਪਤੀਆਂ ਪਹੁੰਚਾਉਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇਗਾ।

ਬੀ.ਐਲ. ਸੰਤੋਸ਼ ਨੇ ਅੱਜ ਪਟਿਆਲਾ ਅਤੇ ਬਠਿੰਡਾ ਵਿੱਚ ਸੰਗਠਨ ਦੀਆਂ ਬੈਠਕਾਂ ਦੀ ਪ੍ਰਧਾਨਗੀ ਕੀਤੀ। 25 ਅਗਸਤ ਨੂੰ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਿੱਚ ਖੇਤਰੀ ਬੈਠਕਾਂ ਹੋਣਗੀਆਂ। ਅੰਮ੍ਰਿਤਸਰ ਵਿੱਚ ਸੂਬਾ ਜਨਰਲ ਸਕੱਤਰਾਂ ਨਾਲ ਇੱਕ ਵੱਖਰੀ ਬੈਠਕ ਵੀ ਹੋਵੇਗੀ।

ਪਾਰਟੀ ਦੇ ਇੱਕ ਸੀਨੀਅਰ ਆਗੂ ਅਨੁਸਾਰ, ਇਸ ਵੇਲੇ ਸਭ ਤੋਂ ਵੱਡੀ ਚੁਣੌਤੀ ਪੁਰਾਣੇ ਰਵਾਇਤੀ ਵਰਕਰਾਂ ਅਤੇ ਦੂਜੀਆਂ ਪਾਰਟੀਆਂ 'ਚੋਂ ਆਏ ਆਗੂਆਂ ਨੂੰ ਇੱਕਜੁੱਟ ਰੱਖਣਾ ਹੈ। ਚੰਡੀਗੜ੍ਹ ਏਅਰਪੋਰਟ 'ਤੇ ਕੇਵਲ ਢਿੱਲੋਂ ਅਤੇ ਪੰਜਾਬ ਭਾਜਪਾ ਦੇ ਸਹਿ-ਇੰਚਾਰਜ ਨਰਿੰਦਰ ਸਿੰਘ ਰੈਨਾ ਨੇ ਸੰਤੋਸ਼ ਦਾ ਸਵਾਗਤ ਕੀਤਾ। ਆਪਣੇ ਦੌਰੇ ਦੌਰਾਨ ਸੰਤੋਸ਼ ਪੰਜਾਬ ਭਰ ਦੇ ਪਾਰਟੀ ਅਹੁਦੇਦਾਰਾਂ ਨਾਲ ਜ਼ੋਨਲ ਬੈਠਕਾਂ ਕਰਕੇ ਸੰਗਠਨ ਦੀਆਂ ਗਤੀਵਿਧੀਆਂ ਦੀ ਸਮੀਖਿਆ ਕਰਨਗੇ।

ਸੋਮਵਾਰ ਨੂੰ ਉਹ ਪਟਿਆਲਾ ਅਤੇ ਬਠਿੰਡਾ ਵਿਖੇ ਅਹਿਮ ਬੈਠਕਾਂ ਦੀ ਅਗਵਾਈ ਕਰਨਗੇ, ਜਿਸ ਵਿੱਚ ਵੱਖ-ਵੱਖ ਜ਼ਿਲ੍ਹਿਆਂ ਦੇ ਨੁਮਾਇੰਦੇ ਸ਼ਾਮਲ ਹੋਣਗੇ। ਚੋਣਾਂ, ਵੋਟਰ ਰਜਿਸਟ੍ਰੇਸ਼ਨ ਅਤੇ ਅਧਿਕਾਰਤ ਨਿਯਮਾਂ ਨਾਲ ਸਬੰਧਤ ਵਧੇਰੇ ਜਾਣਕਾਰੀ ਲਈ ਤੁਸੀਂ ਭਾਰਤੀ ਚੋਣ ਕਮਿਸ਼ਨ ਦੀ ਵੈੱਬਸਾਈਟ 'ਤੇ ਜਾ ਸਕਦੇ ਹੋ।

# ਓਮਾਨ 'ਚ ਦਰਦਨਾਕ ਸੜਕ ਹਾਦਸਾ, ਭਾਰਤੀ ਯਾਤਰੀਆਂ ਨੂੰ ਲੈ ਕੇ ਜਾ ਰਹੀ ਗੱਡੀ ਪਲਟਣ ਕਾਰਨ ਇੱਕ ਦੀ ਮੌਤ, ਨੌਂ ਜ਼ਖ਼ਮੀ

ਖਾੜੀ ਦੇਸ਼ ਓਮਾਨ ਤੋਂ ਅਹਿਮ ਖ਼ਬਰ ਸਾਹਮਣੇ ਆਈ ਹੈ। ਜਿੱਥੇ ਸੁਲਤਾਨ ਸੈਦ ਬਿਨ ਤੈਮੂਰ ਸਟ੍ਰੀਟ 'ਤੇ ਭਾਰਤੀਆਂ ਨੂੰ ਲੈ ਕੇ ਜਾ ਰਿਹਾ ਇੱਕ ਵਾਹਨ ਬੇਕਾਬੂ ਹੋ ਕੇ ਹਾਦਸੇ ਦਾ ਸ਼ਿਕਾਰ ਹੋ ਗਿਆ। ਇਸ ਘਟਨਾ ਵਿੱਚ ਇੱਕ ਭਾਰਤੀ ਨਾਗਰਿਕ ਦੀ ਮੌਤ ਹੋ ਗਈ ਹੈ, ਜਦੋਂਕਿ ਨੌਂ ਹੋਰਨਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਹੈ। ਸਥਾਨਿਕ ਪੁਲਿਸ ਨੇ ਦੱਸਿਆ ਕਿ ਗੱਡੀ ਵਿੱਚ ਤਕਨੀਕੀ ਖਰਾਬੀ ਆ ਗਈ ਸੀ, ਜਿਸ ਕਾਰਨ ਉਹ ਬੇਕਾਬੂ ਹੋ ਕੇ ਸੜਕ ਤੋਂ ਹੇਠਾਂ ਉਤਰ ਗਈ ਅਤੇ ਹਾਦਸਾ ਵਾਪਰ ਗਿਆ। ਜ਼ਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਅਤੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਪੁਲਿਸ ਨੇ ਦੱਸਿਆ ਕਿ ਓਮਾਨ ਵਿੱਚ ਇੱਕ ਵਾਹਨ ਦੇ ਸੜਕ ਤੋਂ ਉਤਰ ਜਾਣ ਕਾਰਨ ਇੱਕ ਭਾਰਤੀ ਨਾਗਰਿਕ ਦੀ ਮੌਤ ਹੋ ਗਈ ਅਤੇ ਨੌਂ ਹੋਰ ਜ਼ਖ਼ਮੀ ਹੋ ਗਏ ਹਨ। ਇਹ ਘਟਨਾ ਸ਼ਨੀਵਾਰ ਨੂੰ ਸੁਲਤਾਨ ਸੈਦ ਬਿਨ ਤੈਮੂਰ ਸਟ੍ਰੀਟ 'ਤੇ ਵਾਪਰੀ ਜਦੋਂ ਵਾਹਨ ਸੜਕ ਤੋਂ ਹਟ ਕੇ ਬਾਹਰ ਨਿਕਲ ਗਿਆ। 'ਐਕਸ' (X) 'ਤੇ ਇੱਕ ਪੋਸਟ ਵਿੱਚ, ਰਾਇਲ ਓਮਾਨ ਪੁਲਿਸ ਨੇ ਦੱਸਿਆ ਕਿ ਪੁਲਿਸ ਦੇ ਏਅਰ ਵਿੰਗ ਨੇ ਦੋ ਜ਼ਖ਼ਮੀਆਂ ਨੂੰ ਅਲ ਹਮਰਾ ਗਵਰਨੋਰੇਟ ਤੋਂ ਨਿਜ਼ਵਾ ਹਸਪਤਾਲ ਪਹੁੰਚਾਉਣ ਲਈ ਇੱਕ ਮੁਹਿੰਮ ਚਲਾਈ। ਪੋਸਟ ਵਿੱਚ ਕਿਹਾ ਗਿਆ ਹੈ, "ਇਸ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਭਾਰਤੀ ਮੂਲ ਦੇ ਨੌਂ ਲੋਕ ਜ਼ਖ਼ਮੀ ਹੋ ਗਏ; ਬਾਅਦ ਵਿੱਚ ਉਨ੍ਹਾਂ ਨੂੰ ਇਲਾਜ ਲਈ ਐਂਬੂਲੈਂਸ ਰਾਹੀਂ ਨਿਜ਼ਵਾ ਹਸਪਤਾਲ ਲਿਜਾਇਆ ਗਿਆ।" ਪੁਲਿਸ ਨੇ ਹਾਦਸੇ ਦੇ ਕਾਰਨਾਂ ਬਾਰੇ ਕੋਈ ਹੋਰ ਵੇਰਵਾ ਨਹੀਂ ਦਿੱਤਾ। 'ਐਕਸ' (X) 'ਤੇ ਇੱਕ ਪੋਸਟ ਵਿੱਚ, ਰਾਇਲ ਓਮਾਨ ਪੁਲਿਸ ਨੇ ਦੱਸਿਆ, "ਰਾਇਲ ਓਮਾਨ ਪੁਲਿਸ ਦੀ ਏਅਰ ਵਿੰਗ ਨੇ ਸੁਲਤਾਨ ਸੈਦ ਬਿਨ ਤੈਮੂਰ ਸਟ੍ਰੀਟ 'ਤੇ ਇੱਕ ਵਾਹਨ ਦੇ ਖਰਾਬ ਹੋਣ ਅਤੇ ਸੜਕ ਤੋਂ ਉਤਰ ਜਾਣ ਤੋਂ ਬਾਅਦ, ਦੋ ਜ਼ਖ਼ਮੀ ਵਿਅਕਤੀਆਂ ਨੂੰ ਅਲ ਹਮਰਾ ਖੇਤਰ ਤੋਂ ਨਿਜ਼ਵਾ ਹਸਪਤਾਲ ਪਹੁੰਚਾਉਣ ਲਈ ਇੱਕ ਮੁਹਿੰਮ ਚਲਾਈ।















ਪੰਜਾਬ ਸਟਾਰ

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਚਿੰਤਨ

# ਜਦੋਂ ਪੰਜਾਬ ਨੇ ਗਿਰਗਿਟ ਵਾਂਗੂ ਰੰਗ ਬਦਲੇ !



ਬੁੱਧ ਸਿੰਘ ਨੀਲੋਂ
94643-70823



ਇਤਿਹਾਸ ਗਵਾਹ ਹੈ ਕਿ ਲੰਮੇ ਸਮੇਂ ਤੱਕ ਇਤਿਹਾਸ ਰਾਜਿਆਂ-ਰਾਣੀਆਂ ਦੇ ਆਲੇ-ਦੁਆਲੇ ਲਿਖਿਆ ਜਾਂਦਾ ਰਿਹਾ। ਰਾਜੇ ਦੇ ਦਰਬਾਰ ਵਿੱਚ ਬੈਠੇ ਦਰਬਾਰੀ ਇਤਿਹਾਸਕਾਰ ਉਸ ਦੀਆਂ ਜਿੱਤਾਂ ਲਿਖਦੇ, ਉਸ ਦੀਆਂ ਨੀਤੀਆਂ ਨੂੰ ਮਹਾਨ ਦੱਸਦੇ ਅਤੇ ਉਸ ਦੀਆਂ ਹਾਰਾਂ ਨੂੰ ਵੀ ਕਿਸੇ ਨਾ ਕਿਸੇ ਤਰ੍ਹਾਂ ਜਿੱਤ ਬਣਾ ਕੇ ਪੇਸ਼ ਕਰਦੇ ਰਹੇ ਹਨ। ਉਹੀ ਇਤਿਹਾਸ ਸਾਨੂੰ ਸਿੱਖਿਆ ਵਿੱਚ ਪੜ੍ਹਾਇਆ ਜਾਂਦਾ ਰਿਹਾ ਹੈ।

ਰਾਜਿਆਂ ਦੇ ਦਰਬਾਰਾਂ ਵਿੱਚ ਇਤਿਹਾਸਕਾਰਾਂ ਦੇ ਨਾਲ ਕਵੀ ਵੀ ਹੁੰਦੇ ਸਨ। ਉਹ ਰਾਜੇ ਦੀ ਤਲਵਾਰ ਨਾਲੋਂ ਉਸ ਦੀ ਤਾਰੀਫ਼ ਨੂੰ ਤਿੱਖਾ ਕਰਦੇ ਸਨ। ਰਾਜੇ ਦੇ ਕੁੱਲੇ, ਜੁੱਲੇ, ਤਖ਼ਤ ਤੇ ਤਾਜ ਦੀਆਂ ਸਿਫ਼ਤਾਂ ਕਰਨ ਵਾਲੇ ਕੌਲੀ-ਚੱਟ, ਝੋਲੀ-ਚੁੱਕ ਅਤੇ ਦਰਬਾਰੀ ਕਵੀ ਹਰ ਯੁੱਗ ਵਿੱਚ ਮਿਲਦੇ ਰਹੇ ਹਨ। ਸਵਾਲ ਇਹ ਹੈ ਕਿ ਦਰਬਾਰ ਬਦਲੇ ਹਨ ਜਾਂ ਦਰਬਾਰੀ?

ਅੱਜ ਵੀ ਅਜਿਹੇ ਲੇਖਕ, ਕਵੀ ਅਤੇ ਬੁੱਧੀਜੀਵੀ ਮੌਜੂਦ ਹਨ, ਜੋ ਲੋਕਾਂ ਦੇ ਦੁੱਖ-ਦਰਦ, ਬੇਰੁਜ਼ਗਾਰੀ, ਨਸ਼ੇ, ਕਿਸਾਨੀ ਸੰਕਟ, ਸਿੱਖਿਆ, ਸਿਹਤ ਅਤੇ ਆਮ ਮਨੁੱਖ ਦੀ ਜ਼ਿੰਦਗੀ ਬਾਰੇ ਲਿਖਣ ਦੀ ਥਾਂ ਸੱਤਾ ਦੇ ਦਰਵਾਜ਼ਿਆਂ ਦੀ ਧੂੜ ਨੂੰ ਸਾਹਿਤਕ ਸ਼ਬਦਾਂ ਨਾਲ ਚਮਕਾਉਣ ਵਿੱਚ ਵਧੇਰੇ ਦਿਲਚਸਪੀ ਰੱਖਦੇ ਹਨ।

ਕਦੇ ਸੱਤਾ ਦੇ ਦਰਬਾਰ ਵਿੱਚ ਹਾਜ਼ਰੀ ਲੱਗਦੀ ਹੈ, ਕਦੇ ਇਨਾਮਾਂ ਦੀ ਉਡੀਕ ਹੁੰਦੀ ਹੈ, ਕਦੇ ਤਸਵੀਰਾਂ ਖਿਚਵਾਈਆਂ ਜਾਂਦੀਆਂ ਹਨ ਅਤੇ ਕਦੇ ਰੋਮਾਂਟਿਕ ਜਾਂ ਦੇਹਵਾਦੀ ਕਵਿਤਾ ਦੇ ਰੰਗ ਵਿੱਚ ਸਮਾਜ ਦੇ ਵੱਡੇ ਸਵਾਲਾਂ ਨੂੰ ਢੱਕ ਦਿੱਤਾ ਜਾਂਦਾ ਹੈ।

ਪਿੰਡਾਂ ਵਿੱਚ ਅਜਿਹੇ ਕਵੀ ਦਰਬਾਰ ਘੱਟ ਲੱਗਦੇ ਹਨ।

ਕਿਉਂ?

ਕਿਉਂਕਿ ਪਿੰਡ ਦਾ ਆਮ ਬੰਦਾ ਕਵਿਤਾ ਦੀ ਚਮਕ ਨਾਲੋਂ ਆਪਣੀ ਜ਼ਿੰਦਗੀ ਦਾ ਸੱਚ ਜਾਣਦਾ ਹੈ। ਉਹ ਪੁੱਛ ਸਕਦਾ ਹੈ—

"ਭਾਈ, ਤੂੰ ਲਿਖਦਾ ਕੀ ਹੈਂ? ਕਿਸ ਵਾਸਤੇ ਲਿਖਦਾ ਹੈਂ? ਕਿਸ ਦੇ ਪੱਖ ਵਿੱਚ ਲਿਖਦਾ ਹੈਂ? ਤੇ ਤੇਰੀ ਕਲਮ ਦੀ ਕੀਮਤ ਕੌਣ ਲਾਉਂਦਾ ਹੈ?" ਇਹ ਸਵਾਲ ਅਜੇ ਸਾਡੇ ਸਾਹਿਤਕ ਸਮਾਜ ਵਿੱਚ ਪੂਰੀ ਤਾਕਤ ਨਾਲ ਪੁੱਛਿਆ ਨਹੀਂ ਗਿਆ। ਦਰਬਾਰ ਬਦਲ ਗਿਆ, ਚਿਹਰੇ ਬਦਲ ਗਏ ਹਨ, ਕਥਾ ਓਹੀ ਪੁਰਾਣੀ ਹੈ। ਕੁੱਝ ਸਮਾਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਕੁਝ ਵਿਦਵਾਨਾਂ, ਲੇਖਕਾਂ, ਪ੍ਰਕਾਸ਼ਕਾਂ, ਛਾਪਕਾਂ, ਸੰਪਾਦਕਾਂ ਅਤੇ ਕਾਲਮਨਵੀਸਾਂ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਉੱਤੇ ਵੇਖਣ ਨੂੰ ਮਿਲੀਆਂ।

ਤਸਵੀਰਾਂ ਵਿੱਚ ਚਿਹਰੇ ਸਨ, ਅਹੁਦੇ ਸਨ, ਪਹਿਰਾਵੇ ਸਨ ਪਰ ਮੇਰੇ ਲਈ ਇੱਕ ਸਵਾਲ ਸੀ, ਇਹਨਾਂ ਚਿਹਰਿਆਂ ਦੇ ਪਿੱਛੇ ਲੇਖਕ ਕਿੱਥੇ ਹੈ? ਕੌਣ ਲੋਕਾਂ ਦੀ ਗੱਲ ਲੈ ਕੇ ਗਿਆ ਸੀ? ਇਹਨਾਂ ਵਿਚੋਂ ਕਿਸ ਨੇ ਪੰਜਾਬ ਦੀ ਭਾਸ਼ਾ ਦੀ ਗੱਲ ਕੀਤੀ? ਕਿਸ ਨੇ ਬੇਰੁਜ਼ਗਾਰ ਨੌਜਵਾਨ ਦੀ ਗੱਲ ਕੀਤੀ ? ਕਿਸ ਨੇ ਕਿਸਾਨਾਂ ਦੇ ਹਿੱਤਾਂ ਦੀ ਗੱਲ ਉਠਾਈ ਹੋਵੇਗੀ? ਕੌਣ ਪੁੱਛੇਗਾ ਕਿ ਲੋਕਤੰਤਰ ਵਿੱਚ ਸੱਤਾ ਨੂੰ ਸਵਾਲ ਪੁੱਛਣ ਵਾਲੀ ਕਲਮ ਦੀ ਥਾਂ ਕਿੱਥੇ ਹੈ?

ਇੱਕ-ਦੋ ਚਿਹਰਿਆਂ ਦੀ ਪਛਾਣ ਹੋਈ, ਬਾਕੀਆਂ ਦੀ ਨਹੀਂ। ਗਰਮੀ ਦੇ ਮੌਸਮ ਵਿੱਚ ਵੀ ਕੋਟ ਪਾਈ, ਦਾੜ੍ਹੀ ਬੰਨ੍ਹੀ ਬੈਠੇ ਇਹ "ਭਗਤ" ਕੌਣ ਹਨ ? ਇਹ ਜਾਣਨਾ ਵੀ ਆਪਣੇ ਆਪ ਵਿੱਚ ਇੱਕ ਸਾਹਿਤਕ ਖੋਜ ਦਾ ਵਿਸ਼ਾ ਹੋ ਸਕਦਾ ਹੈ। ਪਰ ਗੱਲ ਸਿਰਫ਼ ਇੱਕ ਪਾਰਟੀ ਜਾਂ ਇੱਕ ਸਰਕਾਰ ਦੀ ਨਹੀਂ। ਹਰ ਸੱਤਾ ਨੂੰ ਦਰਬਾਰੀ ਪਸੰਦ ਹੁੰਦੇ ਹਨ। ਜਦੋਂ ਸੱਤਾ ਨੇ ਆਪਣੇ ਹੱਕ ਵਿੱਚ ਮਾਹੌਲ ਬਣਾਉਣਾ ਹੋਵੇ ਤਾਂ ਉਸ ਨੂੰ ਅਜਿਹੇ ਚਿਹਰੇ ਚਾਹੀਦੇ ਹਨ ਜੋ ਲੋਕਾਂ ਦੇ ਸਵਾਲਾਂ ਦੀ ਥਾਂ ਸੱਤਾ ਦੀਆਂ ਉਪਲਬਧੀਆਂ ਗਿਣਾਉਣ। ਅਤੇ ਜਦੋਂ ਸੱਤਾ ਦੇ ਵਿਰੁੱਧ ਲਿਖਣ ਵਾਲੇ ਨੂੰ ਸਵਾਲ ਪੁੱਛਣ ਦੀ ਥਾਂ ਡਰਾਇਆ ਜਾਵੇ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਦਰਬਾਰ ਮਜ਼ਬੂਤ ਹੋ ਰਿਹਾ ਹੈ ਅਤੇ ਲੋਕਤੰਤਰ ਕਮਜ਼ੋਰ।

ਇਲਤੀ ਬਾਬੇ ਦੀ ਪੁਰਾਣੀ ਯਾਦ

ਹੁਣ ਆਓ ਆਪਣੇ ਪਿੰਡ ਵੱਲ ਮੁੜੀਏ।

ਤੁਹਾਨੂੰ ਯਾਦ ਹੈ ਉਹ ਸਮਾਂ, ਜਦੋਂ ਪਿੰਡਾਂ ਦੇ ਖੇਤਾਂ ਵਿੱਚ ਵਹਿੜੇ ਤੇ ਬਲਦ ਕਿਸਾਨ ਦੀ ਖੇਤੀ ਦਾ ਹਿੱਸਾ ਹੁੰਦੇ ਸਨ? ਕੁੱਬਿਆਂ ਵਾਲਾ ਕਾਲੂ ਸਲੋਤਰੀ ਵੀ ਹੁੰਦਾ ਸੀ। ਉਹ ਵੱਛੇ ਖੱਸੀ ਕਰਨ ਆਉਂਦਾ ਸੀ। ਦਸ ਰੁਪਏ ਲੈਂਦਾ, ਆਪਣਾ ਕੰਮ ਕਰਦਾ ਤੇ ਅੱਗੇ ਤੁਰ ਜਾਂਦਾ। ਰੰਗ ਦਾ ਕਾਲਾ ਸੀ, ਪਰ ਦਿਲ ਦਾ ਬੜਾ ਨਰਮ।

ਵਕਤ ਬਦਲਿਆ। ਟਰੈਕਟਰ ਆਏ। ਬਲਦ ਘਟੇ। ਗੱਡੇ ਗਾਇਬ ਹੋਏ। ਪਿੰਡਾਂ ਦੀ ਖੇਤੀ ਬਦਲੀ। ਕਾਲੂ ਬੁੱਢਾ ਹੋ ਗਿਆ। ਉਸ ਦਾ ਕੰਮ ਵੀ ਮੁੱਕ ਗਿਆ।

ਪਰ ਬਾਬੇ ਨੂੰ ਅਜੇ ਤੱਕ ਸਮਝ ਨਹੀਂ ਆਈ ਕਿ ਕਾਲੂ ਦਾ ਕੰਮ ਤਾਂ ਮੁੱਕ ਗਿਆ, ਪਰ ਪੰਜਾਬ ਨੂੰ ਖੱਸੀ ਕਰਨ ਵਾਲੇ ਕੌਣ ਹਨ? ਖੇਤ ਬਦਲੇ, ਬਿਮਾਰੀ ਨਹੀਂ ਪਹਿਲਾਂ ਪਸ਼ੂ ਸਨ, ਫਿਰ ਮਸ਼ੀਨਾਂ ਆਈਆਂ। ਫਿਰ ਟੈਲੀਵਿਜ਼ਨ ਆਇਆ। ਘਰਾਂ ਵਿੱਚ ਤਸਵੀਰਾਂ ਬੋਲਣ ਲੱਗੀਆਂ। ਫਿਰ ਨਸ਼ਿਆਂ ਦੀ ਇੱਕ ਹੋਰ ਕਹਾਣੀ ਸ਼ੁਰੂ ਹੋਈ। ਕਿਸੇ ਨੇ ਡੋਡਿਆਂ ਦਾ ਕਾਰੋਬਾਰ ਕੀਤਾ, ਕਿਸੇ ਨੇ ਹੋਰ ਨਸ਼ਿਆਂ ਦਾ। ਫਿਰ ਟੈਲੀਫੋਨ ਆਇਆ ਤੇ ਚਿੱਠੀਆਂ ਘੱਟ ਹੋਈਆਂ।

ਜੱਟ ਤੇ ਸੀਰੀ ਦਾ ਪੁਰਾਣਾ ਰਿਸ਼ਤਾ ਟੁੱਟਿਆ। ਖੇਤ ਵਿੱਚ ਮਜ਼ਦੂਰ ਦੀ ਥਾਂ ਮਸ਼ੀਨ ਆ ਗਈ। ਪਰ ਜ਼ਮੀਨ ਨਾਲ ਜੁੜੇ ਮਨੁੱਖ ਦੀ ਸਮੱਸਿਆ ਖ਼ਤਮ ਨਾ ਹੋਈ।

ਫਿਰ ਮੋਬਾਈਲ ਆਇਆ। ਨਾਲ ਹੀ ਚਿੱਟਾ ਆਇਆ। ਫਿਰ ਚਿੱਟੀ ਤੇ ਗੁਲਾਬੀ ਮੱਖੀ ਆਈ। ਤੇ ਹੌਲੀ-ਹੌਲੀ ਲੋਕਾਂ ਦੀ ਬੁੱਧ ਵੀ ਮਾਰੀ ਗਈ।

ਜਦੋਂ ਗੀਤਾਂ ਨੇ ਨੌਜਵਾਨਾਂ ਦੇ ਹੱਥਾਂ ਵਿੱਚ ਹਥਿਆਰ ਫੜਾ ਦਿੱਤੇ।

ਇੱਕ ਸਮਾਂ ਸੀ ਜਦੋਂ ਪੰਜਾਬੀ ਗੀਤ ਖੇਤਾਂ, ਮਿੱਟੀ, ਪਿਆਰ ਅਤੇ ਮਿਹਨਤ ਦੀ ਗੱਲ ਕਰਦੇ ਸਨ। ਫਿਰ ਇੱਕ ਦੌਰ ਆਇਆ ਜਦੋਂ ਗੀਤਾਂ ਵਿੱਚ ਜੱਟ ਦੀ ਬੰਦੂਕ, ਗੱਡੀ, ਦਾਰੂ, ਦੁਸ਼ਮਣ, ਕਚਹਿਰੀ ਅਤੇ ਦਬਦਬਾ ਹੀ ਪੰਜਾਬ ਦੀ ਪਹਿਚਾਣ ਬਣਨ ਲੱਗਾ। ਜਿਹੜੇ ਕਿਸਾਨ ਆਪਣੇ ਕਰਜ਼ੇ, ਫ਼ਸਲ ਅਤੇ ਘਰ ਦੀਆਂ ਲੋੜਾਂ ਨਾਲ ਲੜ ਰਹੇ ਸਨ, ਉਨ੍ਹਾਂ ਦੇ ਪੁੱਤਰਾਂ ਨੂੰ ਗੀਤਾਂ ਵਿੱਚ ਨਵੇਂ ਯੁੱਧ ਲੜਾਏ ਜਾਣ ਲੱਗੇ। ਖੇਤ ਵਿੱਚ ਹਲ ਘੱਟ ਹੋਏ, ਗੀਤ ਵਿੱਚ ਹਥਿਆਰ ਵੱਧ ਗਿਆ।

ਇਹ ਸਿਰਫ਼ ਗੀਤ ਦਾ ਬਦਲਾਅ ਨਹੀਂ ਸੀ। ਇਹ ਮਨੁੱਖੀ ਸੋਚ ਦੇ ਬਦਲਾਅ ਦੀ ਕਹਾਣੀ ਸੀ। ਹਸਪਤਾਲ ਸ਼ਹਿਰਾਂ ਵਿੱਚ, ਡੇਰੇ ਪਿੰਡਾਂ ਵਿੱਚ। ਸ਼ਹਿਰਾਂ ਵਿੱਚ ਹਸਪਤਾਲ ਵਧੇ। ਪਿੰਡਾਂ ਵਿੱਚ ਡੇਰੇ ਵਧੇ। ਸਮੱਸਿਆਵਾਂ ਦਾ ਵਿਗਿਆਨਕ ਹੱਲ ਲੱਭਣ ਦੀ ਥਾਂ ਚਮਤਕਾਰਾਂ ਦੇ ਦਰਵਾਜ਼ੇ ਖੁੱਲ੍ਹਣ ਲੱਗੇ। ਕੋਈ ਵਿਦੇਸ਼ ਭੇਜਣ ਦੀ ਗਰੰਟੀ ਦੇਣ ਲੱਗਾ। ਕੋਈ ਘਰ ਦਾ ਕਲੇਸ਼ ਦੂਰ ਕਰਨ ਲੱਗਾ। ਕੋਈ ਪੁੱਤਰ ਦੀ ਦਾਤ ਦੇਣ ਲੱਗਾ। ਕੋਈ ਦੁੱਖ ਦੂਰ ਕਰਨ ਦਾ ਵਾਅਦਾ ਕਰਨ ਲੱਗਾ। ਤੇ ਲੋਕ?

ਦੁੱਖੀ ਮਨੁੱਖ ਨੂੰ ਤਰਕ ਨਾਲੋਂ ਆਸਾਨ ਆਸਰਾ ਚਾਹੀਦਾ ਹੈ। ਇਸੇ ਕਮਜ਼ੋਰੀ ਵਿੱਚੋਂ ਬਹੁਤ ਸਾਰੇ ਡੇਰੇ ਵੱਡੇ ਹੋਏ।

ਦੁੱਧ ਗਿਆ, ਪੁੱਤ ਗਿਆ। ਪੰਜਾਬ ਦੀ ਕਹਾਣੀ ਨੂੰ ਜੇ ਇੱਕ ਵਾਕ ਵਿੱਚ ਲਿਖਣਾ ਹੋਵੇ ਤਾਂ ਸ਼ਾਇਦ ਇਉਂ ਲਿਖੀ ਜਾ ਸਕਦੀ ਹੈ। ਦੁੱਧ ਘਰਾਂ ਵਿੱਚੋਂ ਗਿਆ, ਪੁੱਤ ਪਿੰਡਾਂ ਵਿੱਚੋਂ ਗਿਆ ਤੇ ਬੁੱਧ ਸਾਡੇ ਸਿਰਾਂ ਵਿੱਚੋਂ ਗਈ। ਚੁੱਲ੍ਹਿਆਂ ਵਿੱਚ ਘਾਹ ਉੱਗ ਰਿਹਾ ਹੈ। ਨੌਜਵਾਨ ਵਿਦੇਸ਼ਾਂ ਨੂੰ ਤੁਰ ਰਹੇ ਹਨ। ਕਈ ਪਿੰਡਾਂ ਵਿੱਚ ਖੇਤੀ ਕਰਨ ਵਾਲੇ ਘੱਟ ਰਹਿ ਗਏ ਹਨ। ਘਰ ਵੱਡੇ ਹਨ, ਪਰ ਘਰਾਂ ਵਿੱਚ ਰਹਿਣ ਵਾਲੇ ਘੱਟ ਹਨ।

ਆਪਣੇ ਪੁੱਤਰਾਂ ਨੂੰ ਬਜ਼ੁਰਗ ਉਡੀਕ ਰਹੇ ਹਨ। ਮਾਵਾਂ ਉਡੀਕ ਰਹੀਆਂ ਹਨ। ਪਿਉ ਉਡੀਕ ਰਹੇ ਹਨ।

ਅਤੇ ਪੰਜਾਬ? ਉਹ ਵੀ ਕਿਸੇ ਦੀ ਉਡੀਕ ਕਰ ਰਿਹਾ ਹੈ। ਸ਼ਾਇਦ ਆਪਣੇ ਆਪ ਦੀ। ਬਾਬਾ ਗਿਆਨ ਸਿੰਘ ਦਾ ਸਵਾਲ ਕਰਦਾ ਹੈ। ਮੇਰਾ ਬਾਬਾ ਗਿਆਨ ਸਿੰਘ ਮੈਨੂੰ ਨਿੱਤ ਪੁੱਛਦਾ ਹੈ—

"ਭਲਾ ਆ ਕੁੱਬਿਆਂ ਵਾਲਾ ਕਾਲੂ ਕਦ ਕਰ ਗਿਆ ਵੱਛੇ ਖੱਸੀ?"

ਮੈਂ ਬਾਬੇ ਨੂੰ ਕੀ ਦੱਸਾਂ?

ਕਾਲੂ ਤਾਂ ਕਦੋਂ ਦਾ ਚਲਾ ਗਿਆ। ਹੁਣ ਇਹ ਕੰਮ ਕਾਲੂ ਦਾ ਨਹੀਂ ਰਿਹਾ। ਨਸ਼ਿਆਂ ਨੇ ਸੰਭਾਲਿਆ ਹੋਇਆ ਹੈ। ਹੁਣ ਤਾਂ ਸਵਾਲ ਇਹ ਹੈ ਕਿ ਪੰਜਾਬ ਦੀ ਸੋਚ ਨੂੰ ਕਿਸ ਨੇ ਖੱਸੀ ਕੀਤਾ? ਪੰਜਾਬ ਦੇ ਸਵਾਲਾਂ ਨੂੰ ਕਿਸ ਨੇ ਖੱਸੀ ਕੀਤਾ? ਪੰਜਾਬ ਦੀ ਸਿਆਸਤ ਨੂੰ ਕਿਸ ਨੇ ਖੱਸੀ ਕੀਤਾ? ਪੰਜਾਬ ਦੀ ਜਵਾਨੀ ਨੂੰ ਕਿਸ ਨੇ ਖੱਸੀ ਕੀਤਾ?

ਤੇ ਪੰਜਾਬ ਦੀ ਕਲਮ ਨੂੰ ਕਿਸ ਨੇ ਦਰਬਾਰੀ ਬਣਾਇਆ?

ਬਾਬਾ ਫਿਰ ਪੁੱਛਦਾ ਹੈ—

"ਮੈਂ ਕਦ ਮਰਨਾ?"

ਮੈਂ ਕਹਿੰਦਾ ਹਾਂ—

ਬਾਬਾ, ਸਰੀਰ ਤਾਂ ਇੱਕ ਦਿਨ ਮਰਨਾ ਹੀ ਹੈ।

ਪਰ ਅਸਲ ਖ਼ਤਰਾ ਇਹ ਹੈ ਕਿ ਬੰਦਾ ਜਿਉਂਦਾ ਹੋ ਕੇ ਵੀ ਸਵਾਲ ਪੁੱਛਣੇ ਛੱਡ ਦੇਵੇ। ਉਦੋਂ ਉਹ ਮਰ ਜਾਂਦਾ ਹੈ।

ਕਿਉਂਕਿ ਜਿਸ ਦਿਨ ਲੋਕ ਸਵਾਲ ਪੁੱਛਣੇ ਛੱਡ ਦਿੰਦੇ ਹਨ, ਉਸ ਦਿਨ ਦਰਬਾਰੀ ਲੇਖਕਾਂ ਦੀ ਕਲਮ ਜਿੱਤ ਜਾਂਦੀ ਹੈ। ਅਤੇ ਜਿਸ ਦਿਨ ਕਲਮ ਸੱਤਾ ਨੂੰ ਸਵਾਲ ਪੁੱਛਣ ਦੀ ਥਾਂ ਸੱਤਾ ਦੀ ਤਸਵੀਰ ਖਿੱਚਣ ਲੱਗ ਪਵੇ—

ਉਸ ਦਿਨ ਇਤਿਹਾਸ ਨਹੀਂ ਲਿਖਿਆ ਜਾਂਦਾ, ਦਰਬਾਰ ਦੀ ਵਡਿਆਈ ਲਿਖੀ ਜਾਂਦੀ ਹੈ। ਬਾਬਾ ਮਰ ਰਿਹਾ ਹੈ ਜਾਂ ਮਾਰ ਦਿੱਤਾ ਗਿਆ ਹੈ ? ਇਹ ਸਵਾਲ ਬਾਬੇ ਦਾ ਨਹੀਂ, ਸਾਡੇ ਸਾਰਿਆਂ ਦਾ ਹੈ।

ਸਾਨੂੰ ਖੱਸੀ ਕੌਣ ਕਰ ਗਿਆ ਹੈ?

# ਇਨਸਾਨ ਬਣੋ ਇਨਸਾਨ

ਏ ਇਨਸਾਨ
ਕੀ ਕਹਿੰਦਾ ਹੈ ਤੂੰ
ਆਪਣੇ ਆਪ ਨੂੰ ਇਨਸਾਨ
ਕਹਾਉਂਦਾ ਹੈਂ
ਕੀ ਤੇਰੇ ਅੰਦਰ ਇਨਸਾਨੀਅਤ
ਵੀ ਹੈ ਕਿ ਨਹੀਂ
ਕਿ ਤੇਰੀ ਜ਼ਮੀਰ ਵੀ ਮਰੀ ਪਈ ਹੈ
ਸੁਣਿਆ ! ਪਤਾ ਹੈ ਤੈਨੂੰ ਕਿ
ਜੱਗਦੀ ਜ਼ਮੀਰ ਵਾਲੇ ਇਨਸਾਨ ਹੁੰਦੇ ਹਨ
ਉਹਨਾਂ ਦੇ ਅੰਦਰ ਇਨਸਾਨੀਅਤ ਹੁੰਦੀ ਹੈ
ਉਹ ਨਫ਼ਰਤ ਕਰਨਾ ਨਹੀਂ ਜਾਣਦੇ ਕਿਸੇ ਨਾਲ
ਹਰ ਇੱਕ ਦੀ ਦਿਲੋਂ ਸਹਾਇਤਾ ਕਰਦੇ ਹਨ
ਸੱਭ ਨੂੰ ਪਿਆਰਦੇ ਤੇ ਸਤਿਕਾਰਦੇ ਹਨ ਉਹ
ਅਗਰ ਕਿਤੇ ਕੁਝ ਗਲਤ ਹੁੰਦਾ ਦੇਖਦੇ
ਤਾਂ ਰੂਹ ਝੰਜੋੜੀ ਜਾਂਦੀ ਹੈ ਉਹਨਾਂ ਦੀ
ਉਹਨਾਂ ਦੇ ਅੰਦਰ ਇਨਸਾਨੀਅਤ ਹੁੰਦੀ ਹੈ
ਅਸਲ ਵਿੱਚ ਉਹ ਇਨਸਾਨ ਹੁੰਦੇ ਹਨ।
ਪਰ ਤੂੰ ਕੀ ਕੀਤਾ
ਪੈਸਾ ਕਮਾ ਲਿਆ ਤੂੰ
ਸਰਾਵਾਂ ਬਣਾ ਦਿੱਤੀਆਂ
ਦਾਨ-ਪੁੰਨ ਵੀ ਕੀਤਾ
ਲੰਗਰ ਲਗਾ ਦਿੱਤੇ
ਮਦਦ ਵੀ ਕੀਤੀ ਲੋਕਾਂ ਦੀ
ਪਾਠ - ਪੂਜਾ ਵੀ ਕਰਦਾ ਏਂ
ਪਰ ਕੀ ਤੇਰੇ ਅੰਦਰੋਂ ਮੈਂ ਗਈ
ਜੱਦ ਤੇਰੇ ਅੰਦਰੋਂ ਮੈਂ ਨਹੀਂ ਗਈ
ਕਿ ਮੈਂ ਜੋ ਚਾਹੇ ਕਰ ਸਕਦਾ ਹਾਂ
ਪੈਸੇ ਦੇ ਬੱਲ ਬੂਤੇ ਤੇ ਜਾਇਜ਼ ਨਾਜਾਇਜ਼
ਸੱਭ ਕਰ ਸਕਦਾ ਹੈਂ ਤੂੰ ਤੇ।
ਹੈਂਕੜ ਤੇ ਗਈ ਨਹੀਂ ਤੇਰੀ ਕਿ
ਕਿਵੇਂ ਕਿਸੇ ਨੂੰ ਨੀਚਾ ਦਿਖਾਉਣਾ ਹੈ
ਕਿਵੇਂ ਕਿਸੇ ਦਾ ਤੋੜ- ਵਿਛੋੜਾ ਕਰਾਉਣਾ ਹੈ
ਮੁਹੱਬਤ ਦੀ ਜਗਹ ਕਿਵੇਂ ਕਿਸੇ ਦੇ ਅੰਦਰ
ਨਫ਼ਰਤ ਦੇ ਬੀਜ ਬੀਜਣੇ ਹਨ।
ਏ ਇਨਸਾਨ ! ਸਕੂਨ ਤੇ ਤੈਨੂੰ
ਇਕ ਪੱਲ ਵੀ ਨਹੀਂ ਕਿਤੇ
ਦੁਨੀਆਵੀ ਭੰਬਲ - ਭੂਸੇ ਵਿੱਚ
ਭਟਕਦਾ ਫਿਰ ਰਿਹਾ ਹੈ ਤੂੰ
ਗਲਤ ਹੈ ਕਿ ਤੂੰ ਪੈਸੇ ਦੇ
ਬੱਲ -ਬੂਤੇ ਤੇ ਸੱਭ ਕਰ ਸਕਦਾ ਹੈਂ
ਪੈਸੇ ਨੇ ਤੇਰੀ ਬੁੱਧੀ ਭ੍ਰਿਸ਼ਟ ਕੀਤੀ ਹੋਈ ਹੈ
ਅੱਖਾਂ ਤੇਰੀਆਂ ਤੇ ਝੂਠੀ ਤੇ ਫੋਕੀ
ਸ਼ੋਹਰਤ ਦੀ ਪੱਟੀ ਬੰਨੀ ਪਈ ਹੈ
ਇਹ ਪੈਸਾ , ਰੁਤਬੇ , ਸ਼ਾਨੋ-ਸ਼ੌਕਤ
ਸੱਭ ਇੱਥੇ ਹੀ ਰਹਿ ਜਾਣੈ ਹਨ
ਗੁਣ ਤੇ ਚੰਗੇ ਕੀਤੇ ਕੰਮ ਨਾਲ ਜਾਣਗੇ ਸਾਡੇ
ਏ ਇਨਸਾਨ ! ਅਜੇ ਵੀ ਕਹਿੰਦੀ ਹਾਂ
ਈਰਖਾ ਕਰਨੀ ਛੱਡ ਪਹਿਲਾਂ ਤੂੰ
ਤੇ ਮੈਂ ਨੂੰ ਅੰਦਰੋਂ ਦੂਰ ਭਜਾ
ਪਿਆਰ ਕਰ ਸੱਭਨਾਂ ਨਾਲ ।
ਇੱਕ ਹੀ ਹੋਕਾ ਬਾਰ ਬਾਰ
ਚੀਕ ਚੀਕ ਕੇ ਦਿਆਂਗੀ ਮੈਂ
ਪਹਿਲਾਂ
ਇਨਸਾਨ ਬਣੋ ਇਨਸਾਨ।
ਇਨਸਾਨ ਬਣੋ ਇਨਸਾਨ॥
ਗੁਰਬਾਣੀ ਵਿਚ ਵੀ ਸ਼ਬਦ ਹੈ
"ਸਭੇ ਸਾਝੀਵਾਲ ਸਦਾਇਨਿ ਤੂੰ ,
ਕਿਸੈ ਨ ਦਿਸਹਿ ਬਾਹਰਾ ਜੀਉ"
ਇਸੇ ਲਈ ਬਾਰ ਬਾਰ ਕਹਿੰਦੀ ਹਾਂ
ਇਨਸਾਨ ਬਣੋ ਇਨਸਾਨ
ਇਨਸਾਨ ਬਣੋ ਇਨਸਾਨ ।



(ਰਮਿੰਦਰ ਰੰਮੀ)









# ਫਿਲਿਪੀਨੋ ਬੀਬੀ...



ਸਟੋਰ ਤੇ ਖਰਬੂਜੇ ਸੇਲ ਤੇ ਸਨ..ਪੰਜਾਬ ਦੇ ਰੋਹੀਆਂ ਟਿੱਬਿਆਂ ਵਾਲਿਆਂ ਵਰਗੇ..ਲੈਣ ਚਲਾ ਗਿਆ..ਅੱਗੇ ਫਿਲਿਪੀਨੋ ਬੀਬੀ ਨੇ ਮੋਰਚਾ ਮੱਲਿਆ ਹੋਇਆ..ਇੱਕ ਚੁੱਕ ਲਵੇ..ਸੁੰਘ ਕੇ ਥੱਲੇ ਰੱਖ ਦਵੇ..ਕਦੇ ਟਣਕਾ ਕੇ ਕਦੇ ਘੁਮਾ ਕੇ ਹਰ ਐਂਗਲ ਤੋਂ..ਪਰ ਪਸੰਦ ਨਾ ਆਵੇ..ਮੈਂ ਪਿੱਛੇ ਖਲੋ ਇੰਤਜ਼ਾਰ ਕਰਨਾ ਬੇਹਤਰ ਸਮਝਿਆ..!

ਅਚਾਨਕ ਪੈਨਿੱਕ ਜਿਹੀ ਹੋ ਕੇ ਕਾਹਲੀ ਨਾਲ ਦੋ ਚੁੱਕੇ ਅਤੇ ਪਾਸੇ ਜਿਹੇ ਹੋ ਕੇ ਖਲੋ ਗਈ..!

ਮੇਰੀ ਵਾਰੀ ਆਈ..ਇੱਕ ਮੋਟਾ ਤਾਜਾ ਪਹਿਲੋਂ ਹੀ ਮੇਰੀ ਨਜ਼ਰ ਵਿਚ ਸੀ..ਮੈਂ ਉਹ ਚੁੱਕਿਆ ਤੇ ਛੇਤੀ ਨਾਲ ਤੁਰ ਪਿਆ..!

ਤੇਜੀ ਨਾਲ ਵਾਪਰੇ ਘਟਨਾਕ੍ਰਮ ਮਗਰੋਂ ਬੀਬੀ ਨੇ ਰੇਹੜੀ ਵਿਚ ਰੱਖੇ ਆਪਣੇ ਦੋਹਾਂ ਵੱਲ ਵੇਖਿਆ ਤੇ ਕੁਝ ਸੋਚ ਫੇਰ ਤੋਂ ਵਾਪਿਸ ਰੱਖ ਦਿੱਤੇ..ਅਤੇ ਫੇਰ ਤਲਾਸ਼ ਸ਼ੁਰੂ ਹੋ ਗਈ ਮੇਰੇ ਵਰਗੇ ਕਿਸੇ ਹੋਰ ਮੋਟੇ ਤਾਜੇ ਦੀ..!

ਜਿਕਰਯੋਗ ਏ ਕੇ ਮੈਂ ਓਹੀ ਚੁੱਕਿਆ ਸੀ ਜਿਹੜਾ ਉਸਨੇ ਮੇਰੀਆਂ ਅੱਖਾਂ ਸਾਮਣੇ ਘੜੀ ਕੂ ਪਹਿਲੋਂ ਹੀ ਚੁੱਕ ਕੇ ਵਾਪਿਸ ਰੱਖ ਦਿੱਤਾ ਸੀ!

ਪਿੰਡ ਵਾਲੀ ਚਾਚੀ ਪ੍ਰਸਿੰਨ ਕੌਰ ਚੇਤੇ ਆ ਗਈ..ਪੁੱਤ ਕਿੰਨੀ ਥਾਵੇਂ ਮੰਗਿਆ..ਅਖੀਰ ਤੇ ਨਾਂਹ ਕਰ ਦਿਆ ਕਰੇ..ਫੇਰ ਕੌੜਾ ਸਬੱਬ..ਕਿਸੇ ਵੇਲੇ ਵੇਖ ਕੇ ਛੱਡੀ ਹੋਈ ਇੱਕ ਸ਼ਰੀਕੇ ਚੋਂ ਕਿਸੇ ਘਰ ਦੀ ਨੂੰਹ ਬਣ ਕੇ ਆ ਗਈ..ਵੇਖ ਵੇਖ ਝੂਰਦੀ ਰਿਹਾ ਕਰੇ..ਕੁੜੀ ਕਾਹਦੀ ਨਿਰਾ ਹੀਰਾ ਏ..ਮੈਂਥੋਂ ਐਵੇਂ ਨਾਂਹ ਹੋ ਗਈ..!

ਸਾਰੀ ਉਮਰ ਭਟਕਦੀਆਂ ਰਹਿੰਦੀਆਂ ਕੁਝ ਰੂਹਾਂ..ਦੁਬਿਧਾ ਦੋਚਿੱਤੀ ਡਬਲ-ਮਾਈਂਡਿੱਡ..ਸ਼ੱਕੀ..ਸਵਾਲੀਆ ਨਿਸ਼ਾਨ ਚੁੱਕੀ ਕੰਸੋਵਾ ਲੈਂਦੀ ਸੋਚ..ਲਏ ਹੋਏ ਫੈਸਲਿਆਂ ਤੇ ਪ੍ਰੋੜਤਾ ਭਾਲਦੇ ਭੋਲੇ ਪੰਛੀ..ਦੂਜੇ ਦੀ ਥਾਲੀ ਵੱਲ ਵੇਖ ਆਪਣਾ ਛੋਟਾ ਤੇ ਭੈੜਾ ਲੱਗਣ ਲੱਗਦਾ..ਸਾੜੇ ਈਰਖਾ ਹੀਣ-ਭਾਵਨਾ ਦੇ ਮੁਜੱਸਮੇਂ..!

ਜਗਮੀਤ ਸਿੰਘ ਬਰਾੜ..ਧੜੱਲੇ ਦਾਰ ਬੁਲਾਰਾ..ਪੰਥਿਕ ਦਰਦ ਰੱਖਣ ਵਾਲਾ..ਪਰ ਪਾਰਟੀਆਂ ਬਹੁਤ ਬਦਲੀਆਂ..ਪਿੱਛੇ ਜਿਹੇ ਮੋਦੀ ਨਾਲ ਬੈਠੇ ਹੋਏ ਦੀ ਫੋਟੋ ਵਾਇਰਲ ਹੋਈ..!

ਸ਼ਿਵ ਆਖਰੀ ਸਾਹਾਂ ਤੇ ਸੀ..ਨਾਲਦੀ ਨੂੰ ਆਖਣ ਲੱਗਾ ਕਿਸੇ ਸਾਧ ਹਕੀਮ ਦੀ ਪੁੜੀ ਬਚੀ ਹੈ ਤਾਂ ਲਿਆਦੇ..ਖਾਂਦਾ ਜਾਵਾਂ ਨਹੀਂ ਤੇ ਆਖੂ ਮੇਰੀ ਦਵਾਈ ਨਹੀਂ ਸੀ ਖਾਦੀ ਤਾਂ ਮਰ ਗਿਆ..!

ਸ਼ਿਵ ਤੇ ਦੂਜੀ ਕਹਾਣੀ..ਬਟਾਲੇ ਕੋਲ ਪਟਵਾਰੀ ਲੱਗਾ ਸੀ..ਕਿਸੇ ਲੰਬੜਦਾਰ ਨੇ ਘਰੇ ਸੱਦਿਆ..ਮਿੱਠੀ ਲੱਸੀ ਪਿਆਈ..ਫੇਰ ਆਖਣ ਲੱਗਾ ਯਾਰ ਸ਼ਿਵ ਮੇਰਾ ਕੰਮ ਏ ਇੱਕ ਅੜਿਆ ਹੋਇਆ..ਉਹ ਕਰਾਦੇ..!

ਅੱਗਿਓਂ ਕਹਿੰਦਾ..ਨੰਬਰਦਾਰਾ ਕੰਮ ਤੇ ਤੇਰਾ ਨਹੀਓਂ ਹੋਣਾ..ਆਹ ਲੈ ਫੜ ਚਵਾਨੀ ਮਿੱਠੇ ਦੀ ਕੀਮਤ..ਰਹੀ ਗੱਲ ਲੱਸੀ ਦੀ ਸਮਝੀ ਕੁੱਤਾ ਪੀ ਗਿਆ..!

ਸਰਲ ਸਪਸ਼ਟ ਲੋਕ..ਆਖਰੀ ਟਾਈਮ ਪੀ.ਜੀ.ਆਈ ਡਾਕਟਰਾਂ ਜੁਆਬ ਦੇ ਦਿੱਤਾ..ਨਾਲਦੀ ਨੂੰ ਆਖਣ ਲੱਗਾ ਮੈਨੂੰ ਪਿੰਡ ਲੈ ਚੱਲ..ਸੈਕਟਰ ਬਾਈ ਤੇ ਗਿਆਨੀ ਦੀ ਹੱਟੀ ਕੋਲ ਬਣੇ ਲੋਹੇ ਦੇ ਜੰਗਲੇ ਕੋਲ ਗੱਡੀ ਰੁਕਵਾ ਲਈ..ਇਥੇ ਕਿਸੇ ਵੇਲੇ ਯਾਰਾਂ ਦੀ ਮਹਿਫ਼ਿਲ ਸੱਜਦੀ..ਪਰ ਅੱਜ ਸਭ ਗਾਇਬ ਸਨ..ਕਿਧਰੇ ਮਰਿਆ ਸੱਪ ਗੱਲ ਨਾ ਪੈ ਜਾਵੇ..ਅਖੀਰ ਪੱਥਰਾਂ ਦੇ ਸ਼ਹਿਰ ਨੂੰ ਅਲਵਿਦਾ ਆਖ ਗਿਆ..!

ਵਡਾਲਾ ਗ੍ਰੰਥੀਆਂ ਕੋਲ ਲੀਲ ਕਲਾਂ ਦੇ ਪੁਲ ਤੇ ਠੰਡੀ ਥਾਂ ਖਰਬੂਜਿਆਂ ਦਾ ਢੇਰ ਲੱਗਾ ਹੁੰਦਾ..ਰਾਖੀ ਬੈਠੇ ਨਿੱਕੇ ਜਿਹੇ ਮੁੰਡੇ ਨੂੰ ਆਖਣਾ ਕੋਈ ਵਧੀਆ ਜਿਹਾ ਦਾਣਾ ਕੱਢ ਕੇ ਦੇ..!

ਉਸਨੇ ਇੱਕ ਚੁੱਕਣਾ..ਥਾਪੀ ਮਾਰ ਤਨਕਾਉਣਾ..ਫੇਰ ਹੇਠਾਂ ਰੱਖ ਦੇਣਾ..ਫੇਰ ਦੂਜਾ ਚੁੱਕਣਾ ਤੇ ਫੇਰ ਤੀਜੇ ਨੂੰ ਟਣਕਾ ਕੇ ਸਾਨੂੰ ਫੜਾ ਦੇਣਾ..ਆਹ ਲਵੋ ਜੀ ਸ਼ਹਿਦ ਵਾਂਙ ਮਿੱਠਾ..ਜੇ ਨਾ ਨਿੱਕਲਿਆ ਤਾਂ ਮੋੜ ਜਾਇਓ..!

ਕੇਰਾਂ ਪਿਤਾ ਜੀ ਨੇ ਪੁੱਛ ਲਿਆ ਕੇ ਟਣਕਾ ਕੇ ਕਿੱਦਾਂ ਪਤਾ ਲੱਗਾ ਜਾਂਦਾ ਕੇ ਮਿੱਠਾ ਨਿੱਕਲੂ?

ਅੱਗਿਓਂ ਦੱਸਣ ਲੱਗਾ ਜੀ ਮਿੱਠੇ ਸਾਰੇ ਹੀ ਹੁੰਦੇ ਪਰ ਬਾਪੂ ਕਹਿੰਦਾ ਇੰਝ ਟਣਕਾ ਕੇ ਦੋਹਾਂ ਮਗਰੋਂ ਤੀਜੇ ਵਾਲਾ ਫੜਾ ਦੇਈਏ ਤਾਂ ਗ੍ਰਾਹਕ ਦਾ ਇਤਬਾਰ ਬੱਝ ਜਾਂਦਾ..!

ਗੱਲ ਸਾਰੀ ਇਤਬਾਰ ਤੇ ਜਾ ਮੁੱਕਦੀ..ਵਿਓਪਾਰ ਵਿਚ ਟੁੱਟ ਜਾਵੇ ਤਾਂ ਸਭ ਕੁਝ ਤਹਿਸ-ਨਹਿਸ..ਧੀ ਪੁੱਤ ਤੋੜ ਦੇਵੇ ਤਾਂ ਮਾਪੇ ਕੱਖੋਂ ਹੌਲੇ ਤੇ ਜੇ ਉਸ ਅਕਾਲ ਪੁਰਖ ਦੀ ਹੋਂਦ ਵਿਚ ਨਾ ਰਹੇ ਤਾਂ ਬੰਦਾ ਨਾ ਘਰ ਦਾ ਨਾ ਘਾਟ ਦਾ..!

ਅਨੰਦਪੁਰ ਸਾਬ..ਤੁਰੇ ਜਾਂਦੇ ਦਸਮ ਪਿਤਾ ਨੇ ਸਹਿ-ਸੁਭਾਅ ਇੱਕ ਪੱਥਰ ਚੁੱਕਿਆ ਤੇ ਪਾਣੀ ਵਿਚ ਦੇ ਮਾਰਿਆ..ਫੇਰ ਕੱਲੇ ਕੱਲੇ ਸਿੰਘ ਨੂੰ ਪੁੱਛਣ ਲੱਗੇ..ਭਾਈ ਦੱਸੋ ਇਹ ਡੁੱਬਿਆ ਕਿਓਂ..?

ਆਪੋ ਆਪਣੀ ਅਧਿਆਤਮਕ ਸੋਚ ਮੁਤਾਬਿਕ ਕੋਈ ਆਖੇ ਜੀ ਭਾਰਾ ਸੀ ਤਾਂ ਡੁੱਬ ਗਿਆ..ਕੋਈ ਕੁਝ ਤੇ ਕੋਈ ਕੁਝ ਹੋਰ..ਭਾਈ ਨੰਦ ਲਾਲ ਜੀ ਦੀ ਵਾਰੀ ਆਈ ਤਾਂ ਆਖਣ ਲੱਗੇ ਪਾਤਸ਼ਾਹ ਜਿਹੜਾ ਤੁਹਾਡੇ ਹੱਥੋਂ ਛੁੱਟ ਗਿਆ..ਉਸ ਨੇ ਤਾਂ ਡੁੱਬਣਾ ਹੀ ਸੀ..!

ਅੱਜ ਦਸਮ ਪਿਤਾ ਦੀ ਸੋਚ ਫਲਸਫੇ ਸਿਧਾਂਤ ਤੋਂ ਖਿਸਕ ਗਈਆਂ ਕਈ ਧਿੱਰਾਂ..ਰੋਜ ਹੀ ਖਬਰਾਂ ਆਉਂਦੀਆਂ..ਕੋਈ ਗੁੰਮਨਾਮੀ ਦੇ ਗਾਰੇ ਵਿਚ ਡੁੱਬ ਕੇ ਮੁੱਕ ਗਿਆ ਤੇ ਕੋਈ ਖਲੋਤੀ ਹੋਈ ਸੋਚ ਦੇ ਬਦਬੋਦਾਰ ਪਾਣੀ ਵਿਚ ਦਮ ਤੋੜ ਗਿਆ..!

ਅਣਗੌਲੀ,ਅਣਜਾਣੀ,ਚੁੱਪਚਾਪ ਵਾਲੀ ਰਵਾਨਗੀ..ਯੋਗਾ ਮੈਟ ਤੇ ਪਾਈ ਦੱਬ ਮਗਰੋਂ ਪਏ ਪੈਰ ਦੇ ਥੋੜਚਿਰੇ ਨਿਸ਼ਾਨ ਵਾਂਙ..ਵਕਤੀ ਪ੍ਰਭਾਵ ਛੱਡ!

ਹਰਪ੍ਰੀਤ ਸਿੰਘ ਜਵੰਦਾ

# ਸਾਰੀਆਂ ਔਰਤਾਂ ਖ਼ੂਬਸੂਰਤ ਨਹੀਂ ਹੁੰਦੀਆਂ

ਕੁੱਝ ਕੁ ਔਰਤਾਂ ਦੇ ਦਿਲ ਕਾਲੇ ਹੁੰਦੇ ਨੇ....
ਹਾਂ ਪਰ ਓਹ ਮਰਦ ਸੋਹਣੇ ਦਿਲਾਂ ਦੇ ਮਾਲਿਕ ਹੁੰਦੇ ਨੇ
ਜੋ ਕਾਲੇ ਦਿਲਾਂ ਵਾਲੀਆਂ ਔਰਤਾਂ ਬਾਬਤ ਸਭ ਜਾਣਦਿਆਂ ਵੀ ਉਹਨਾਂ ਨੂੰ ਦੁੱਗਣਾ ਮਾਨ ਸਤਿਕਾਰ ਦਿੰਦੇ ਨੇ ..
ਵਹਿਮ ਏ ਕਿ ਬਿੱਲੀਆਂ ਅੱਖਾਂ ਵਾਲੇ ਲੋਕ ਦਿਲ ਦੇ ਖੋਟੇ ਹੁੰਦੇ ਨੇ
ਮੈਂ ਜਿੰਨੇ ਵੀ ਫਰੇਬੀ ਲੋਕਾਂ ਨੂੰ ਮਿਲੀ ਹਾਂ , ਉਹਨਾਂ ਸਭ ਦੀਆਂ ਅੱਖਾਂ ਕਾਲੀਆਂ ਸਨ....
ਪਤਾ ਨਹੀਂ ਕੌਣ ਗੱਲ ਬਣਾ ਗਿਆ ਹੱਥਾਂ ਦੀਆਂ ਹਥੇਲੀਆਂ ਵਿਚਲੇ ਬਣਦੇ ਚੰਦ ਬਾਰੇ
ਮੇਰੀ ਮਾਂ ਦੀਆਂ ਸਖ਼ਤ ਹਥੇਲੀਆਂ ਨੂੰ ਜੋੜ ਇੱਕ ਟੁੱਟਿਆ ਜੇਹਾ ਚੰਦ ਬਣਦੈ
ਤੇ ਮਾਂ ਨੂੰ ਕਦੀ ਵੀ ਸਾਨੂੰ ਏਹ ਦੱਸਣ ਦੀ ਲੋੜ ਨਹੀਂ ਪਈ ਕਿ
ਜਿਸ ਲੜ੍ਹ ਉਹ ਲੱਗੀ ਏ, ਉਹ ਬੰਦਾ ਦਿਲ ਦਾ ਕਿੰਨਾ ਸੋਹਣਾ ਏ ....
ਜੋ ਮਰਦ ਹਰ ਔਰਤ ਨੂੰ ਛਾਤੀਆਂ ਤੋਂ ਹੀ ਦੇਖਣਾ ਸ਼ੁਰੂ ਕਰਦਾ ਏ
ਯਕੀਨਨ ਉਹ ਆਵਦੀ ਚਾਚੀ ,ਤਾਈ ਤੇ ਭੈਣ ਨੂੰ ਵੀ ਐਵੇਂ ਹੀ ਨਾਪਦਾ ਹੋਊ....
ਜਿੰਨਾਂ ਔਰਤਾਂ ਲਈ ਵਿਆਹ ਦੇ ਅਰਥ ਸਿਰਫ਼ ਜਵਾਕ ਜੰਮਣਾ ਨਹੀਂ ਹੁੰਦਾ
ਉਹ ਔਰਤਾਂ ਆਵਦੇ ਵਰਗਾ ਵਰ ਲੱਭਦੀਆਂ ਨੇ ਪਰ ਜਦ ਇੰਝ ਸੰਜੋਗ ਨਹੀਂ ਜੁੜ ਦੇ
ਤਾਂ ਉਹਨਾਂ ਦੀ ਦੱਬੀ ਗਈ ਚੀਕ ਦੀ ਘੁਟਣ ਅਸਹਿ ਹੋ ਜਾਂਦੀ ਏ
ਪਰ ਉਹ ਸਹਿ ਲੈਂਦੀਆਂ ਨੇ ਤੇ ਓਹ ਚੀਕ ਕਵਿਤਾਵਾਂ ਦਾ ਰੂਪ ਲੈ ਲੈਂਦੀ ਏ !!

ਲਿਖਤ- ਬਰਾੜ ਜੈਸੀ

# ਗ਼ਜ਼ਲ

ਦਸ਼ਾ ਇਹ ਹੈ ਮੇਰੇ ਮਨ ਦੀ
ਖਤਾ ਕਰਦਾਂ ਤੇ ਭੁੱਲ ਜਾਨਾਂ।
ਤੇਰਾ ਜੇ ਹੁੱਕਮ ਨਹੀਂ ਮੰਨਦਾ
ਉਮਰ ਭਰ ਰਾਹੀਂ ਰੁਲ ਜਾਨਾਂ।

ਮੈਂ ਆਹ ਕਰ ਲਾਂ,ਮੈਂ ਔਹ ਕਰ ਲਾਂ
ਉਮਰ ਏਵੇਂ ਗੁਜ਼ਰ ਜਾਣੀ
ਵਣਜ ਕੂੜੇ ਕਰੀ ਜਾਨਾਂ
ਤੇ ਦੌਲਤ ਨਾਲ ਤੁੱਲ ਜਾਨਾਂ।

ਨਹੀਂ ਨਿਭਣਾ ਕੋਈ ਰਿਸ਼ਤਾ
ਫ਼ਖਰ ਫਿਰ ਵੀ ਸਦਾ ਕਰਦਾਂ
ਪਤੈ ਧੋਖੇ ਤੇ ਗੱਲ ਮੁੱਕਣੀ
ਤੇ ਹਰ ਇੱਕ ਨਾਲ ਖੁੱਲ੍ਹ ਜਾਨਾਂ।

ਕਦਰ ਤੇਰੀ ਬੇਕਦਰੇ ਨੂੰ
ਨਾ ਹੈ ਅਹਿਸਾਸ ਚੰਦਰੇ ਨੂੰ
ਸਿਵਾ ਤੇਰੇ ਮੈਂ ਸਭਨਾਂ ਵਿੱਚ
ਤੇ ਹੋ ਬੇਝਿਜਕ ਘੁਲ ਜਾਨਾਂ।

ਇਹ ਦੌਲਤ ,ਸ਼ੋਹਰਤਾਂ ਸੱਚ ਨਾ
ਹੈ ਤਾਂ ਫਿਰ ਮਾਣ ਕਿਸ ਗੱਲ ਦਾ
ਸਥਿਰ ਕੁਛ ਨਾ ਸਿਵਾ ਰੱਬ ਦੇ
ਤੇ ਫਿਰ ਹਰ ਸ਼ੈਅ ਤੇ ਡੁੱਲ੍ਹ ਜਾਨਾਂ।

ਹਕੀਕਤ ਕੀ,ਹੈਸੀਅਤ ਕੀ
ਭਰੋਸਾ ਕੀ ਹੈ ਸਾਹਾਂ ਦਾ
ਭੁਲੇਖਾ ਕੱਢ ਦਿਲੋਂ ਕੋਮਲ
ਤੂੰ ਬਣ ਆਪੇ ਅਮੁੱਲ ਜਾਨਾਂ।

ਸਤਿਨਾਮ ਸਿੰਘ ਕੋਮਲ

# ਪੰਜਾਬੀ ਸਾਹਿਤ ਸਭਾ ਕੈਲਗਰੀ (ਰਜਿ.) ਵੱਲੋਂ ਸਾਹਿਤਕਾਰ ਤੇ ਪੱਤਰਕਾਰ ਡਾ. ਸੁਖਦੇਵ ਸਿੰਘ ਝੰਡ ਦਾ ਮਾਣ-ਸਨਮਾਨ











ਕੈਲਗਰੀ, (ਸੁਰਿੰਦਰ ਗੀਤ) – ਲੰਘੇ ਸ਼ਨੀਵਾਰ ਪੰਜਾਬੀ ਸਾਹਿਤ ਸਭਾ ਕੈਲਗਰੀ (ਰਜਿ.) ਦੀ ਅਗਸਤ ਮਹੀਨੇ ਦੀ ਇਕੱਤਰਤਾ 22 ਅਗਸਤ ਨੂੰ ਕੋਸੋ ਹਾਲ ਵਿੱਚ ਬਾਅਦ ਦੁਪਹਿਰ ਦੋ ਵਜੇ ਪੰਜਾਬੀ ਸਾਹਿਤ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ, ਸਾਹਿਤਕਾਰ ਤੇ ਪੱਤਰਕਾਰ ਡਾ. ਸੁਖਦੇਵ ਸਿੰਘ ਝੰਡ ਅਤੇ ਉਨ੍ਹਾਂ ਦੀ ਧਰਮ ਪਤਨੀ ਸਰਦਾਰਨੀ ਜਗਦੀਸ਼ ਕੌਰ ਝੰਡ ਦੀ ਪ੍ਰਧਾਨਗੀ ਵਿੱਚ ਸਾਹਿਤ-ਪ੍ਰੇਮੀਆਂ ਦੀ ਭਰਵੀਂ ਹਾਜ਼ਰੀ 'ਚ ਹੋਈ। ਇਸ ਇਕੱਤਰਤਾ ਵਿੱਚ ਪੰਜਾਬੀ ਸਾਹਿਤ ਸਭਾ ਕੈਲਗਰੀ ਵੱਲੋਂ ਸਾਹਿਤਕਾਰ ਤੇ ਪੱਤਰਕਾਰ ਡਾ. ਸੁਖਦੇਵ ਸਿੰਘ ਝੰਡ ਨੂੰ ਪੰਜਾਬੀ ਸਾਹਿਤ ਅਤੇ ਪੱਤਰਕਾਰੀ ਵਿੱਚ ਪਾਏ ਗਏ ਉਨ੍ਹਾਂ ਵੱਲੋਂ ਯੋਗਦਾਨ ਦੇ ਸਨਮਾਨ ਵਿੱਚ ਸ਼ਾਨਦਾਰ ਸਨਮਾਨ-ਚਿੰਨ੍ਹ ਭੇਟਾ ਕੀਤਾ ਗਿਆ ।

ਸਭਾ ਦੇ ਜਨਰਲ ਸਕੱਤਰ ਇੰਜ. ਗੁਰਦਿਆਲ ਸਿੰਘ ਖਹਿਰਾ ਨੇ ਡਾ, ਸੁਖਦੇਵ ਸਿੰਘ ਝੰਡ ਦੀ ਜੀਵਨ ਅਤੇ ਸਾਹਿਤਕ ਪ੍ਰਾਪਤੀਆਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਡਾ. ਝੰਡ ਨੇ M.Sc. (Biochemistry) ਤੇ M L I S, Ph.D. (Library and Information Science ) ਵਿੱਚ ਕੀਤੀ ਅਤੇ ਲੰਮਾ ਸਮਾਂ ਪਹਿਲਾਂ ਨਵਾਬ ਜੱਸਾ ਸਿੰਘ ਸਰਕਾਰੀ ਕਾਲਜ ਕਪੂਰਥਲਾ ਵਿੱਚ ਲਾਇਬ੍ਰੇਰੀਅਨ ਅਤੇ ਫਿਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਅਸਿਸਟੈਂਟ ਲਾਇਬ੍ਰੇਰੀਅਨ ਤੇ ਡਿਪਟੀ ਲਾਇਬ੍ਰੇਰੀਅਨ ਵਜੋਂ ਸੇਵਾਵਾਂ ਨਿਭਾਉਣ ਉਪਰੰਤ ਸੇਵਾ-ਮੁਕਤੀ ਤੋਂ ਬਾਅਦ 2010 ਤੋਂ ਟੋਰਾਂਟੋ ਨੇੜੇ 'ਪੰਜਾਬੀਆਂ ਦੇ ਗੜ੍ਹ' ਬਰੈਂਪਟਨ 'ਚ ਆਪਣੇ ਪਰਿਵਾਰ ਨਾਲ ਰਹਿ ਰਹੇ ਹਨ।

ਸਰੋਤਿਆਂ ਦੀ ਜਾਣਕਾਰੀ ਵਿੱਚ ਵਾਧਾ ਕਰਦਿਆਂ ਉਨ੍ਹਾਂ ਕਿਹਾ ਕਿ ਡਾ. ਸੁਖਦੇਵ ਸਿੰਘ ਝੰਡ ਹੋਰਾਂ ਨੇ 'ਪੰਜਾਬ ਦੇ ਲੋਕ-ਰੁੱਖ' (2000), 'ਸਾਡੇ ਰੁੱਖ' (2010), 'ਉੱਤਰੀ ਅਮਰੀਕਨ ਰੁੱਖ' (2015), 'ਕਦੋਂ (ਕਾਵਿ ਸੰਗ੍ਰਹਿ, (2015), ਪੱਤੇ ਤੇ ਪਰਛਾਵੇਂ (ਸਵੈ ਜੀਵਨੀ, 2019) ਅਤੇ 'ਪੁਰਖਿਆਂ ਦਾ ਦੇਸ਼ : ਸਫ਼ਰਨਾਮਾ (2025) ਅਤੇ ਆਪਣੀ ਜੀਵਨ-ਗਾਥਾ 'ਸ਼ਟੋਰੇ ਡ ਲਿਡਇ' (2026) ਤੋਂ ਇਲਾਵਾ ਲਾਇਬ੍ਰੇਰੀ ਐਂਡ ਇਨਫਰਮੇਸ਼ਨ ਸਾਇੰਸ ਨਾਲ ਸਬੰਧਿਤ ਤਿੰਨ ਪੁਸਤਕਾਂ 'Guide to Reference Books in Punjabi' (2011), 'Dewey Decimal Classification : A Practical Guide' (2012) 'Colon Classification : Origin, Development and Future Prospectus' (2023) ਲਿਖ ਕੇ ਪੰਜਾਬੀ ਸਾਹਿਤ ਅਤੇ ਲਾਇਬ੍ਰੇਰੀ ਸਾਇੰਸ ਦੇ ਖ਼ੇਤਰ ਵਿੱਚ ਭਰਵਾਂ ਯੋਗਦਾਨ ਪਾਇਆ ਹੈ।

ਡ. ਸੁਖਦੇਵ ਸਿੰਘ ਝੰਡ ਹੋਰਾਂ ਹਾਜ਼ਰੀਨ ਦੇ ਰੂਬਰੂ ਹੁੰਦਿਆਂ ਆਪਣੇ ਸਮੁੱਚੇ ਜੀਵਨ, ਜੀਵਨ ਦੇ ਵਿੰਗੇ-ਟੇਢੇ ਰਾਹਾਂ ਤੇ ਉਤਰਾਅ-ਚੜ੍ਹਾਵਾਂ ਦਾ ਖੁੱਲ੍ਹਮ-ਖੁੱਲ੍ਹਾ ਵਰਨਣ ਕੀਤਾ ਜੋ ਹਾਜ਼ਰੀਨ ਲਈ ਜੀਵਨ-ਦਰਸ ਹੋ ਨਿੱਬੜਿਆ। ਇੱਥੇ ਇਹ ਜ਼ਿਕਰਯੋਗ ਹੈ ਕਿ ਡਾ. ਸੁਖਦੇਵ ਸਿੰਘ ਝੰਡ ਕੈਲਗਰੀ ਦੀ ਜਾਣੀ-ਪਹਿਚਾਣੀ ਸ਼ਖ਼ਸੀਅਤ ਗੁਰਚਰਨ ਕੌਰ ਥਿੰਦ ਦੇ ਵੱਡੇ ਭਰਾ ਹਨ। ਰਚਨਾਵਾਂ ਦੇ ਦੌਰ ਵਿੱਚ ਜਸਵੀਰ ਸਿੰਘ ਸਹੋਤਾ, ਗਿੱਲ ਸੁਖਮੰਦਰ, ਸੁਰਿੰਦਰ ਢਿੱਲੋਂ, ਚਰਨਜੀਤ ਕੌਰ, ਰਵੀ ਜਨਾਗਲ, ਮਨਿੰਦਰ ਕੌਰ, ਰਮਨ ਗਿੱਲ, ਸੁਰਿੰਦਰ ਗੀਤ, ਗੁਰਚਰਨ ਕੌਰ ਥਿੰਦ, ਜਰਨੈਲ ਤੱਗੜ, ਲਖਵਿੰਦਰ ਸਿੱਧੂ, ਮਨਮੋਹਨ ਬਾਠ,ਅਲਬੇਲ ਬਰਾੜ, ਸਰਬਜੀਤ ਉੱਪਲ, ਜੀਰ ਸਿੰਘ ਬਰਾੜ, ਇੰਜ. ਦਰਸ਼ਨ ਸਿੰਘ ਮਹਿਰੋਕ, ਮਾਸਟਰ ਹਰਭਜਨ ਸਿੰਘ, ਗੁਰਦੀਪ ਸਿੰਘ ਧਾਲੀਵਾਲ, ਮਨਮੋਹਨ ਸਿੰਘ ਬਾਠ ਤੇ ਹੋਰਨਾਂ ਨੇ ਭਾਗ ਲਿਆ। ਬਾ-ਕਮਾਲ ਰਚਨਾਵਾਂ ਤੋਂ ਇਲਾਵਾ ਸਰੋਤਿਆਂ ਵੱਲੋਂ ਆਏ ਵਡਮੁੱਲੇ ਵਿਚਾਰਾਂ ਨੇ ਦਿਲ-ਦਿਮਾਗ਼ ਨੂੰ ਰੌਸ਼ਨ ਕੀਤਾ ।

ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਨੇ ਆਪਣੀ ਇਕ ਗ਼ਜ਼ਲ ਤਰੰਨਮ ਵਿੱਚ ਪੇਸ਼ ਕੀਤੀ ਅਤੇ ਡਾ. ਝੰਡ ਅਤੇ ਉਨ੍ਹਾਂ ਦੀ ਧਰਮ ਪਤਨੀ ਦਾ ਜਗਦੀਸ਼ ਕੌਰ ਝੰਡ ਦਾ ਧੰਨਵਾਦ ਕਰਦਿਆਂ ਆਸ ਪ੍ਰਗਟਾਈ ਕਿ ਉਹ ਅੱਗੇ ਤੋਂ ਵੀ ਏਸੇ ਤਰ੍ਹਾਂ ਪੰਜਾਬੀ ਸਾਹਿਤ ਸਭਾ ਕੈਲਗਰੀ 'ਚ ਆਉਂਦੇ ਰਹਿਣਗੇ। ਇਸਦੇ ਨਾਲ ਹੀ ਉਨ੍ਹਾਂ ਵੱਲੋਂ ਪੰਜਾਬੀ ਸਾਹਿਤ ਸਭਾ ਕੈਲਗਰੀ ਵੱਲੋਂ ਸਭਾ ਦੇ ਮੈਂਬਰ ਮਨਮੋਹਨ ਸਿੰਘ ਬਾਠ ਦੇ ਬੱਚਿਆਂ ਦਲਬੀਰ ਸਿੰਘ, ਗੁਰਮੀਤ ਕੌਰ ਗੁਰਿੰਦਰ ਕੌਰ ਦਾ ਵਡਮੁੱਲੇ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਤੋਂ ਇਲਾਵਾ ਜਗਦੇਵ ਸਿੰਘ ਸਿੱਧੂ, ਗੁਰਬਖ਼ਸ਼ ਸਿੰਘ ਗਿੱਲ, ਜਸਵੰਤ ਸਿੰਘ ਕਪੂਰ, ਮਲਿਕ ਆਰਿਫ਼, ਹਰਮਿੰਦਰ ਸਿੰਘ ਨੇ ਹਾਜ਼ਰੀ ਲਗਵਾਈ। ਮੰਚ-ਸੰਚਾਲਨ ਦਾ ਕੰਮ ਗੁਰਦਿਆਲ ਸਿੰਘ ਖਹਿਰਾ ਨੇ ਬੜੇ ਸੁਚੱਜੇ ਅਤੇ ਸੁਲਝੇ ਢੰਗ ਨਾਲ ਨਿਭਾਇਆ। ਇਹ ਪੂਰਾ ਪ੍ਰੋਗਰਾਮ ਬਾਦ ਦੁਪਹਿਰ ਦੋ ਵਜੇ ਤੋਂ ਲੈ ਕੇ ਸਾਢੇ ਪੰਜ ਤੱਕ ਬੜੇ ਖ਼ੁਸ਼ਨੁਮਾ ਮਹੌਲ 'ਚ ਯਾਦਗਾਰੀ ਹੋ ਨਿਬੜਿਆ। ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਸਤੰਬਰ ਮਹੀਨੇ ਦੀ ਇਕੱਤਰਤਾ 27 ਸਤੰਬਰ ਦਿਨ ਸਨਿਚਰਵਾਰ ਬਾਦ ਦੁਪਹਿਰ ਸੋ ਹਾਲ ਵਿੱਚ ਹੋਵੇਗੀ। ਇਸ ਸਬੰਧੀ ਹੋਰ ਜਾਣਕਾਰੀ ਲਈ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਨੂੰ 403 605-3734 ਜਾਂ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੂੰ 403-968-2880 'ਤੇ ਸੰਪਰਕ ਕੀਤਾ ਜਾ ਸਕਦਾ ਹੈ ।

# ਪੀ.ਐੱਸ.ਬੀ. ਸੀਨੀਅਰਜ਼ ਕਲੱਬ ਵੱਲੋਂ ਸਾਊਥੈਂਪਟਨ/ਪੋਰਟ ਐੱਲਗਨ ਲੇਕ ਹੁਰੋਨ ਦੀ ਬੀਚ 'ਤੇ ਯੋਗਾ ਦਾ ਦਿਲਚਸਪ ਈਵੈਂਟ ਆਯੋਜਿਤ






ਬਰੈਂਪਟਨ, (ਡਾ. ਝੰਡ)- ਲੰਘੇ ਸ਼ਨੀਵਾਰ 22 ਅਗਸਤ ਨੂੰ ਬਰੈਂਪਟਨ ਵਿਖੇ ਸਰਗਰਮ ਪੀ.ਐੱਸ.ਬੀ. ਸੀਨੀਅਰਜ਼ ਕਲੱਬ ਵੱਲੋਂ ਆਪਣੇ ਮੈਂਬਰਾਂ ਲਈ ਸਾਊਥੈਂਪਟਨ/ਪੋਰਟ ਐੱਲਗਨ ਦੀ ਬੀਚ 'ਤੇ ਯੋਗਾ ਦਾ ਈਵੈਂਟ ਬੜੇ ਉਤਸ਼ਾਹ ਨਾਲ ਆਯੋਜਿਤ ਕੀਤਾ ਗਿਆ। ਮੈਂਬਰਾਂ ਦੇ ਬੀਚ 'ਤੇ ਪਹੁੰਚਣ ਲਈ ਪ੍ਰਬੰਧਕਾਂ ਵੱਲੋਂ ਸਪੈਸ਼ਲ ਚਾਰਟਰਡ ਬੱਸ ਦਾ ਪ੍ਰਬੰਧ ਕੀਤਾ ਗਿਆ। ਇਹ ਬੱਸ ਓਨਟਾਰੀਓ ਖਾਲਸਾ ਦਰਬਾਰ ਦੀ ਪਾਰਕਿੰਗ ਤੋਂ ਸਵੇਰੇ 9.00 ਵਜੇ ਚੱਲੀ ਅਤੇ ਰਸਤੇ ਵਿੱਚ ਇੱਕ ਟਿਮ ਹੌਰਟਿਨ 'ਤੇ ਪੜਾਅ ਕਰਦਿਆਂ ਹੋਇਆਂ ਲੱਗਭੱਗ ਇੱਕ ਘੰਟੇ ਦਾ ਸਫ਼ਰ ਤੈਅ ਕਰਕੇ 10.00 ਵਜੇ ਮੈਂਬਰਾਂ ਨੂੰ ਸਨੈਕਸ ਤੇ ਚਾਹ-ਪਾਣੀ ਛਕਾਉਣ ਉਪਰੰਤ 11.45 ਵਜੇ ਬੀਚ ਦੇ ਨੇੜੇ ਨਿਸਚਤ ਸਥਾਨ 'ਤੇ ਪਹੁੰਚੀ। ਇੱਥੇ ਮੈਂਬਰਾਂ ਨੇ ਬਰੇਕ-ਫ਼ਾਸਟ ਵਿੱਚ ਪਕੌੜਿਆਂ, ਸਮੋਸਿਆਂ, ਵੈਜੀ ਸੈਂਡਵਿੱਚਾਂ, ਗਰਮ ਗਰਮ ਗੁਲਾਬ ਜਾਮਨਾਂ ਅਤੇ ਮਸਾਲਾ ਚਾਹ ਦਾ ਅਨੰਦ ਮਾਣਿਆਂ।

ਚਾਹ-ਪਾਣੀ ਛਕਣ ਤੋਂ ਬਾਅਦ ਕਲੱਬ ਦੇ ਚੇਅਰਪਰਸਨ ਗੁਰਚਰਨ ਸਿੰਘ ਖੱਖ ਵੱਲੋਂ ਸਮੂਹ ਮੈਂਬਰਾਂ ਦਾ ਭਰਪੂਰ ਸੁਆਗਤ ਕਰਦਿਆਂ ਹੋਇਆਂ ਨਿੱਘੀ 'ਜੀ-ਆਇਆਂ' ਕਹੀ ਗਈ ਅਤੇ ਕਲੱਬ ਦੀ ਸਥਾਪਨਾ ਦੇ ਪਿਛਲੇ 9 ਸਾਲਾਂ ਦੀਆਂ ਸਮਾਜਿਕ, ਸੱਭਿਆਚਾਰਕ, ਧਾਰਮਿਕ ਅਤੇ ਸਿਹਤ ਨਾਲ ਸਬੰਧਿਤ ਸਰਗਰਮੀਆਂ ਤੋਂ ਜਾਣੂੰ ਕਰਵਾਇਆ ਗਿਆ। ਉਪਰੰਤ, ਰਵਿੰਦਰ ਜਸਾਨੀ ਵੱਲੋਂ ਇੱਕ ਧਾਰਮਿਕ ਗੀਤ ਪੇਸ਼ ਕੀਤਾ ਗਿਆ ਅਤੇ ਮਰਵਾਹਾ ਪਰਿਵਾਰ ਵੱਲੋਂ ਕਈ ਹਿੰਦੀ ਫ਼ਿਲਮੀ ਗੀਤਾਂ ਉਪਰ ਡਾਂਸ ਕੀਤਾ ਗਿਆ। ਇਸ ਤੋਂ ਬਾਅਦ ਸਾਰੇ ਮੈਂਬਰ ਹੁਰੋਨ ਲੇਕ ਦੀ ਬੀਚ ਵੱਲ ਚੱਲ ਪਏ। ਉਹ ਕਈ ਛੋਟੇ-ਛੋਟੇ ਗਰੁੱਪਾਂ ਵਿੱਚ ਵੰਡੇ ਗਏ ਅਤੇ ਕੁਦਰਤ ਦੀ ਸੁੰਦਰਤਾ ਦੇ ਨਜ਼ਾਰੇ ਲੈਣ ਲੱਗੇ। ਆਪਣੀਆਂ ਪੈਂਟਾਂ ਦੇ ਪਹੁੰਚੇ ਉੱਚੇ ਕਰਕੇ ਕਈ ਨੰਗੇ ਪੈਰੀਂ ਲੇਕ ਦੇ ਸਾਫ਼ ਤੇ ਠੰਢੇ ਪਾਣੀ ਦੇ ਅੰਦਰ ਵੀ ਗਏ।

ਇੱਥੇ ਕਲੱਬ ਦੇ ਵਾਈਸ-ਪ੍ਰੈਜ਼ੀਡੈਂਟ ਗਿਆਨ ਪਾਲ ਤੇ ਕਈ ਹੋਰ ਮੈਂਬਰਾਂ ਨੇ ਕੁਦਰਤੀ ਦ੍ਰਿਸ਼ਾਂ ਅਤੇ ਬੀਚ ਦੇ ਨਾਲ ਨਾਲ ਪਾਣੀ ਅੰਦਰ ਤੁਰਦੇ ਮੈਂਬਰਾਂ ਨੂੰ ਆਪਣੇ ਕੈਮਰਿਆਂ ਵਿੱਚ ਕੈਦ ਕੀਤਾ। 'ਲੌਂਗ ਡੌਕ ਪਾਵਿਲੀਅਨ' ਤੇ ਵਾਪਸ ਆ ਕੇ ਮਿਸਿਜ਼ ਪਰਮਜੀਤ ਮਾਸੂਨ ਨੇ ਯੋਗਾ ਦਾ ਆਪਣਾ ਤਜੁਰਬਾ ਸਾਰਿਆਂ ਨਾਲ ਸਾਂਝਾ ਕੀਤਾ ਅਤੇ ਮੈਂਬਰਾਂ ਨੂੰ ਯੋਗਾ ਦੇ ਕਈ ਆਸਣ ਅਤੇ ਸਰੀਰਕ ਕਸਰਤਾਂ ਕਰਵਾਈਆਂ ਜਿਨ੍ਹਾਂ ਦਾ ਸਾਰੇ ਮੈਂਬਰਾਂ ਨੇ ਭਰਪੂਰ ਅਨੰਦ ਲਿਆ। ਇਨ੍ਹਾਂ ਵਿੱਚ ਸਾਹ ਲੈਣ ਵਾਲੀਆਂ ਵੱਖ-ਵੱਖ ਕਿਰਿਆਵਾਂ, ਲੋਮ-ਵਿਲੋਮ, ਮੋਢਿਆਂ, ਧੌਣ ਤੇ ਪੈਰਾਂ ਦੀਆਂ ਕਈ ਕਸਰਤਾਂ, ਟਾਡਾ ਆਸਣ, ਉੱਤਾਨ ਆਸਣ, ਤ੍ਰਿਕੋਨਾ ਆਸਣ, ਉਤਕਲ ਆਸਣ ਅਤੇ ਉੱਚੀ-ਉੱਚੀ ਹੱਸਣ ਵਾਲੀ ਥੈਰੇਪੀ ਸ਼ਾਮਲ ਸਨ। ਸ਼ਾਮ ਦੇ ਤਿੰਨ ਵਜੇ ਸਾਰੇ ਮੈਂਬਰ ਪੋਰਟ ਐੱਲਗਨ ਰੈਸਟੋਰੈਂਟ ਵੱਲ ਚੱਲ ਪਏ। ਸਾਰਿਆਂ ਨੇ ਮਿਲ਼ ਕੇ ਸੁਅਦਲੇ ਖਾਣੇ ਦਾ ਲੁਤਫ਼ ਲਿਆ ਅਤੇ ਫਿਰ ਬਰੈਂਪਟਨ ਵੱਲ ਵਾਪਸੀ ਦੇ ਰਾਹ ਪਏ। ਕਲੱਬ ਦੇ ਪ੍ਰਧਾਨ ਹਰਚਰਨ ਸਿੰਘ ਵੱਲੋਂ ਪੋਰਟ ਐੱਲਗਨ ਬੀਚ ਦੇ ਇਸ ਟੂਰ ਨੂੰ ਸਫ਼ਲ ਬਨਾਉਣ ਲਈ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਅਤੇ ਨਾਲ ਹੀ 7 ਨਵੰਬਰ ਨੂੰ ਕਲੱਬ ਦੇ ਅਗਲੇ ਈਵੈਂਟ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।

GTA Plumbing & Electrical Supplies
GTA Plumbling & Electrical Supplies



ONE STOP SHOP FOR ALL PLUMBING & ELECTRICAL SUPPLIES

* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250

* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more

Moen, American Standard Pfister, Faucets, ABS, Copper and all type of fitting

905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.

Business Loan
Credit Line
Truck/Taxi Loan
New Immigrant Package

416-366-1234



Jaswinder Khosa
416-894-9400

1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ

ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ






ਨਸ਼ਾ ਛੁਡਾਓ
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ

ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।

ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ



ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ

PH: 416-425-0138
514-632-0138

ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

# ਮਨੁੱਖੀ ਸ਼ਖ਼ਸੀਅਤ ਵਿੱਚ ਹਾਰਮੋਨਾਂ ਦੀ ਮਹੱਤਤਾ

ਮਨੁੱਖੀ ਸ਼ਖ਼ਸੀਅਤ ਕੁਦਰਤ ਦੀਆਂ ਸਭ ਤੋਂ ਗੁੰਝਲਦਾਰ ਰਚਨਾਵਾਂ ਵਿੱਚੋਂ ਇੱਕ ਹੈ। ਕਿਸੇ ਵਿਅਕਤੀ ਨੂੰ ਅਸੀਂ ਸ਼ਾਂਤ, ਗੁੱਸੇਵਾਲਾ, ਖੁਸ਼ਮਿਜ਼ਾਜ਼, ਸੰਵੇਦਨਸ਼ੀਲ, ਆਤਮਵਿਸ਼ਵਾਸੀ , ਚਿੰਤਤ ਜਾਂ ਉਤਸ਼ਾਹੀ ਕਹਿ ਦਿੰਦੇ ਹਾਂ। ਪਰ ਕਿਸੇ ਮਨੁੱਖ ਦਾ ਸੁਭਾਅ ਸਿਰਫ਼ ਉਸਦੇ ਬਾਹਰੀ ਵਿਉਹਾਰ ਨਾਲ ਨਹੀਂ ਬਣਦਾ। ਉਸ ਦੇ ਪਿੱਛੇ ਜੀਨ, ਦਿਮਾਗ, ਹਾਰਮੋਨ, ਪਰਿਵਾਰ, ਸਿੱਖਿਆ, ਸੱਭਿਆਚਾਰ, ਰਿਸ਼ਤੇ, ਜੀਵਨ ਦੇ ਤਜ਼ਰਬੇ, ਆਦਤਾਂ, ਮੁੱਲ ਅਤੇ ਉਸਦੇ ਆਪਣੇ ਫ਼ੈਸਲੇ—ਸਾਰੇ ਮਿਲ ਕੇ ਕੰਮ ਕਰਦੇ ਹਨ। ਇਸ ਪੂਰੇ ਤੰਤਰ ਵਿੱਚ ਹਾਰਮੋਨਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਹਾਰਮੋਨ ਸਰੀਰ ਦੀਆਂ ਅੰਦਰੂਨੀ ਗ੍ਰੰਥੀਆਂ ਵੱਲੋਂ ਬਣਾਏ ਜਾਣ ਵਾਲੇ ਰਸਾਇਣਕ ਸੰਦੇਸ਼ਵਾਹਕ ਹਨ, ਜੋ ਖ਼ੂਨ ਰਾਹੀਂ ਸਰੀਰ ਦੇ ਵੱਖ-ਵੱਖ ਅੰਗਾਂ ਤੱਕ ਪਹੁੰਚ ਕੇ ਉਨ੍ਹਾਂ ਦੇ ਕੰਮ ਨੂੰ ਪ੍ਰਭਾਵਿਤ ਕਰਦੇ ਹਨ। ਵਾਧਾ, ਮੈਟਾਬੋਲਿਜ਼ਮ, ਨੀਂਦ, ਤਣਾਅ, ਪ੍ਰਜਨਨ, ਊਰਜਾ, ਭੁੱਖ, ਭਾਵਨਾਵਾਂ ਅਤੇ ਦਿਮਾਗੀ ਕਾਰਜਾਂ ਸਮੇਤ ਸਰੀਰ ਦੀਆਂ ਅਨੇਕ ਪ੍ਰਕਿਰਿਆਵਾਂ ਵਿੱਚ ਹਾਰਮੋਨਾਂ ਦੀ ਭੂਮਿਕਾ ਹੁੰਦੀ ਹੈ।

ਪਰ ਇੱਥੇ ਇੱਕ ਗੱਲ ਸਪੱਸ਼ਟ ਸਮਝਣੀ ਜ਼ਰੂਰੀ ਹੈ—ਹਾਰਮੋਨ ਸਾਡੀ ਸ਼ਖ਼ਸੀਅਤ ਨੂੰ ਪੂਰੀ ਤਰ੍ਹਾਂ ਨਿਰਧਾਰਤ ਨਹੀਂ ਕਰਦੇ। ਉਹ ਸਾਡੀ ਮਾਨਸਿਕ ਸਥਿਤੀ, ਊਰਜਾ, ਪ੍ਰੇਰਣਾ, ਭਾਵਨਾਤਮਕ ਪ੍ਰਤੀਕਿਰਿਆ ਅਤੇ ਵਿਉਹਾਰ ਨੂੰ ਪ੍ਰਭਾਵਿਤ ਕਰ ਸਕਦੇ ਹਨ, ਪਰ ਮਨੁੱਖੀ ਚਰਿੱਤਰ ਇਸ ਤੋਂ ਕਿਤੇ ਵੱਡੀ ਅਤੇ ਗੁੰਝਲਦਾਰ ਪ੍ਰਕਿਰਿਆ ਹੈ। ਮਨੁੱਖੀ ਸਰੀਰ ਵਿੱਚ ਦਿਮਾਗ, ਨਰਵਸ ਸਿਸਟਮ ਅਤੇ ਐਂਡੋਕ੍ਰਾਈਨ ਸਿਸਟਮ ਲਗਾਤਾਰ ਇੱਕ-ਦੂਜੇ ਨਾਲ ਸੰਚਾਰ ਕਰਦੇ ਹਨ। ਜਦੋਂ ਸਾਨੂੰ ਖ਼ਤਰਾ ਮਹਿਸੂਸ ਹੁੰਦਾ ਹੈ, ਅਸੀਂ ਕਿਸੇ ਚੁਣੌਤੀ ਦਾ ਸਾਹਮਣਾ ਕਰਦੇ ਹਾਂ, ਖੁਸ਼ੀ ਮਹਿਸੂਸ ਕਰਦੇ ਹਾਂ, ਨੀਂਦ ਲਈ ਤਿਆਰ ਹੁੰਦੇ ਹਾਂ ਜਾਂ ਕੋਈ ਟੀਚਾ ਹਾਸਲ ਕਰਨ ਲਈ ਪ੍ਰੇਰਿਤ ਹੁੰਦੇ ਹਾਂ, ਤਾਂ ਸਰੀਰ ਵਿੱਚ ਵੱਖ-ਵੱਖ ਹਾਰਮੋਨਲ ਪ੍ਰਕਿਰਿਆਵਾਂ ਸਰਗਰਮ ਹੋ ਜਾਂਦੀਆਂ ਹਨ।



ਇਸੇ ਕਰਕੇ ਕਈ ਵਾਰ ਕਿਸੇ ਵਿਅਕਤੀ ਦੀ ਮਾਨਸਿਕ ਸਥਿਤੀ, ਧੀਰਜ, ਧਿਆਨ, ਊਰਜਾ ਜਾਂ ਭਾਵਨਾਤਮਕ ਸੰਵੇਦਨਸ਼ੀਲਤਾ ਵਿੱਚ ਬਿਨਾਂ ਕਿਸੇ ਸਪੱਸ਼ਟ ਬਾਹਰੀ ਕਾਰਨ ਦੇ ਵੀ ਤਬਦੀਲੀ ਦਿਖਾਈ ਦੇ ਸਕਦੀ ਹੈ। ਪਰ ਇਸ ਦਾ ਅਰਥ ਇਹ ਨਹੀਂ ਕਿ ਹਰ ਵਿਉਹਾਰ ਦਾ ਕਾਰਨ ਕੋਈ ਹਾਰਮੋਨ ਹੀ ਹੈ।

ਕੋਰਟੀਸੋਲ ਨੂੰ ਆਮ ਤੌਰ 'ਤੇ ਤਣਾਅ ਦਾ ਹਾਰਮੋਨ ਕਿਹਾ ਜਾਂਦਾ ਹੈ। ਮੁਸ਼ਕਲ ਜਾਂ ਖ਼ਤਰਨਾਕ ਸਥਿਤੀ ਵਿੱਚ ਇਹ ਸਰੀਰ ਨੂੰ ਚੌਕਸ ਕਰਨ ਅਤੇ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ ਕਰਨ ਵਿੱਚ ਸਹਾਇਤਾ ਕਰਦਾ ਹੈ। ਥੋੜ੍ਹੇ ਸਮੇਂ ਲਈ ਇਹ ਪ੍ਰਤੀਕਿਰਿਆ ਸਾਡੇ ਬਚਾਅ ਲਈ ਬਹੁਤ ਲਾਭਦਾਇਕ ਹੈ।

ਪਰ ਜੇ ਤਣਾਅ ਲੰਮੇ ਸਮੇਂ ਤੱਕ ਬਣਿਆ ਰਹੇ ਤਾਂ ਸਰੀਰ ਦਾ ਤਣਾਅ-ਪ੍ਰਤੀਕਿਰਿਆ ਤੰਤਰ ਲਗਾਤਾਰ ਸਰਗਰਮ ਰਹਿ ਸਕਦਾ ਹੈ। ਇਸ ਨਾਲ ਨੀਂਦ ਵਿੱਚ ਵਿਘਨ, ਚਿੜਚਿੜਾਪਣ, ਧਿਆਨ ਕੇਂਦਰਿਤ ਕਰਨ ਵਿੱਚ ਮੁਸ਼ਕਲ ਅਤੇ ਭਾਵਨਾਤਮਕ ਥਕਾਵਟ ਵਰਗੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।

ਇਸ ਲਈ ਕਈ ਵਾਰ ਕੋਈ ਵਿਅਕਤੀ ਬਹੁਤ ਗੁੱਸੇਵਾਲਾ, ਬੇਚੈਨ ਜਾਂ ਲੋਕਾਂ ਤੋਂ ਦੂਰ ਦਿਖਾਈ ਦੇ ਸਕਦਾ ਹੈ, ਜਦਕਿ ਅਸਲ ਵਿੱਚ ਉਸਦੇ ਵਿਉਹਾਰ ਪਿੱਛੇ ਲੰਮੇ ਸਮੇਂ ਦਾ ਤਣਾਅ ਵੀ ਇੱਕ ਕਾਰਕ ਹੋ ਸਕਦਾ ਹੈ। ਡਰ, ਖ਼ਤਰੇ ਜਾਂ ਬਹੁਤ ਜ਼ਿਆਦਾ ਉਤਸ਼ਾਹ ਦੀ ਸਥਿਤੀ ਵਿੱਚ ਐਡ੍ਰੀਨਲਿਨ ਸਰੀਰ ਨੂੰ ਤੁਰੰਤ ਕਾਰਵਾਈ ਲਈ ਤਿਆਰ ਕਰਦਾ ਹੈ। ਦਿਲ ਦੀ ਧੜਕਣ ਅਤੇ ਸਾਹ ਲੈਣ ਦੀ ਗਤੀ ਵੱਧ ਸਕਦੀ ਹੈ ਅਤੇ ਚੌਕਸੀ ਵੱਧ ਜਾਂਦੀ ਹੈ। ਇਹ ਸਰੀਰ ਦੀ ਕੁਦਰਤੀ ਲੜੋ ਜਾਂ ਬਚੋ ਪ੍ਰਤੀਕਿਰਿਆ ਦਾ ਹਿੱਸਾ ਹੈ।

ਪਰ ਹਰ ਮਨੁੱਖ ਇਸ ਉਤੇਜਨਾ ਨੂੰ ਇੱਕੋ ਜਿਹੇ ਢੰਗ ਨਾਲ ਮਹਿਸੂਸ ਨਹੀਂ ਕਰਦਾ। ਕੋਈ ਵਿਅਕਤੀ ਚੁਣੌਤੀਆਂ ਅਤੇ ਰੋਮਾਂਚ ਨੂੰ ਪਸੰਦ ਕਰ ਸਕਦਾ ਹੈ, ਜਦਕਿ ਦੂਜਾ ਸ਼ਾਂਤ ਅਤੇ ਨਿਸ਼ਚਿਤ ਮਾਹੌਲ ਨੂੰ ਤਰਜ਼ੀਹ ਦੇ ਸਕਦਾ ਹੈ। ਇੱਥੇ ਜੀਵ-ਵਿਗਿਆਨ ਦੇ ਨਾਲ-ਨਾਲ ਪਰਵਰਿਸ਼ ਅਤੇ ਜੀਵਨ ਦੇ ਤਜ਼ਰਬੇ ਵੀ ਮਹੱਤਵਪੂਰਨ ਹਨ।

ਡੋਪਾਮੀਨ ਨੂੰ ਅਕਸਰ ਖੁੱਸ਼ੀ ਦਾ ਰਸਾਇਣ ਕਿਹਾ ਜਾਂਦਾ ਹੈ, ਪਰ ਇਸਦੀ ਭੂਮਿਕਾ ਇਸ ਤੋਂ ਕਿਤੇ ਵੱਧ ਗੁੰਝਲਦਾਰ ਹੈ। ਇਹ ਪ੍ਰੇਰਣਾ, ਇਨਾਮ ਨਾਲ ਜੁੜੀ ਸਿੱਖਿਆ, ਧਿਆਨ ਅਤੇ ਕਿਸੇ ਲਾਭਦਾਇਕ ਨਤੀਜ਼ੇ ਦੀ ਉਮੀਦ ਨਾਲ ਸੰਬੰਧਿਤ ਹੈ। ਜਦੋਂ ਅਸੀਂ ਕੋਈ ਟੀਚਾ ਪ੍ਰਾਪਤ ਕਰਦੇ ਹਾਂ ਤਾਂ ਦਿਮਾਗ ਦਾ ਇਨਾਮ ਤੰਤਰ ਸਰਗਰਮ ਹੁੰਦਾ ਹੈ ਅਤੇ ਇਹ ਸਾਨੂੰ ਹੋਰ ਉਪਲੱਬਧੀਆਂ ਵੱਲ ਪ੍ਰੇਰਿਤ ਕਰ ਸਕਦਾ ਹੈ। ਸਿੱਖਿਆ, ਕਸਰਤ, ਰਚਨਾਤਮਕਤਾ ਅਤੇ ਸਾਰਥਕ ਉਪਲੱਬਧੀਆਂ ਇਸ ਪ੍ਰਣਾਲੀ ਨੂੰ ਸਿਹਤਮੰਦ ਢੰਗ ਨਾਲ ਸਰਗਰਮ ਕਰ ਸਕਦੀਆਂ ਹਨ।

ਪਰ ਤੁਰੰਤ ਅਤੇ ਲਗਾਤਾਰ ਇਨਾਮ ਦੀ ਆਦਤ ਮਨੁੱਖ ਨੂੰ ਬੇਸਬਰੀ ਅਤੇ ਹਿੰਸਾ ਵਾਲੇ ਵਿਉਹਾਰ ਵੱਲ ਵੀ ਧੱਕ ਸਕਦੀ ਹੈ। ਇਸ ਲਈ ਡੋਪਾਮੀਨ ਦੀ ਭੂਮਿਕਾ ਨੂੰ ਸਮਝਣਾ ਸਾਨੂੰ ਅਨੁਸ਼ਾਸਨ ਅਤੇ ਸਵੈ-ਨਿਯੰਤਰਣ ਦੀ ਮਹੱਤਤਾ ਵੀ ਸਮਝਾਉਂਦਾ ਹੈ। ਸੈਰੋਟੋਨਿਨ ਮਾਨਸਿਕ ਸਥਿਤੀ, ਨੀਂਦ, ਭੁੱਖ ਅਤੇ ਸਰੀਰ ਦੀਆਂ ਕਈ ਹੋਰ ਪ੍ਰਕਿਰਿਆਵਾਂ ਨਾਲ ਜੁੜਿਆ ਹੋਇਆ ਹੈ। ਪਰ ਮਨੁੱਖੀ ਮਨੋਦਸ਼ਾ ਨੂੰ ਸਿਰਫ਼ ਕਿਸੇ ਇੱਕ ਰਸਾਇਣ ਦੇ ਪੱਧਰ ਨਾਲ ਸਮਝਣਾ ਵਿਗਿਆਨਕ ਤੌਰ 'ਤੇ ਬਹੁਤ ਛੋਟਾ ਹੋਵੇਗਾ।

ਮਨੁੱਖੀ ਭਾਵਨਾਵਾਂ 'ਤੇ ਜੀਵ-ਵਿਗਿਆਨਕ, ਮਨੋਵਿਗਿਆਨਕ, ਸਮਾਜਿਕ ਅਤੇ ਵਾਤਾਵਰਣਕ ਕਾਰਕ ਇਕੱਠੇ ਪ੍ਰਭਾਵ ਪਾਉਂਦੇ ਹਨ। ਇਸ ਲਈ ਕਿਸੇ ਵਿਅਕਤੀ ਦੀ ਭਾਵਨਾਤਮਕ ਸਥਿਤੀ ਨੂੰ ਸਿਰਫ਼ ਸੈਰੋਟੋਨਿਨ ਘੱਟ ਹੈ ਕਹਿ ਕੇ ਸਮਝਾਉਣਾ ਠੀਕ ਨਹੀਂ ਹੈ। ਆਕਸੀਟੋਸਿਨ ਸਮਾਜਿਕ ਜੁੜਾਅ, ਪ੍ਰਸੂਤੀ ਅਤੇ ਦੁੱਧ ਪਿਲਾਉਣ ਵਰਗੀਆਂ ਪ੍ਰਕਿਰਿਆਵਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਸਮਾਜਿਕ ਸੰਪਰਕ ਅਤੇ ਲਗਾਵ ਨਾਲ ਜੁੜੀਆਂ ਕੁਝ ਪ੍ਰਕਿਰਿਆਵਾਂ ਵਿੱਚ ਵੀ ਹਿੱਸਾ ਲੈਂਦਾ ਹੈ।

ਮਨੁੱਖ ਇੱਕ ਸਮਾਜਿਕ ਜੀਵ ਹੈ। ਪਰਿਵਾਰ, ਦੋਸਤੀ, ਪਿਆਰ, ਭਰੋਸਾ ਅਤੇ ਸਹਿਯੋਗੀ ਸਮਾਜ ਮਨੁੱਖ ਦੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ। ਪਰ ਇਹ ਕਹਿਣਾ ਗਲਤ ਹੋਵੇਗਾ ਕਿ ਆਕਸੀਟੋਸਿਨ ਕਿਸੇ ਵਿਅਕਤੀ ਨੂੰ ਆਪਣੇ ਆਪ ਪਿਆਰ ਕਰਨ ਵਾਲਾ ਜਾਂ ਭਰੋਸੇਯੋਗ ਬਣਾ ਦਿੰਦਾ ਹੈ। ਚੰਗਾ ਚਰਿੱਤਰ ਜੀਵ-ਵਿਗਿਆਨ ਦੇ ਨਾਲ ਮੁੱਲਾਂ, ਸਿੱਖਿਆ, ਰਿਸ਼ਤਿਆਂ ਅਤੇ ਸਚੇਤ ਚੋਣਾਂ ਨਾਲ ਬਣਦਾ ਹੈ।

ਟੈਸਟੋਸਟੇਰੋਨ ਅਤੇ ਐਸਟ੍ਰੋਜਨ ਮਹੱਤਵਪੂਰਨ ਲਿੰਗ ਹਾਰਮੋਨ ਹਨ। ਇਹ ਸਰੀਰਕ ਵਿਕਾਸ ਅਤੇ ਪ੍ਰਜਨਨ ਨਾਲ ਸੰਬੰਧਿਤ ਹਨ ਅਤੇ ਦਿਮਾਗ ਤੇ ਵਿਉਹਾਰ ਦੇ ਕੁਝ ਪੱਖਾਂ ਨੂੰ ਵੀ ਪ੍ਰਭਾਵਿਤ ਕਰ ਸਕਦੇ ਹਨ।

ਪਰ ਇਹ ਮੰਨਣਾ ਕਿ ਟੈਸਟੋਸਟੇਰੋਨ ਸਿੱਧੇ ਤੌਰ 'ਤੇ ਹਮਲਾਵਰਤਾ ਪੈਦਾ ਕਰਦਾ ਹੈ, ਇੱਕ ਬਹੁਤ ਵੱਡਾ ਕਥਨ ਹੈ। ਇਸੇ ਤਰ੍ਹਾਂ ਮਰਦਾਂ ਅਤੇ ਔਰਤਾਂ ਦੇ ਵਿਉਹਾਰ ਨੂੰ ਸਿਰਫ਼ ਹਾਰਮੋਨਾਂ ਦੇ ਆਧਾਰ 'ਤੇ ਸਮਝਣਾ ਵੀ ਗਲਤ ਹੈ। ਮਨੁੱਖ ਜੀਵ-ਵਿਗਿਆਨਕ ਰੂਪ ਵਿੱਚ ਇਕਸਾਰ ਮਸ਼ੀਨਾਂ ਨਹੀਂ, ਸਗੋਂ ਵਿਲੱਖਣ ਵਿਅਕਤੀ ਹਨ।

ਥਾਇਰਾਇਡ ਗ੍ਰੰਥੀ ਵੱਲੋਂ ਬਣਾਏ ਹਾਰਮੋਨ ਸਰੀਰ ਦੇ ਮੈਟਾਬੋਲਿਜ਼ਮ ਅਤੇ ਊਰਜਾ ਨਾਲ ਜੁੜੀਆਂ ਕਈ ਪ੍ਰਕਿਰਿਆਵਾਂ ਨੂੰ ਨਿਯੰਤਰਿਤ ਕਰਦੇ ਹਨ। ਜੇ ਥਾਇਰਾਇਡ ਹਾਰਮੋਨਾਂ ਵਿੱਚ ਅਸੰਤੁਲਨ ਹੋਵੇ ਤਾਂ ਊਰਜਾ, ਨੀਂਦ, ਧਿਆਨ ਅਤੇ ਮਾਨਸਿਕ ਵਿਕਾਸ ਵਿੱਚ ਤਬਦੀਲੀ ਆ ਸਕਦੀ ਹੈ।

ਇਸ ਤੋਂ ਇੱਕ ਮਹੱਤਵਪੂਰਨ ਸਿੱਖਿਆ ਮਿਲਦੀ ਹੈ—ਹਰ ਵਿਉਹਾਰਕ ਸਮੱਸਿਆ ਨੂੰ ਚਰਿੱਤਰ ਦੀ ਕਮੀ ਸਮਝਣਾ ਠੀਕ ਨਹੀਂ। ਕਈ ਵਾਰ ਕਿਸੇ ਵਿਅਕਤੀ ਦੇ ਵਿਉਹਾਰ ਪਿੱਛੇ ਕੋਈ ਸਰੀਰਕ ਜਾਂ ਸਿਹਤ ਸੰਬੰਧੀ ਕਾਰਕ ਵੀ ਹੋ ਸਕਦਾ ਹੈ।

ਕਿਸ਼ੋਰ ਅਵਸਥਾ ਉਹ ਦੌਰ ਹੈ ਜਿੱਥੇ ਹਾਰਮੋਨਲ ਅਤੇ ਦਿਮਾਗੀ ਤਬਦੀਲੀਆਂ ਬਹੁਤ ਤੇਜ਼ੀ ਨਾਲ ਹੁੰਦੀਆਂ ਹਨ। ਨੌਜਵਾਨਾਂ ਵਿੱਚ ਭਾਵਨਾਵਾਂ ਦੀ ਤੀਬਰਤਾ, ਸਮਾਜਿਕ ਦਿਲਚਸਪੀਆਂ, ਸੰਵੇਦਨਸ਼ੀਲਤਾ ਅਤੇ ਆਜ਼ਾਦੀ ਦੀ ਇੱਛਾ ਵੱਧ ਸਕਦੀ ਹੈ। ਪਰ ਹਰ ਕਿਸ਼ੋਰ ਵਿਹਾਰ ਨੂੰ ਹਾਰਮੋਨਾਂ ਦਾ ਨਤੀਜ਼ਾ ਕਹਿ ਦੇਣਾ ਵੀ ਅਨੁਚਿਤ ਹੈ। ਇਹ ਦੌਰ ਦਿਮਾਗ ਦੇ ਤੇਜ਼ ਵਿਕਾਸ, ਪਹਿਚਾਣ ਬਣਾਉਣ, ਸਮਾਜਿਕ ਸਿੱਖਿਆ ਅਤੇ ਭਾਵਨਾਤਮਕ ਪਰਿਪੱਕਤਾ ਦਾ ਵੀ ਸਮਾਂ ਹੈ।

ਇਸ ਲਈ ਮਾਪਿਆਂ ਅਤੇ ਅਧਿਆਪਕਾਂ ਨੂੰ ਨੌਜਵਾਨਾਂ ਦੀ ਹਰ ਗਲਤੀ 'ਤੇ ਉਨ੍ਹਾਂ ਨੂੰ ਬਦਤਮੀਜ਼, ਆਲਸੀ ਜਾਂ ਬਦਮਿਜ਼ਾਜ਼ ਕਹਿਣ ਦੀ ਬਜਾਏ ਉਨ੍ਹਾਂ ਦੇ ਵਿਕਾਸ ਦੇ ਪੜਾਅ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਕਿਸ਼ੋਰਾਂ ਨੂੰ ਸਿਰਫ਼ ਆਲੋਚਨਾ ਨਹੀਂ, ਸਹੀ ਦਿਸ਼ਾ ਅਤੇ ਸਮਝ ਦੀ ਲੋੜ ਹੁੰਦੀ ਹੈ। ਅੱਜ ਦਾ ਮਨੁੱਖ ਲਗਾਤਾਰ ਦਬਾਅ ਵਿੱਚ ਜੀ ਰਿਹਾ ਹੈ। ਪੜ੍ਹਾਈ ਦੀ ਦੌੜ, ਨੌਕਰੀ ਦਾ ਤਣਾਅ, ਆਰਥਿਕ ਚਿੰਤਾਵਾਂ, ਸੋਸ਼ਲ ਮੀਡੀਆ, ਰਿਸ਼ਤਿਆਂ ਦੀਆਂ ਸਮੱਸਿਆਵਾਂ ਅਤੇ ਨੀਂਦ ਦੀ ਕਮੀ ਸਰੀਰ ਦੇ ਤਣਾਅ-ਤੰਤਰ 'ਤੇ ਲਗਾਤਾਰ ਬੋਝ ਪਾ ਰਹੇ ਹਨ।

ਸਾਡਾ ਸਰੀਰ ਛੋਟੇ ਸਮੇਂ ਦੀਆਂ ਚੁਣੌਤੀਆਂ ਲਈ ਤਣਾਅ-ਪ੍ਰਤੀਕਿਰਿਆ ਵਿਕਸਿਤ ਕਰਕੇ ਆਇਆ ਹੈ। ਪਰ ਜਦੋਂ ਤਣਾਅ ਲਗਾਤਾਰ ਬਣਿਆ ਰਹੇ ਤਾਂ ਸਰੀਰ ਅਤੇ ਮਨ ਦੋਵਾਂ 'ਤੇ ਇਸਦਾ ਪ੍ਰਭਾਵ ਪੈ ਸਕਦਾ ਹੈ। ਇਸ ਲਈ ਪੂਰੀ ਨੀਂਦ, ਨਿਯਮਿਤ ਕਸਰਤ, ਸੰਤੁਲਿਤ ਖੁਰਾਕ, ਆਰਾਮ, ਕੁਦਰਤ ਨਾਲ ਜੁੜਾਅ ਅਤੇ ਸਿਹਤਮੰਦ ਸਮਾਜਿਕ ਰਿਸ਼ਤੇ ਸਿਰਫ਼ ਜੀਵਨ-ਸ਼ੈਲੀ ਦੀਆਂ ਚੋਣਾਂ ਨਹੀਂ, ਸਗੋਂ ਸਰੀਰਕ ਅਤੇ ਭਾਵਨਾਤਮਕ ਸੰਤੁਲਨ ਲਈ ਵੀ ਮਹੱਤਵਪੂਰਨ ਹਨ।

ਹਾਰਮੋਨ ਸਾਡੀ ਮਾਨਸਿਕ ਸਿਹਤ, ਊਰਜਾ, ਪ੍ਰੇਰਣਾ ਅਤੇ ਵਿਉਹਾਰ ਦੀਆਂ ਕੁਝ ਸਥਿਤੀਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ, ਪਰ ਸ਼ਖ਼ਸੀਅਤ ਦਾ ਨਿਰਮਾਣ ਕਈ ਪੱਧਰਾਂ 'ਤੇ ਹੁੰਦਾ ਹੈ। ਸਾਡੇ ਜੀਨ ਕੁਝ ਰੁਝਾਨ ਦੇ ਸਕਦੇ ਹਨ। ਹਾਰਮੋਨ ਸਰੀਰਕ ਅਤੇ ਭਾਵਨਾਤਮਕ ਸਥਿਤੀਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਦਿਮਾਗੀ ਵਿਕਾਸ ਅਤੇ ਜੀਵਨ ਦੇ ਤਜ਼ਰਬੇ ਸਾਨੂੰ ਸਿਖਾਉਂਦੇ ਹਨ। ਪਰਿਵਾਰ ਅਤੇ ਸਮਾਜ ਸਾਡੇ ਮੁੱਲਾਂ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਆਖ਼ਰਕਾਰ ਸਾਡੀਆਂ ਸੁਚੇਤ ਚੋਣਾਂ ਅਤੇ ਆਦਤਾਂ ਸਾਡੇ ਚਰਿੱਤਰ ਨੂੰ ਘੜਦੀਆਂ ਹਨ।

ਇਸ ਲਈ ਦੋ ਵਿਅਕਤੀ ਇੱਕੋ ਜਿਹੀ ਜੈਵਿਕ ਸਥਿਤੀ ਦਾ ਸਾਹਮਣਾ ਕਰਦੇ ਹੋਏ ਵੀ ਬਿਲਕੁਲ ਵੱਖਰੇ ਢੰਗ ਨਾਲ ਪ੍ਰਤੀਕਿਰਿਆ ਕਰ ਸਕਦੇ ਹਨ। ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਜੀਵ-ਵਿਗਿਆਨਕ ਪ੍ਰਭਾਵ ਗਲਤ ਵਿਉਹਾਰ ਦਾ ਬਹਾਨਾ ਨਹੀਂ ਬਣ ਸਕਦੇ।

ਜੇ ਕੋਈ ਵਿਅਕਤੀ ਗੁੱਸੇ ਵਿੱਚ ਕਿਸੇ ਨੂੰ ਦੁੱਖ ਪਹੁੰਚਾਉਂਦਾ ਹੈ ਤਾਂ ਇਹ ਕਹਿ ਦੇਣਾ ਕਿ 'ਮੇਰੇ ਹਾਰਮੋਨ ਜ਼ਿੰਮੇਵਾਰ ਸਨ' ਉਸਦੇ ਵਿਉਹਾਰ ਨੂੰ ਜਾਇਜ਼ ਨਹੀਂ ਬਣਾਉਂਦਾ। ਹਾਰਮੋਨ ਕਿਸੇ ਪ੍ਰਤੀਕਿਰਿਆ ਨੂੰ ਪ੍ਰਭਾਵਿਤ ਕਰ ਸਕਦੇ ਹਨ, ਪਰ ਪਰਿਪੱਕ ਮਨੁੱਖ ਆਪਣੀਆਂ ਪ੍ਰਤੀਕਿਰਿਆਵਾਂ ਨੂੰ ਸਮਝਣ ਅਤੇ ਨਿਯੰਤਰਿਤ ਕਰਨ ਦੀ ਸਮਰੱਥਾ ਵਿਕਸਿਤ ਕਰ ਸਕਦਾ ਹੈ। ਇੱਥੇ ਭਾਵਨਾਤਮਕ ਬੁੱਧੀ ਦੀ ਮਹੱਤਤਾ ਸਾਹਮਣੇ ਆਉਂਦੀ ਹੈ। ਆਪਣੀਆਂ ਭਾਵਨਾਵਾਂ ਨੂੰ ਪਛਾਣਨਾ, ਉਨ੍ਹਾਂ ਦੇ ਕਾਰਨਾਂ ਨੂੰ ਸਮਝਣਾ, ਆਵੇਗ 'ਤੇ ਕਾਬੂ ਪਾਉਣਾ, ਦੂਜਿਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਅਤੇ ਸੋਚ-ਸਮਝ ਕੇ ਪ੍ਰਤੀਕਿਰਿਆ ਦੇਣਾ ਇੱਕ ਪਰਿਪੱਕ ਸ਼ਖ਼ਸੀਅਤ ਦੀ ਨਿਸ਼ਾਨੀ ਹੈ।

ਮਜ਼ਬੂਤ ਸ਼ਖ਼ਸੀਅਤ ਦਾ ਅਰਥ ਇਹ ਨਹੀਂ ਕਿ ਮਨੁੱਖ ਨੂੰ ਕਦੇ ਗੁੱਸਾ, ਡਰ, ਦੁੱਖ ਜਾਂ ਨਿਰਾਸ਼ਾ ਮਹਿਸੂਸ ਨਾ ਹੋਵੇ। ਅਸਲ ਮਜ਼ਬੂਤੀ ਇਹ ਹੈ ਕਿ ਉਹ ਇਨ੍ਹਾਂ ਭਾਵਨਾਵਾਂ ਨੂੰ ਪਛਾਣੇ, ਸਮਝੇ ਅਤੇ ਉਨ੍ਹਾਂ ਨੂੰ ਸਹੀ ਦਿਸ਼ਾ ਦੇਣ ਦੀ ਕਲਾ ਸਿੱਖੇ। ਮਾਪਿਆਂ ਅਤੇ ਅਧਿਆਪਕਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਬੱਚਿਆਂ ਅਤੇ ਕਿਸ਼ੋਰਾਂ ਵਿੱਚ ਹੋ ਰਹੀਆਂ ਸਰੀਰਕ ਅਤੇ ਭਾਵਨਾਤਮਕ ਤਬਦੀਲੀਆਂ ਨੂੰ ਸਮਝਣ। ਉਨ੍ਹਾਂ ਨੂੰ ਹਰ ਸਮੇਂ ਦੋਸ਼ੀ ਠਹਿਰਾਉਣ ਦੀ ਬਜਾਏ ਸਵੈ-ਜਾਗਰੂਕਤਾ ਅਤੇ ਸਵੈ-ਅਨੁਸ਼ਾਸਨ ਸਿਖਾਇਆ ਜਾਣਾ ਚਾਹੀਦਾ ਹੈ।

ਨੌਜਵਾਨਾਂ ਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਸਰੀਰ ਅਤੇ ਦਿਮਾਗ ਵਿੱਚ ਤਬਦੀਲੀਆਂ ਕੁਦਰਤੀ ਹਨ, ਪਰ ਆਪਣੇ ਵਿਉਹਾਰ ਦੀ ਜ਼ਿੰਮੇਵਾਰੀ ਲੈਣਾ ਵੀ ਉਨ੍ਹਾਂ ਦੀ ਹੀ ਜ਼ਿੰਮੇਵਾਰੀ ਹੈ। ਹਾਰਮੋਨ ਮਨੁੱਖੀ ਸਰੀਰ ਦੇ ਅਦਭੁਤ ਰਸਾਇਣਕ ਸੰਦੇਸ਼ਵਾਹਕ ਹਨ। ਇਹ ਵਾਧੇ, ਊਰਜਾ, ਨੀਂਦ, ਤਣਾਅ, ਪ੍ਰੇਰਣਾ, ਪ੍ਰਜਨਨ, ਮੂਡ ਅਤੇ ਸਰੀਰ ਦੀਆਂ ਅਨੇਕ ਮਹੱਤਵਪੂਰਨ ਪ੍ਰਕਿਰਿਆਵਾਂ ਵਿੱਚ ਭੂਮਿਕਾ ਨਿਭਾਉਂਦੇ ਹਨ। ਦਿਮਾਗ ਅਤੇ ਨਰਵਸ ਸਿਸਟਮ ਨਾਲ ਉਨ੍ਹਾਂ ਦੀ ਲਗਾਤਾਰ ਗੱਲਬਾਤ ਮਨੁੱਖੀ ਵਿਹਾਰ ਦੇ ਕਈ ਪੱਖਾਂ ਨੂੰ ਪ੍ਰਭਾਵਿਤ ਕਰਦੀ ਹੈ।

ਪਰ ਸਾਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਮਨੁੱਖ ਸਿਰਫ਼ ਹਾਰਮੋਨਾਂ ਦਾ ਜੋੜ ਨਹੀਂ ਹੈ। ਸਾਡੀ ਸ਼ਖ਼ਸੀਅਤ ਜੀਨ, ਦਿਮਾਗ, ਹਾਰਮੋਨ, ਪਰਿਵਾਰ, ਸਿੱਖਿਆ, ਸੱਭਿਆਚਾਰ, ਰਿਸ਼ਤੇ, ਤਜ਼ਰਬੇ, ਆਦਤਾਂ, ਮੁੱਲ ਅਤੇ ਚੋਣਾਂ ਦੇ ਸਾਂਝੇ ਪ੍ਰਭਾਵ ਨਾਲ ਬਣਦੀ ਹੈ। ਹਾਰਮੋਨ ਸਾਡੇ ਅੰਦਰ ਕੁਝ ਰੁਝਾਨਾਂ ਨੂੰ ਜਨਮ ਦੇ ਸਕਦੇ ਹਨ, ਪਰ ਉਨ੍ਹਾਂ ਰੁਝਾਨਾਂ ਨਾਲ ਅਸੀਂ ਕਿਵੇਂ ਵਿਉਹਾਰ ਕਰਦੇ ਹਾਂ—ਇਹ ਸਾਡੀ ਸਮਝ, ਸਾਡੀ ਸਿੱਖਿਆ ਅਤੇ ਸਾਡੇ ਚਰਿੱਤਰ 'ਤੇ ਨਿਰਭਰ ਕਰਦਾ ਹੈ। ਅੰਤ ਵਿੱਚ ਕਿਹਾ ਜਾ ਸਕਦਾ ਹੈ—ਹਾਰਮੋਨ ਮਨ ਨੂੰ ਪ੍ਰਭਾਵਿਤ ਕਰ ਸਕਦੇ ਹਨ, ਪਰ ਚਰਿੱਤਰ ਇਹ ਫ਼ੈਸਲਾ ਕਰਦਾ ਹੈ ਕਿ ਅਸੀਂ ਉਨ੍ਹਾਂ ਪ੍ਰਭਾਵਾਂ ਦਾ ਜਵਾਬ ਕਿਵੇਂ ਦਿੰਦੇ ਹਾਂ। ਇਹੀ ਮਨੁੱਖੀ ਸ਼ਖ਼ਸੀਅਤ ਦੀ ਅਸਲ ਤਾਕਤ ਹੈ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।

# ਪੁਰਸ਼ਾਂ ਤੇ ਔਰਤਾਂ 'ਤੇ ਵੱਖੋ-ਵੱਖਰੇ ਤੌਰ 'ਤੇ ਹਮਲਾ ਕਰਦੀ ਹੈ ਡਾਇਬਟੀਜ਼, ਨਵੇਂ ਅਧਿਐਨ 'ਚ ਖੁਲਾਸਾ



ਡਾਇਬਿਟੀਜ਼ ਦਾ ਪਤਾ ਲੱਗਣ ਤੋਂ ਬਾਅਦ ਮਹਿਲਾਵਾਂ ਵਿਚ ਮਾਨਸਿਕ ਸਿਹਤ ਨਾਲ ਜੁੜੀਆਂ ਸਮੱਸਿਆਵਾਂ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ, ਜਦਕਿ ਪੁਰਸ਼ਾਂ ਵਿਚ ਦਿਲ ਅਤੇ ਗੁਰਦੇ ਨਾਲ ਸਬੰਧਤ ਸਮੱਸਿਆਵਾਂ ਦਾ ਖ਼ਤਰਾ ਵਧਦਾ ਹੈ। ਖੋਜਕਰਤਾਵਾਂ ਨੇ ਕਿਹਾ ਹੈ ਕਿ ਔਰਤਾਂ ਅਤੇ ਪੁਰਸ਼ ਇਨ੍ਹਾਂ ਸਿਹਤ ਸਮੱਸਿਆਵਾਂ ਦਾ ਅਨੁਭਵ ਵੱਖ-ਵੱਖ ਢੰਗ ਨਾਲ ਕਰਦੇ ਹਨ, ਪਰ ਟਾਈਪ-2 ਡਾਇਬਿਟੀਜ਼ ਵਾਲੇ ਲੋਕਾਂ ਵਿਚ ਲਿੰਗ ਅਤੇ ਉਮਰ ਦੇ ਆਧਾਰ 'ਤੇ ਬਿਮਾਰੀ ਦੇ ਵਧਣ ਦੇ ਤਰੀਕੇ ਬਾਰੇ ਹੁਣ ਤੱਕ ਕੋਈ ਖੋਜ ਨਹੀਂ ਹੋਈ ਹੈ। ਬ੍ਰਿਟੇਨ ਦੀ ਕੁਈਨ ਮੈਰੀ ਯੂਨੀਵਰਸਿਟੀ ਅਤੇ ਹੋਰ ਖੋਜਕਰਤਾਵਾਂ ਦੇ ਅਧਿਐਨ ਦਾ ਨਤੀਜਾ ਰਸਾਲੇ 'ਪਲੋਸ ਮੈਡੀਸਨ' ਵਿਚ ਪ੍ਰਕਾਸ਼ਿਤ ਹੋਇਆ ਹੈ। ਇਸ ਅਧਿਐਨ ਨੇ 2010 ਤੋਂ 2020 ਦਰਮਿਆਨ ਟਾਈਪ-2 ਡਾਇਬਿਟੀਜ਼ ਦਾ ਸਾਹਮਣਾ ਕਰਨ ਵਾਲੇ 28,720 ਮਹਿਲਾਵਾਂ ਅਤੇ ਪੁਰਸ਼ਾਂ ਦੇ ਸਿਹਤ ਰਿਕਾਰਡ ਦਾ ਵਿਸ਼ਲੇਸ਼ਣ ਕੀਤਾ। ਬਿਮਾਰੀ ਦਾ ਪਤਾ ਲੱਗਣ ਤੋਂ ਬਾਅਦ ਦੇ ਸਾਲਾਂ ਵਿਚ ਪ੍ਰਤੀਭਾਗੀਆਂ ਵਿੱਚੋਂ 39 ਫ਼ੀਸਦੀ ਨੇ ਘੱਟੋ-ਘੱਟ ਇਕ ਮਹੱਤਵਪੂਰਨ ਸਿਹਤ ਘਟਨਾ ਦਾ ਅਨੁਭਵ ਕੀਤਾ ਜਿਸ ਵਿਚ ਘਟਨਾ ਦੀ ਪ੍ਰਗਤੀ ਅਤੇ ਸਮਾਂ ਲਿੰਗ ਦੇ ਅਨੁਸਾਰ ਵੱਖਰਾ ਸੀ।

ਖੋਜਕਰਤਾਵਾਂ ਨੇ ਦੇਖਿਆ ਕਿ ਬਿਮਾਰੀ ਦਾ ਪਤਾ ਲੱਗਣ ਤੋਂ ਬਾਅਦ ਮਹਿਲਾਵਾਂ ਵਿਚ ਮਾਨਸਿਕ ਸਿਹਤ ਸਮੱਸਿਆਵਾਂ ਹੋਣ ਦੀ ਸ਼ੰਕਾ ਵੱਧ ਸੀ (5.3 ਫ਼ੀਸਦੀ ਦੇ ਮੁਕਾਬਲੇ 8.1 ਪ੍ਰਤੀਸ਼ਤ) ਅਤੇ ਉਨ੍ਹਾਂ ਦੀ ਸਥਿਤੀ ਅਜਿਹੀ ਹੋ ਗਈ ਕਿ ਅੰਤ ਵਿਚ ਮੌਤ ਹੋ ਗਈ, ਜਦਕਿ ਪੁਰਸ਼ਾਂ ਵਿਚ ਦਿਲ ਦੀ ਬਿਮਾਰੀ (5.3 ਫ਼ੀਸਦੀ ਦੇ ਮੁਕਾਬਲੇ 8.4 %), ਆਖ਼ਰੀ ਪੜਾਅ ਦੀ ਗੁਰਦੇ ਦੀ ਬਿਮਾਰੀ ਅਤੇ ਹਾਈਪਰਟੈਂਸ਼ਨ ਦੀਆਂ ਉੱਚ ਦਰਾਂ ਸਨ। ਟੀਮ ਨੇ ਦੇਖਿਆ ਕਿ ਔਸਤਨ ਪੁਰਸ਼ਾਂ ਦੀ ਤੁਲਨਾ ਵਿਚ ਮਹਿਲਾਵਾਂ ਵੱਧ ਸਿਹਤ ਸੇਵਾਵਾਂ ਅਤੇ ਲੰਬੇ ਸਮੇਂ ਤੱਕ ਚੱਲਣ ਵਾਲੀਆਂ ਦਵਾਈਆਂ ਦਾ ਇਸਤੇਮਾਲ ਕਰਦੀਆਂ ਸਨ ਜਿਸ ਨਾਲ ਬਿਮਾਰੀ ਦਾ ਪਤਾ ਲੱਗਣ ਦੀ ਦਰ ਵਧ ਸਕਦੀ ਹੈ।

# ਕੈਮੀਕਲ ਵਾਲੀ ਡਾਈ ਦੀ ਛੁੱਟੀ! ਰਸੋਈ ਦੀਆਂ ਇਨ੍ਹਾਂ ਚੀਜ਼ਾਂ ਨਾਲ ਵਾਲ ਹੋਣਗੇ ਨੈਚੁਰਲ ਡਾਰਕ, ਅੱਜ ਹੀ ਨੋਟ ਕਰੋ ਬਣਾਉਣ ਦਾ ਸਹੀ ਤਰੀਕਾ

ਕੁਝ ਲੋਕਾਂ ਦੇ ਉਮਰ ਦੇ ਨਾਲ ਵਾਲ ਚਿੱਟੇ ਹੁੰਦੇ ਹਨ ਤਾਂ ਕੁਝ ਦੇ ਉਮਰ ਤੋਂ ਪਹਿਲਾਂ ਹੀ ਤਣਾਅ ਜਾਂ ਵਿਗੜਦੇ ਲਾਇਫ਼ਸਟਾਈਲ ਕਰਕੇ ਵਾਲ ਪੱਕ ਜਾਂਦੇ ਹਨ। ਅਜਿਹੇ ਵਿੱਚ ਜੇਕਰ ਤੁਸੀਂ ਬਾਜ਼ਾਰ ਦੀ ਕੈਮੀਕਲ ਵਾਲੀ ਹੇਅਰ ਡਾਈ ਦੀ ਜਗ੍ਹਾ ਕੁਝ ਨੈਚੁਰਲ ਲੱਭ ਰਹੇ ਹੋ, ਤਾਂ ਅੱਜ ਦੀ ਇਹ ਜਾਣਕਾਰੀ ਤੁਹਾਡੇ ਕੰਮ ਆ ਸਕਦੀ ਹੈ। ਅਸਲ ਵਿੱਚ, ਘਰ ਵਿੱਚ ਹੀ ਰੱਖੀਆਂ ਚੀਜ਼ਾਂ ਨੂੰ ਮਿਲਾ ਕੇ ਅਸੀਂ ਨੈਚੁਰਲ ਹੇਅਰ ਡਾਈ ਤਿਆਰ ਕਰ ਸਕਦੇ ਹਾਂ।

**ਚਿੱਟੇ ਵਾਲਾਂ ਲਈ ਹੋਮ ਮੇਡ ਹੇਅਰ ਡਾਈ**

ਵਾਲ ਚਾਹੇ ਉਮਰ ਤੋਂ ਪਹਿਲਾਂ ਚਿੱਟੇ ਹੋ ਜਾਣ ਜਾਂ ਉਮਰ ਵਧਣ ਦੇ ਨਾਲ, ਇਸ ਨਾਲ ਇਨਸਾਨ ਦੇ ਆਤਮ-ਵਿਸ਼ਵਾਸ 'ਤੇ ਕਾਫ਼ੀ ਅਸਰ ਪੈਂਦਾ ਹੈ। ਆਓ ਜਾਣਦੇ ਹਾਂ ਕਿ ਘਰੇਲੂ ਚੀਜ਼ਾਂ ਨਾਲ ਹੇਅਰ ਡਾਈ ਕਿਵੇਂ ਬਣਾਈ ਜਾ ਸਕਦੀ ਹੈ:

1. ਮਹਿੰਦੀ ਅਤੇ ਆਂਵਲਾ ਹੇਅਰ ਡਾਈ

**ਸਮੱਗਰੀ:**

1 ਚਮਚ ਕੌਫ਼ੀ ਪਾਊਡਰ
4 ਵੱਡੇ ਚਮਚ ਮਹਿੰਦੀ ਪਾਊਡਰ
2 ਚਮਚ ਆਂਵਲਾ ਪਾਊਡਰ
8-10 ਲੌਂਗ
ਲੋੜ ਅਨੁਸਾਰ ਪਾਣੀ
ਲੋਹੇ ਦੀ ਕੜਾਹੀ

**ਬਣਾਉਣ ਦਾ ਤਰੀਕਾ:**

ਹੋਮ ਮੇਡ ਹੇਅਰ ਡਾਈ ਬਣਾਉਣ ਲਈ 4 ਵੱਡੇ ਚਮਚ ਮਹਿੰਦੀ ਪਾਊਡਰ ਲੋਹੇ ਦੀ ਕੜਾਹੀ ਵਿੱਚ ਪਾਓ।

ਉਸ ਵਿੱਚ 2 ਚਮਚ ਆਂਵਲਾ ਪਾਊਡਰ ਅਤੇ 1 ਚਮਚ ਕੌਫ਼ੀ ਪਾਊਡਰ ਵੀ ਮਿਲਾਓ।

ਇਸ ਦੇ ਅੰਦਰ ਇੰਨਾ ਪਾਣੀ ਪਾਉਣਾ ਹੈ ਕਿ ਮਿਸ਼ਰਣ ਤੋਂ ਇੱਕ ਗਾੜ੍ਹਾ ਜਿਹਾ ਪੇਸਟ ਬਣ ਜਾਵੇ।

ਹੁਣ ਇਸ ਪੇਸਟ ਨੂੰ ਰਾਤ ਭਰ ਢੱਕ ਕੇ ਛੱਡ ਦੇਣਾ ਹੈ, ਅਗਲੇ ਦਿਨ ਤੁਹਾਡੀ ਹੋਮ ਮੇਡ ਹੇਅਰ ਡਾਈ ਤਿਆਰ ਹੋ ਜਾਵੇਗੀ।

**ਕਿਵੇਂ ਲਗਾਈਏ?**

ਇਸ ਨੂੰ ਲਗਾਉਣ ਲਈ ਸਭ ਤੋਂ ਪਹਿਲਾਂ ਹੱਥਾਂ ਨੂੰ ਪਲਾਸਟਿਕ ਗਲਵਜ਼ ਨਾਲ ਢੱਕੋ।

ਫ਼ਿਰ ਇਸ ਪੇਸਟ ਨੂੰ ਥੋੜ੍ਹੀ-ਥੋੜ੍ਹੀ ਮਾਤਰਾ ਵਿੱਚ ਹੱਥਾਂ ਵਿੱਚ ਲੈ ਕੇ ਵਾਲਾਂ ਦੀਆਂ ਜੜ੍ਹਾਂ ਵਿੱਚ ਲਗਾਓ।

ਇਸ ਨੂੰ ਵਾਲਾਂ ਵਿੱਚ ਘੱਟੋ-ਘੱਟ 3-4 ਘੰਟੇ ਤੱਕ ਲੱਗਿਆ ਰਹਿਣ ਦੇਣਾ ਹੈ।

ਜਦੋਂ ਵਾਲਾਂ ਵਿੱਚ ਚੰਗੀ ਤਰ੍ਹਾਂ ਸੁੱਕ ਜਾਵੇ ਤਾਂ ਪਹਿਲਾਂ ਸਾਦੇ ਪਾਣੀ ਨਾਲ ਵਾਲ ਧੋਵੋ।

ਇਸ ਤੋਂ ਬਾਅਦ ਮਾਈਲਡ ਸ਼ੈਂਪੂ ਨਾਲ ਵਾਲ ਧੋ ਲਵੋ।

2. ਚਾਹਪੱਤੀ ਅਤੇ ਕਲੌਂਜੀ ਦੀ ਹੇਅਰ ਡਾਈ

**ਸਮੱਗਰੀ:**

2 ਵੱਡੇ ਚਮਚ ਚਾਹਪੱਤੀ
1 ਵੱਡਾ ਚਮਚ ਕਲੌਂਜੀ
8-10 ਲੌਂਗ
ਲੋੜ ਅਨੁਸਾਰ ਪਾਣੀ
ਲੋਹੇ ਦੀ ਕੜਾਹੀ

ਬਣਾਉਣ ਦਾ ਤਰੀਕਾ:

ਲੋਹੇ ਦੀ ਕੜਾਹੀ ਵਿੱਚ 2 ਵੱਡੇ ਚਮਚ ਚਾਹਪੱਤੀ, 1 ਵੱਡਾ ਚਮਚ ਕਲੌਂਜੀ ਅਤੇ 8-10 ਲੌਂਗ ਦੇ ਨਾਲ 1 ਗਲਾਸ ਪਾਣੀ ਪਾਓ।

ਇਸ ਕੜਾਹੀ ਨੂੰ ਗੈਸ 'ਤੇ ਰੱਖੋ ਅਤੇ ਹੌਲੀ ਅੱਗ 'ਤੇ ਉਬਾਲੋ।

ਧਿਆਨ ਰਹੇ ਕਿ ਪਾਣੀ ਅੱਧਾ ਰਹਿ ਜਾਣ ਤੱਕ ਇਸ ਨੂੰ ਉਬਾਲਦੇ ਰਹਿਣਾ ਹੈ।












# ਰਾਸ਼ੀਫਲ



**ਮੇਸ਼–** ਚੰਦਰਮਾ ਅੱਜ, ਬੁੱਧਵਾਰ, 26 ਅਗਸਤ, 2026 ਨੂੰ ਮਕਰ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਤੋਂ ਦਸਵੇਂ ਘਰ ਵਿੱਚ ਹੋਵੇਗਾ। ਪੇਸ਼ੇਵਰ ਖੇਤਰ ਵਿੱਚ ਸਹਿਯੋਗੀਆਂ ਅਤੇ ਭਾਈਵਾਲਾਂ ਨਾਲ ਮਹੱਤਵਪੂਰਨ ਵਿਸ਼ਿਆਂ 'ਤੇ ਚਰਚਾ ਕੀਤੀ ਜਾਵੇਗੀ। ਤੁਹਾਡੇ ਕਿਸੇ ਪ੍ਰੋਜੈਕਟ ਨੂੰ ਸਰਕਾਰੀ ਲਾਭ ਮਿਲਣ ਦੀ ਸੰਭਾਵਨਾ ਹੈ। ਦਫਤਰ ਨਾਲ ਸਬੰਧਤ ਕੰਮ ਲਈ ਯਾਤਰਾ ਵੀ ਸੰਭਵ ਹੈ। ਪਰਿਵਾਰ ਵਿੱਚ ਖੁਸ਼ੀ ਦਾ ਮਾਹੌਲ ਰਹੇਗਾ। ਤੁਸੀਂ ਆਪਣੀ ਸਜਾਵਟ ਅਤੇ ਹੋਰ ਪ੍ਰਬੰਧਾਂ ਵਿੱਚ ਬਦਲਾਅ ਕਰਕੇ ਆਪਣੇ ਘਰ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਦੀ ਕੋਸ਼ਿਸ਼ ਕਰੋਗੇ। ਕੰਮ ਦਾ ਬੋਝ ਥਕਾਵਟ ਦਾ ਕਾਰਨ ਬਣੇਗਾ। ਤੁਹਾਡੀ ਮਾਂ ਦੀ ਸਿਹਤ ਵਿੱਚ ਸੁਧਾਰ ਹੋਵੇਗਾ। ਤੁਹਾਡੀ ਪ੍ਰੇਮ ਜ਼ਿੰਦਗੀ ਸੰਤੁਸ਼ਟੀਜਨਕ ਰਹੇਗੀ। ਸਿਹਤ ਦੇ ਦ੍ਰਿਸ਼ਟੀਕੋਣ ਤੋਂ, ਦਿਨ ਮੱਧਮ ਹੈ।

**ਟੌਰਸ–** ਚੰਦਰਮਾ ਅੱਜ, ਬੁੱਧਵਾਰ, 26 ਅਗਸਤ, 2026 ਨੂੰ ਮਕਰ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਤੋਂ ਨੌਵੇਂ ਘਰ ਵਿੱਚ ਹੋਵੇਗਾ। ਅੱਜ, ਤੁਹਾਨੂੰ ਨਵੇਂ ਕੰਮ ਲਈ ਪ੍ਰੇਰਨਾ ਮਿਲੇਗੀ। ਤੁਸੀਂ ਬੁੱਧੀ ਨਾਲ ਕੰਮ 'ਤੇ ਆਸਾਨੀ ਨਾਲ ਕੰਮ ਪੂਰੇ ਕਰ ਸਕੋਗੇ। ਕਿਸੇ ਧਾਰਮਿਕ ਸਥਾਨ ਦੀ ਯਾਤਰਾ ਤੁਹਾਡੇ ਮਨ ਨੂੰ ਸ਼ਰਧਾ ਨਾਲ ਭਰ ਦੇਵੇਗੀ। ਤੁਸੀਂ ਅੱਜ ਇੱਕ ਲੰਬੀ ਯਾਤਰਾ ਦੀ ਯੋਜਨਾ ਬਣਾ ਸਕਦੇ ਹੋ। ਤੁਹਾਨੂੰ ਦੂਰ ਦੇ ਰਿਸ਼ਤੇਦਾਰਾਂ ਜਾਂ ਦੋਸਤਾਂ ਤੋਂ ਚੰਗੀ ਖ਼ਬਰ ਮਿਲੇਗੀ। ਤੁਸੀਂ ਵਿਦੇਸ਼ਾਂ ਨਾਲ ਸਬੰਧਤ ਕੰਮ ਵਿੱਚ ਸਫਲ ਹੋਵੋਗੇ। ਕਾਰੋਬਾਰ ਵਿੱਤੀ ਲਾਭ ਲਿਆਏਗਾ। ਹੁਣ ਨਿਵੇਸ਼ ਦੀ ਯੋਜਨਾ ਬਣਾਉਣਾ ਚੰਗਾ ਵਿਚਾਰ ਨਹੀਂ ਹੈ। ਤੁਹਾਡੀ ਸਿਹਤ ਦਰਮਿਆਨੀ ਰਹੇਗੀ। ਘਰ ਵਿੱਚ ਸਕਾਰਾਤਮਕ ਮਾਹੌਲ ਰਹੇਗਾ। ਤੁਸੀਂ ਆਪਣੇ ਅਜ਼ੀਜ਼ਾਂ ਨਾਲ ਵਧੀਆ ਸਮਾਂ ਬਿਤਾਓਗੇ।

**ਮਿਥੁਨ–** ਚੰਦਰਮਾ ਅੱਜ, ਬੁੱਧਵਾਰ, 26 ਅਗਸਤ, 2026 ਨੂੰ ਮਕਰ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਤੋਂ ਅੱਠਵੇਂ ਘਰ ਵਿੱਚ ਹੋਵੇਗਾ। ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਤੁਹਾਨੂੰ ਆਪਣੇ ਗੁੱਸੇ 'ਤੇ ਕਾਬੂ ਰੱਖਣ ਦੀ ਜ਼ਰੂਰਤ ਹੈ। ਅੱਜ ਕੋਈ ਨਵੀਂ ਦਵਾਈ ਜਾਂ ਇਲਾਜ ਸ਼ੁਰੂ ਕਰਨ ਲਈ ਅਨੁਕੂਲ ਦਿਨ ਨਹੀਂ ਹੈ। ਵਧੇ ਹੋਏ ਖਰਚਿਆਂ ਨਾਲ ਵਿੱਤੀ ਮੁਸ਼ਕਲਾਂ ਪੈਦਾ ਹੋਣਗੀਆਂ। ਪਰਿਵਾਰ ਅਤੇ ਸਹਿਯੋਗੀਆਂ ਨਾਲ ਮਤਭੇਦ ਹੋਣਗੇ। ਤੁਸੀਂ ਮਾਨਸਿਕ ਬੇਚੈਨੀ ਦਾ ਅਨੁਭਵ ਕਰੋਗੇ। ਤੁਹਾਡੀ ਸਿਹਤ ਵਿਗੜ ਜਾਵੇਗੀ। ਭਗਵਾਨ ਦੀ ਪ੍ਰਾਰਥਨਾ ਕਰਨ ਅਤੇ ਮੰਤਰਾਂ ਦਾ ਜਾਪ ਕਰਨ ਨਾਲ ਰਾਹਤ ਮਿਲੇਗੀ।

**ਕਰਕ–** ਚੰਦਰਮਾ ਅੱਜ, ਬੁੱਧਵਾਰ, 26 ਅਗਸਤ, 2026 ਨੂੰ ਮਕਰ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਦੇ ਸੱਤਵੇਂ ਘਰ ਵਿੱਚ ਹੋਵੇਗਾ। ਸੰਵੇਦਨਸ਼ੀਲਤਾ ਅਤੇ ਪਿਆਰ ਦੀਆਂ ਭਾਵਨਾਵਾਂ ਅੱਜ ਤੁਹਾਨੂੰ ਨਵੇਂ ਲੋਕਾਂ ਵੱਲ ਖਿੱਚਣਗੀਆਂ। ਆਲੀਸ਼ਾਨ ਮਨੋਰੰਜਨ ਦੀਆਂ ਚੀਜ਼ਾਂ, ਕੱਪੜੇ, ਗਹਿਣੇ ਅਤੇ ਵਾਹਨਾਂ ਦੀ ਖਰੀਦਦਾਰੀ ਸੰਭਵ ਹੋਵੇਗੀ। ਵਿਆਹੁਤਾ ਜੀਵਨ ਅਨੁਕੂਲ ਰਹੇਗਾ। ਕਾਰੋਬਾਰੀਆਂ ਨੂੰ ਵਿਦੇਸ਼ਾਂ ਵਿੱਚ ਮੁਨਾਫ਼ਾ ਹੋਵੇਗਾ। ਸਾਂਝੇਦਾਰੀ ਲਾਭਦਾਇਕ ਸਾਬਤ ਹੋਵੇਗੀ। ਪ੍ਰੇਮ ਸਬੰਧ ਸਫਲ ਹੋਣਗੇ। ਨੌਕਰੀਪੇਸ਼ਾ ਲੋਕਾਂ ਨੂੰ ਨਵਾਂ ਟੀਚਾ ਮਿਲ ਸਕਦਾ ਹੈ।

**ਸਿੰਘ –** ਚੰਦਰਮਾ ਅੱਜ, ਬੁੱਧਵਾਰ, 26 ਅਗਸਤ, 2026 ਨੂੰ ਮਕਰ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਤੋਂ ਛੇਵੇਂ ਘਰ ਵਿੱਚ ਹੋਵੇਗਾ। ਸ਼ੱਕ ਦੇ ਬੱਦਲ ਤੁਹਾਨੂੰ ਬੇਚੈਨੀ ਮਹਿਸੂਸ ਕਰਾਉਣਗੇ, ਹਾਲਾਂਕਿ ਘਰ ਵਿੱਚ ਸ਼ਾਂਤੀਪੂਰਨ ਮਾਹੌਲ ਰਹੇਗਾ। ਰੋਜ਼ਾਨਾ ਦੇ ਕੰਮਾਂ ਵਿੱਚ ਥੋੜ੍ਹਾ ਵਿਘਨ ਪਵੇਗਾ। ਸਧਾਰਨ ਕੰਮਾਂ ਵਿੱਚ ਵਧੇਰੇ ਮਿਹਨਤ ਦੀ ਲੋੜ ਹੋਵੇਗੀ। ਉੱਚ ਅਧਿਕਾਰੀਆਂ ਨਾਲ ਬਹਿਸ ਤੋਂ ਬਚੋ। ਆਪਣੇ ਪਰਿਵਾਰ ਨੂੰ ਸਮਾਂ ਦਿਓ। ਆਪਣੇ ਕਾਰੋਬਾਰ ਨੂੰ ਵਧਾਉਣ ਦੀਆਂ ਰਣਨੀਤੀਆਂ ਅੱਜ ਕੰਮ ਨਹੀਂ ਕਰਨਗੀਆਂ। ਤੁਹਾਡੇ ਜੀਵਨ ਸਾਥੀ ਨਾਲ ਤੁਹਾਡਾ ਰਿਸ਼ਤਾ ਮਜ਼ਬੂਤ ਹੋਵੇਗਾ। ਤੁਹਾਡੀ ਪ੍ਰੇਮ ਜ਼ਿੰਦਗੀ ਸੰਤੁਸ਼ਟੀਜਨਕ ਰਹੇਗੀ। ਵਿਦਿਆਰਥੀਆਂ ਲਈ ਇਹ ਚੰਗਾ ਸਮਾਂ ਹੈ।

**ਕੰਨਿਆ–** ਚੰਦਰਮਾ ਅੱਜ, ਬੁੱਧਵਾਰ, 26 ਅਗਸਤ, 2026 ਨੂੰ ਮਕਰ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਤੋਂ ਪੰਜਵੇਂ ਘਰ ਵਿੱਚ ਹੋਵੇਗਾ। ਅੱਜ ਤੁਸੀਂ ਕਿਸੇ ਕਾਰਨ ਕਰਕੇ ਚਿੰਤਤ ਹੋਵੋਗੇ। ਤੁਸੀਂ ਆਪਣੇ ਬੱਚਿਆਂ ਅਤੇ ਸਿਹਤ ਬਾਰੇ ਖਾਸ ਤੌਰ 'ਤੇ ਚਿੰਤਤ ਹੋਵੋਗੇ। ਤੁਹਾਨੂੰ ਪੇਟ ਨਾਲ ਸਬੰਧਤ ਬਿਮਾਰੀਆਂ ਦੀ ਸ਼ਿਕਾਇਤ ਹੋ ਸਕਦੀ ਹੈ। ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਕੰਮ ਸਮੇਂ ਸਿਰ ਪੂਰਾ ਨਹੀਂ ਹੋ ਸਕਦਾ। ਅਚਾਨਕ ਖਰਚੇ ਹੋ ਸਕਦੇ ਹਨ। ਫਿਲਹਾਲ ਸਟਾਕ ਮਾਰਕੀਟ ਤੋਂ ਦੂਰ ਰਹੋ। ਤੁਸੀਂ ਕਿਸੇ ਅਜ਼ੀਜ਼ ਨੂੰ ਮਿਲੋਗੇ। ਆਪਣੀ ਪ੍ਰੇਮ ਜ਼ਿੰਦਗੀ ਵਿੱਚ ਸਕਾਰਾਤਮਕਤਾ ਬਣਾਈ ਰੱਖਣ ਲਈ, ਆਪਣੇ ਅਜ਼ੀਜ਼ ਨੂੰ ਸਮਾਂ ਦਿਓ।

**ਤੁਲਾ–** ਚੰਦਰਮਾ ਅੱਜ, ਬੁੱਧਵਾਰ, 26 ਅਗਸਤ, 2026 ਨੂੰ ਮਕਰ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਦੇ ਚੌਥੇ ਘਰ ਵਿੱਚ ਹੋਵੇਗਾ। ਅੱਜ ਤੁਸੀਂ ਬਹੁਤ ਭਾਵੁਕ ਹੋਵੋਗੇ, ਅਤੇ ਇਸ ਨਾਲ ਮਾਨਸਿਕ ਬਿਮਾਰੀ ਹੋ ਸਕਦੀ ਹੈ। ਆਪਣੀ ਮਾਂ ਨਾਲ ਵਿਵਾਦ ਹੋ ਸਕਦਾ ਹੈ। ਆਪਣੇ ਮਾਪਿਆਂ ਦੀ ਸਿਹਤ ਪ੍ਰਤੀ ਸਾਵਧਾਨ ਰਹੋ। ਯਾਤਰਾ ਲਈ ਸਮਾਂ ਅਨੁਕੂਲ ਨਹੀਂ ਹੈ। ਤੁਹਾਨੂੰ ਪਰਿਵਾਰ ਅਤੇ ਜਾਇਦਾਦ ਨਾਲ ਸਬੰਧਤ ਚਰਚਾਵਾਂ ਵਿੱਚ ਸਾਵਧਾਨ ਰਹਿਣ ਦੀ ਜ਼ਰੂਰਤ ਹੈ। ਤੁਸੀਂ ਅੱਜ ਕੰਮ 'ਤੇ ਬੇਚੈਨੀ ਮਹਿਸੂਸ ਕਰ ਸਕਦੇ ਹੋ। ਕਾਰੋਬਾਰ ਲਈ ਇਹ ਇੱਕ ਆਮ ਦਿਨ ਹੈ।

**ਸਕਾਰਪੀਓ–** ਚੰਦਰਮਾ ਅੱਜ, ਬੁੱਧਵਾਰ, 26 ਅਗਸਤ, 2026 ਨੂੰ ਮਕਰ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਦੇ ਤੀਜੇ ਘਰ ਵਿੱਚ ਹੋਵੇਗਾ। ਤੁਸੀਂ ਦਿਨ ਖੁਸ਼ੀ ਅਤੇ ਖੁਸ਼ੀ ਨਾਲ ਭਰਿਆ ਬਿਤਾਓਗੇ। ਤੁਸੀਂ ਨਵਾਂ ਕੰਮ ਸ਼ੁਰੂ ਕਰਨ ਦੇ ਯੋਗ ਹੋ ਸਕਦੇ ਹੋ। ਤੁਹਾਡੇ ਭੈਣ-ਭਰਾਵਾਂ ਨਾਲ ਤੁਹਾਡੇ ਰਿਸ਼ਤੇ ਚੰਗੇ ਹੋਣਗੇ। ਤੁਹਾਡੀ ਕਿਸਮਤ ਵਧ ਸਕਦੀ ਹੈ। ਤੁਸੀਂ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਮਿਲੋਗੇ। ਤੁਹਾਡੇ ਵਿਰੋਧੀ ਆਪਣੀਆਂ ਯੋਜਨਾਵਾਂ ਵਿੱਚ ਅਸਫਲ ਰਹਿਣਗੇ, ਅਤੇ ਤੁਹਾਡੀ ਪ੍ਰਸਿੱਧੀ ਵਧੇਗੀ। ਨੌਕਰੀ ਕਰਨ ਵਾਲਿਆਂ ਦੇ ਆਪਣੇ ਉੱਚ ਅਧਿਕਾਰੀਆਂ ਨਾਲ ਚੰਗੇ ਸੰਬੰਧ ਹੋਣਗੇ।

**ਧਨੁ –** ਚੰਦਰਮਾ ਅੱਜ, ਬੁੱਧਵਾਰ, 26 ਅਗਸਤ, 2026 ਨੂੰ ਮਕਰ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਦੇ ਦੂਜੇ ਘਰ ਵਿੱਚ ਹੋਵੇਗਾ। ਪਰਿਵਾਰ ਦੇ ਮੈਂਬਰਾਂ ਨਾਲ ਗਲਤਫਹਿਮੀਆਂ ਤੋਂ ਬਚੋ। ਪੈਸਾ ਬਰਬਾਦ ਹੋਵੇਗਾ। ਚਿੰਤਾ ਅਤੇ ਉਲਝਣ ਤੁਹਾਨੂੰ ਮਹੱਤਵਪੂਰਨ ਫੈਸਲੇ ਲੈਣ ਤੋਂ ਰੋਕੇਗੀ। ਤੁਹਾਨੂੰ ਕੰਮ 'ਤੇ ਸਫਲਤਾ ਨਹੀਂ ਮਿਲ ਸਕਦੀ। ਤੁਹਾਡੀ ਦੂਰ ਦੇ ਰਿਸ਼ਤੇਦਾਰਾਂ ਨਾਲ ਸਕਾਰਾਤਮਕ ਗੱਲਬਾਤ ਹੋਵੇਗੀ। ਕਾਰੋਬਾਰੀ ਇਸ ਸਮੇਂ ਆਪਣੇ ਕਾਰੋਬਾਰ ਨੂੰ ਵਧਾਉਣ ਲਈ ਕੋਈ ਕਦਮ ਨਹੀਂ ਚੁੱਕਣਗੇ। ਪਰਿਵਾਰਕ ਮੈਂਬਰਾਂ ਨਾਲ ਤੁਹਾਡੇ ਸਬੰਧ ਚੰਗੇ ਰਹਿਣਗੇ, ਹਾਲਾਂਕਿ ਦੁਪਹਿਰ ਬਾਅਦ ਸਥਿਤੀ ਬਦਲ ਜਾਵੇਗੀ।

**ਮਕਰ–** ਚੰਦਰਮਾ ਅੱਜ, ਬੁੱਧਵਾਰ, 26 ਅਗਸਤ, 2026 ਨੂੰ ਮਕਰ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਦੇ ਪਹਿਲੇ ਘਰ ਵਿੱਚ ਹੋਵੇਗਾ। ਤੁਹਾਡਾ ਦਿਨ ਭਗਵਾਨ ਦੀ ਯਾਦ ਨਾਲ ਸ਼ੁਰੂ ਹੋਵੇਗਾ। ਧਾਰਮਿਕ ਗਤੀਵਿਧੀਆਂ ਅਤੇ ਪ੍ਰਾਰਥਨਾਵਾਂ ਕੀਤੀਆਂ ਜਾਣਗੀਆਂ। ਤੁਹਾਡੇ ਪਰਿਵਾਰਕ ਜੀਵਨ ਵਿੱਚ ਖੁਸ਼ੀ ਦਾ ਮਾਹੌਲ ਰਹੇਗਾ। ਤੁਹਾਡੇ ਸਾਰੇ ਕੰਮ ਆਸਾਨੀ ਨਾਲ ਪੂਰੇ ਹੋ ਜਾਣਗੇ। ਤੁਹਾਨੂੰ ਦੋਸਤਾਂ ਅਤੇ ਰਿਸ਼ਤੇਦਾਰਾਂ ਤੋਂ ਅਨੁਕੂਲ ਮੌਕੇ ਮਿਲਣਗੇ। ਤੁਸੀਂ ਸਰੀਰਕ ਅਤੇ ਮਾਨਸਿਕ ਤੌਰ 'ਤੇ ਸਿਹਤਮੰਦ ਰਹੋਗੇ। ਤੁਹਾਡੀ ਨੌਕਰੀ ਅਤੇ ਕਾਰੋਬਾਰ ਵਿੱਚ ਵੀ ਹਾਲਾਤ ਅਨੁਕੂਲ ਰਹਿਣਗੇ। ਤੁਸੀਂ ਆਪਣੇ ਵਿਆਹੁਤਾ ਜੀਵਨ ਵਿੱਚ ਅਨੰਦ ਦਾ ਅਨੁਭਵ ਕਰੋਗੇ। ਦੁਰਘਟਨਾਵਾਂ ਦਾ ਖ਼ਤਰਾ ਰਹੇਗਾ, ਇਸ ਲਈ ਵਾਹਨਾਂ ਦੀ ਵਰਤੋਂ ਸਾਵਧਾਨੀ ਨਾਲ ਕਰੋ।

**ਕੁੰਭ–** ਚੰਦਰਮਾ ਅੱਜ, ਬੁੱਧਵਾਰ, 26 ਅਗਸਤ, 2026 ਨੂੰ ਮਕਰ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਤੋਂ ਬਾਰ੍ਹਵੇਂ ਘਰ ਵਿੱਚ ਹੋਵੇਗਾ। ਅੱਜ ਤੁਸੀਂ ਸਰੀਰਕ ਅਤੇ ਮਾਨਸਿਕ ਤੌਰ 'ਤੇ ਬਿਮਾਰ ਮਹਿਸੂਸ ਕਰੋਗੇ। ਤੁਸੀਂ ਕਿਸੇ ਵੀ ਚੀਜ਼ 'ਤੇ ਧਿਆਨ ਕੇਂਦਰਿਤ ਨਹੀਂ ਕਰ ਸਕੋਗੇ। ਕੰਮ 'ਤੇ ਕੰਮ ਅਧੂਰਾ ਰਹਿ ਸਕਦਾ ਹੈ। ਪਰਿਵਾਰਕ ਮੈਂਬਰਾਂ ਨਾਲ ਵਿਵਾਦ ਹੋਣ ਦੀ ਸੰਭਾਵਨਾ ਹੈ। ਵਿੱਤੀ ਲੈਣ-ਦੇਣ ਕਰਦੇ ਸਮੇਂ ਜਾਂ ਪੂੰਜੀ ਨਿਵੇਸ਼ ਕਰਦੇ ਸਮੇਂ ਸਾਵਧਾਨ ਰਹੋ। ਅਦਾਲਤੀ ਮਾਮਲਿਆਂ ਨੂੰ ਸਾਵਧਾਨੀ ਨਾਲ ਸੰਭਾਲੋ। ਖਰਚੇ ਜ਼ਿਆਦਾ ਹੋਣਗੇ। ਤੁਸੀਂ ਨੁਕਸਾਨ ਵਿੱਚ ਵੀ ਦੂਜਿਆਂ ਦੀ ਮਦਦ ਕਰੋਗੇ। ਆਪਣੀ ਬੋਲੀ ਅਤੇ ਗੁੱਸੇ 'ਤੇ ਕਾਬੂ ਰੱਖੋ। ਦੁਰਘਟਨਾ ਦਾ ਡਰ ਰਹੇਗਾ।

**ਮੀਨ–** ਚੰਦਰਮਾ ਅੱਜ, ਬੁੱਧਵਾਰ, 26 ਅਗਸਤ, 2026 ਨੂੰ ਮਕਰ ਰਾਸ਼ੀ ਵਿੱਚ ਹੈ। ਇਹ ਤੁਹਾਡੀ ਰਾਸ਼ੀ ਦੇ ਗਿਆਰ੍ਹਵੇਂ ਘਰ ਵਿੱਚ ਹੋਵੇਗਾ। ਅੱਜ ਅਚਾਨਕ ਵਿੱਤੀ ਲਾਭ ਦੀ ਸੰਭਾਵਨਾ ਹੈ। ਤੁਹਾਨੂੰ ਆਪਣੇ ਬੱਚਿਆਂ ਸੰਬੰਧੀ ਚੰਗੀ ਖ਼ਬਰ ਮਿਲੇਗੀ। ਤੁਸੀਂ ਬਚਪਨ ਦੇ ਦੋਸਤਾਂ ਨੂੰ ਮਿਲ ਸਕਦੇ ਹੋ ਅਤੇ ਨਵੇਂ ਸੰਬੰਧ ਬਣਾ ਸਕਦੇ ਹੋ। ਤੁਹਾਨੂੰ ਕਿਸੇ ਸਮਾਜਿਕ ਸਮਾਗਮ ਲਈ ਯਾਤਰਾ ਕਰਨ ਦਾ ਮੌਕਾ ਮਿਲੇਗਾ। ਕਾਰੋਬਾਰ ਵਿੱਤੀ ਲਾਭ ਲਿਆਏਗਾ। ਤੁਸੀਂ ਇੱਕ ਸੁੰਦਰ ਮੰਜ਼ਿਲ ਦੀ ਯਾਤਰਾ ਦੀ ਯੋਜਨਾ ਬਣਾਓਗੇ।

# ਇਨਸਾਨੀਅਤ...

"ਬੇਟੀ, ਇੱਕ ਗਲਾਸ ਪਾਣੀ ਮਿਲ ਜਾਵੇਗਾ?"

ਮੇਰੀ ਆਵਾਜ਼ ਇੰਨੀ ਧੀਮੀ ਸੀ ਕਿ ਸਾਹਮਣੇ ਖੜ੍ਹੀ ਕੁੜੀ ਨੇ ਪਹਿਲਾਂ ਮੇਰੇ ਵੱਲ ਦੇਖਿਆ ਵੀ ਨਹੀਂ।

ਉਹ ਬੋਰਡਿੰਗ ਗੇਟ ਦੇ ਕੋਲ ਖੜ੍ਹੀ ਆਪਣੇ ਟੈਬਲੇਟ 'ਤੇ ਕੁਝ ਦੇਖ ਰਹੀ ਸੀ। ਮੈਂ ਦੁਬਾਰਾ ਕਿਹਾ,

"ਬਸ ਥੋੜ੍ਹਾ ਪਾਣੀ ਚਾਹੀਦਾ ਹੈ।"

ਇਸ ਵਾਰ ਉਸਨੇ ਸਿਰ ਚੁੱਕਿਆ।

ਉਸਦੀ ਨਜ਼ਰ ਪਹਿਲਾਂ ਮੇਰੇ ਚਿਹਰੇ 'ਤੇ ਗਈ, ਫਿਰ ਮੇਰੇ ਪੁਰਾਣੇ ਕੁੜਤੇ 'ਤੇ, ਫਿਰ ਮੇਰੀਆਂ ਘਸੀਆਂ ਹੋਈਆਂ ਚੱਪਲਾਂ 'ਤੇ।

"ਤੁਹਾਡੀ ਫਲਾਈਟ ਕਿਹੜੀ ਹੈ?"

ਮੈਂ ਕੱਪੜੇ ਦੇ ਝੋਲੇ ਵਿੱਚ ਹੱਥ ਪਾ ਕੇ ਬੋਰਡਿੰਗ ਪਾਸ ਕੱਢਣਾ ਚਾਹਿਆ, ਪਰ ਉਸਨੇ ਵਿਚਕਾਰ ਹੀ ਕਿਹਾ,

"ਰਹਿਣ ਦਿਓ।"

ਮੈਂ ਰੁਕ ਗਿਆ।

ਉਹ ਕੋਲ ਖੜ੍ਹੇ ਦੂਜੇ ਕਰਮਚਾਰੀ ਵੱਲ ਦੇਖ ਕੇ ਹਲਕਾ ਜਿਹਾ ਹੱਸੀ।

"ਸਵੇਰੇ-ਸਵੇਰੇ ਪਤਾ ਨਹੀਂ ਕਿੱਥੋਂ-ਕਿੱਥੋਂ ਆ ਜਾਂਦੇ ਹਨ।"

ਮੈਂ ਸੋਚਿਆ ਸ਼ਾਇਦ ਉਸਨੇ ਮੇਰੀ ਗੱਲ ਠੀਕ ਤਰ੍ਹਾਂ ਨਹੀਂ ਸੁਣੀ।

"ਮੈਨੂੰ ਸਿਰਫ਼ ਪਾਣੀ

ਉਸਨੇ ਇਸ ਵਾਰ ਸਾਫ਼ ਸ਼ਬਦਾਂ ਵਿੱਚ ਕਿਹਾ, "ਇੱਥੇ ਮੁਫ਼ਤ ਵਿੱਚ ਕੁਝ ਵੰਡਣ ਦਾ ਕਾਊਂਟਰ ਨਹੀਂ ਹੈ। ਬਾਹਰ ਪਾਣੀ ਦੀ ਮਸ਼ੀਨ ਹੈ। ਅਤੇ ਜੇਕਰ ਪੈਸੇ ਨਹੀਂ ਹਨ ਤਾਂ..."

ਉਹ ਇੱਕ ਪਲ ਰੁਕੀ।

ਫਿਰ ਬੋਲੀ,

"ਇੱਥੇ ਭੀਖ ਨਹੀਂ ਮਿਲਦੀ।"

ਮੇਰੇ ਹੱਥ ਵਿੱਚ ਫੜਿਆ ਬੋਰਡਿੰਗ ਪਾਸ ਉੱਥੇ ਹੀ ਰਹਿ ਗਿਆ।

ਮੇਰੇ ਪਿੱਛੇ ਖੜ੍ਹੇ ਦੋ ਲੋਕ ਹੱਸ ਪਏ।

ਕਿਸੇ ਨੇ ਕਿਹਾ, "ਬਾਬਾ ਗਲਤ ਜਗ੍ਹਾ ਆ ਗਏ।"

ਇੱਕ ਨੌਜਵਾਨ ਨੇ ਮੋਬਾਈਲ ਮੇਰੇ ਵੱਲ ਕਰ ਦਿੱਤਾ। ਸ਼ਾਇਦ ਵੀਡੀਓ ਬਣਾ ਰਿਹਾ ਸੀ।

ਮੈਂ ਕੁਝ ਨਹੀਂ ਕਿਹਾ।

ਸੱਤਰ ਸਾਲ ਦੀ ਉਮਰ ਵਿੱਚ ਆਦਮੀ ਹਰ ਅਪਮਾਨ ਦਾ ਜਵਾਬ ਦੇਣਾ ਬੰਦ ਕਰ ਦਿੰਦਾ ਹੈ, ਅਜਿਹਾ ਲੋਕ ਕਹਿੰਦੇ ਹਨ।

ਇਹ ਸੱਚ ਨਹੀਂ ਹੈ।

ਜਵਾਬ ਮਨ ਵਿੱਚ ਆਉਂਦਾ ਹੈ।

ਬਸ ਤੁਸੀਂ ਤੈਅ ਕਰਦੇ ਹੋ ਕਿ ਬੋਲਣਾ ਜ਼ਰੂਰੀ ਹੈ ਜਾਂ ਨਹੀਂ।

ਮੇਰੇ ਬੁੱਲ੍ਹ ਸੁੱਕ ਰਹੇ ਸਨ। ਸਵੇਰੇ ਡਾਕਟਰ ਨੇ ਮੈਨੂੰ ਖਾਲੀ ਪੇਟ ਜ਼ਿਆਦਾ ਦੇਰ ਨਾ ਰਹਿਣ ਲਈ ਕਿਹਾ ਸੀ। ਦਵਾਈ ਲੈਣ ਲਈ ਪਾਣੀ ਜ਼ਰੂਰੀ ਸੀ।

ਮੈਂ ਆਖਰੀ ਵਾਰ ਪੁੱਛਿਆ,

"ਪੈਸੇ ਦੇ ਦੇਵਾਂਗਾ। ਬਸ ਕੋਲ ਪਾਣੀ ਹੋਵੇ ਤਾਂ ਦੇ ਦਿਓ।"

ਕੁੜੀ ਦੀ ਮੁਸਕਰਾਹਟ ਗਾਇਬ ਹੋ ਗਈ।

"ਸਰ, ਲਾਈਨ ਨਾ ਰੋਕੋ।"

ਹੁਣ ਉਸਨੇ ਮੈਨੂੰ 'ਸਰ' ਕਿਹਾ ਸੀ, ਪਰ ਆਵਾਜ਼ ਵਿੱਚ ਸਨਮਾਨ ਨਹੀਂ ਸੀ।

ਨਾਲ ਖੜ੍ਹਾ ਸੁਰੱਖਿਆ ਕਰਮਚਾਰੀ ਵੀ ਕੋਲ ਆ ਗਿਆ।

"ਬਾਬਾ, ਉਧਰ ਬੈਠ ਜਾਓ। ਬੋਰਡਿੰਗ ਸ਼ੁਰੂ ਹੋਣ ਵਾਲੀ ਹੈ।"

ਮੈਂ ਕਿਹਾ, "ਮੇਰੇ ਕੋਲ ਵੀ ਇਸੇ ਉਡਾਣ ਦੀ ਟਿਕਟ ਹੈ।"

ਉਸਨੇ ਮੇਰੇ ਹੱਥ ਵੱਲ ਦੇਖਿਆ ਵੀ ਨਹੀਂ।

"ਠੀਕ ਹੈ, ਤਾਂ ਜਦੋਂ ਤੁਹਾਡੀ ਵਾਰੀ ਆਵੇਗੀ ਉਦੋਂ ਆਉਣਾ।"

ਮੈਂ ਪਿੱਛੇ ਹਟ ਗਿਆ।

ਕੋਲ ਲੱਗੀਆਂ ਕੁਰਸੀਆਂ ਵਿੱਚੋਂ ਇੱਕ ਖਾਲੀ ਸੀ। ਮੈਂ ਉੱਥੇ ਬੈਠ ਗਿਆ।

ਮੇਰਾ ਕੱਪੜੇ ਦਾ ਝੋਲਾ ਗੋਡਿਆਂ 'ਤੇ ਰੱਖਿਆ ਸੀ।

ਉਸਦੇ ਅੰਦਰ ਸਿਰਫ਼ ਦੋ ਜੋੜੀ ਕੱਪੜੇ, ਦਵਾਈਆਂ ਦਾ ਛੋਟਾ ਡੱਬਾ ਅਤੇ ਇੱਕ ਪੁਰਾਣੀ ਡਾਇਰੀ ਸੀ।

ਮੇਰੇ ਕੋਲ ਚਮੜੇ ਦਾ ਕੋਈ ਮਹਿੰਗਾ ਬੈਗ ਨਹੀਂ ਸੀ।

ਘੜੀ ਵੀ ਸਧਾਰਨ ਸੀ।

ਮੈਂ ਸਾਲਾਂ ਤੋਂ ਅਜਿਹਾ ਹੀ ਸਫ਼ਰ ਕਰਦਾ ਸੀ।

ਸਾਹਮਣੇ ਉਹੀ ਕੁੜੀ ਹੁਣ ਇੱਕ ਸੂਟ ਪਹਿਨੇ ਯਾਤਰੀ ਨੂੰ ਮੁਸਕਰਾ ਕੇ ਕਹਿ ਰਹੀ ਸੀ,

"ਸਰ, ਕੀ ਮੈਂ ਤੁਹਾਡੇ ਲਈ ਪਾਣੀ ਮੰਗਵਾ ਦੇਵਾਂ?"

ਉਸਨੇ ਸਿਰ ਹਿਲਾਇਆ।

ਦੋ ਮਿੰਟ ਦੇ ਅੰਦਰ ਬੋਤਲ ਉਸਦੇ ਹੱਥ ਵਿੱਚ ਸੀ।

ਮੈਂ ਉਹ ਦ੍ਰਿਸ਼ ਦੇਖਿਆ ਅਤੇ ਨਜ਼ਰਾਂ ਫੇਰ ਲਈਆਂ।

ਪਿਆਸ ਤੋਂ ਜ਼ਿਆਦਾ ਹੁਣ ਇੱਕ ਹੋਰ ਗੱਲ ਪਰੇਸ਼ਾਨ ਕਰ ਰਹੀ ਸੀ।

ਕੀ ਇਹੀ ਵਿਵਹਾਰ ਹਰ ਉਸ ਆਦਮੀ ਨਾਲ ਹੁੰਦਾ ਸੀ ਜੋ ਮਹਿੰਗਾ ਦਿਖਾਈ ਨਹੀਂ ਦਿੰਦਾ?

ਮੇਰੇ ਫੋਨ ਵਿੱਚ ਲਗਾਤਾਰ ਸੁਨੇਹੇ ਆ ਰਹੇ ਸਨ।

ਮੈਂ ਸਕ੍ਰੀਨ ਨਹੀਂ ਖੋਲ੍ਹੀ।

ਉਦੋਂ ਹੀ ਲਗਭਗ ਬਾਈ-ਤੇਈ ਸਾਲ ਦੀ ਇੱਕ ਕੁੜੀ ਮੇਰੇ ਕੋਲ ਆਈ। ਉਸਦੇ ਗਲੇ ਵਿੱਚ ਉਸੇ ਏਅਰਲਾਈਨ ਦਾ ਅਸਥਾਈ ਪਛਾਣ ਪੱਤਰ ਸੀ।




ਉਹ ਸ਼ਾਇਦ ਸਿਖਿਆਰਥੀ ਕਰਮਚਾਰੀ ਸੀ।

ਉਸਨੇ ਹੌਲੀ ਜਿਹੀ ਪੁੱਛਿਆ, "ਦਾਦਾ ਜੀ, ਤੁਹਾਨੂੰ ਪਾਣੀ ਚਾਹੀਦਾ ਸੀ?"

ਮੈਂ ਉਸਦੇ ਵੱਲ ਦੇਖਿਆ।

"ਹਾਂ।"

ਉਸਨੇ ਆਪਣੇ ਬੈਗ ਵਿੱਚੋਂ ਬੰਦ ਬੋਤਲ ਕੱਢੀ।

"ਇਹ ਰੱਖੋ।"

"ਪੈਸੇ?"

"ਨਹੀਂ ਚਾਹੀਦੇ।"

ਮੈਂ ਬੋਤਲ ਲਈ, ਪਰ ਢੱਕਣ ਖੋਲ੍ਹਣ ਤੋਂ ਪਹਿਲਾਂ ਪੁੱਛਿਆ,

"ਤੁਹਾਡਾ ਨਾਮ?"

"ਗੁਰਮੀਤ ਕੌਰ।"

"ਤੁਹਾਡੀ ਡਿਊਟੀ ਇੱਥੇ ਹੈ?"

ਉਸਨੇ ਘਬਰਾ ਕੇ ਗੇਟ ਵੱਲ ਦੇਖਿਆ।

"ਅੱਜ ਸਿਖਲਾਈ ਦਾ ਪਹਿਲਾ ਹਫ਼ਤਾ ਹੈ।"

"ਤੁਹਾਨੂੰ ਪਰੇਸ਼ਾਨੀ ਹੋਵੇਗੀ?"

ਉਹ ਹਲਕਾ ਜਿਹਾ ਮੁਸਕਰਾਈ।

"ਕਿਸੇ ਨੂੰ ਪਾਣੀ ਦੇਣ 'ਤੇ ਪਰੇਸ਼ਾਨੀ ਹੋਣੀ ਨਹੀਂ ਚਾਹੀਦੀ।"

ਮੈਂ ਪਹਿਲੀ ਵਾਰ ਉਸ ਸਵੇਰ ਮੁਸਕਰਾਉਣ ਦੀ ਕੋਸ਼ਿਸ਼ ਕੀਤੀ।

ਦੋ ਘੁੱਟ ਪਾਣੀ ਪੀ ਕੇ ਦਵਾਈ ਲਈ।

ਉਦੋਂ ਹੀ ਉਹੀ ਸੀਨੀਅਰ ਕੁੜੀ ਤੇਜ਼ੀ ਨਾਲ ਸਾਡੇ ਕੋਲ ਆਈ।

"ਗੁਰਮੀਤ ਕੌਰ!"

ਕੁੜੀ ਤੁਰੰਤ ਖੜ੍ਹੀ ਹੋ ਗਈ।

"ਜੀ ਮੈਮ?"

"ਤੈਨੂੰ ਕਿਸਨੇ ਕਿਹਾ ਯਾਤਰੀਆਂ ਨੂੰ ਆਪਣੇ ਬੈਗ ਵਿੱਚੋਂ ਚੀਜ਼ਾਂ ਵੰਡਣ ਲਈ?"

ਗੁਰਮੀਤ ਕੌਰ ਘਬਰਾ ਗਈ।

"ਮੈਮ, ਇਹਨਾਂ ਨੇ ਦਵਾਈ—"

"ਤੂੰ ਟ੍ਰੇਨਿੰਗ 'ਤੇ ਹੈਂ। ਨਿਯਮ ਸਿੱਖ, ਸਮਾਜ ਸੇਵਾ ਬਾਅਦ ਵਿੱਚ ਕਰਨਾ।"

ਉਸਨੇ ਗੁਰਮੀਤ ਕੌਰ ਦੇ ਹੱਥੋਂ ਖਾਲੀ ਬੋਤਲ ਦਾ ਢੱਕਣ ਲਿਆ ਅਤੇ ਕੋਲ ਪਏ ਡੱਬੇ ਵਿੱਚ ਪਾ ਦਿੱਤਾ।

ਫਿਰ ਮੇਰੇ ਵੱਲ ਦੇਖ ਕੇ ਬੋਲੀ, "ਅਤੇ ਤੁਸੀਂ ਪਲੀਜ਼ ਹੁਣ ਗੇਟ ਦੇ ਆਸਪਾਸ ਨਾ ਘੁੰਮੋ।"

ਇਸ ਵਾਰ ਮੇਰੇ ਅੰਦਰ ਕੁਝ ਬਦਲ ਗਿਆ।

ਮੈਂ ਸ਼ਾਂਤ ਆਵਾਜ਼ ਵਿੱਚ ਪੁੱਛਿਆ,

"ਤੁਹਾਡਾ ਨਾਮ ਕੀ ਹੈ?"

ਉਸ ਦੀਆਂ ਭਰਵਿੱਟੀਆਂ ਚੜ੍ਹ ਗਈਆਂ।

"ਕਿਉਂ?"

"ਬਸ ਪੁੱਛ ਰਿਹਾ ਹਾਂ।"

"ਰੀਆ ਮਲਹੋਤਰਾ।"

ਮੈਂ ਨਾਮ ਯਾਦ ਕਰ ਲਿਆ।

ਉਸੇ ਵਕਤ ਮੇਰੇ ਫੋਨ 'ਤੇ ਕਾਲ ਆਈ।

ਸਕ੍ਰੀਨ 'ਤੇ ਲਿਖਿਆ ਸੀ— ਅਜੈ ਸਕਸੈਨਾ।

ਮੈਂ ਕਾਲ ਕੱਟ ਦਿੱਤੀ।

ਰੀਆ ਨੇ ਦੇਖਿਆ ਅਤੇ ਤਾਅਨਾ ਮਾਰਦਿਆਂ ਕਿਹਾ,

"ਤੁਹਾਡੀ ਫਲਾਈਟ ਹੈ ਤਾਂ ਬੋਰਡਿੰਗ ਪਾਸ ਤਿਆਰ ਰੱਖਿਓ। ਆਖਰੀ ਸਮੇਂ 'ਤੇ ਕੋਈ ਬਹਾਨਾ ਨਹੀਂ ਚੱਲੇਗਾ।"

ਮੈਂ ਸਿਰਫ਼ ਸਿਰ ਹਿਲਾ ਦਿੱਤਾ।

ਕੁਝ ਹੀ ਮਿੰਟਾਂ ਬਾਅਦ ਮੁੰਬਈ ਜਾਣ ਵਾਲੀ ਉਡਾਣ ਦੀ ਬੋਰਡਿੰਗ ਸ਼ੁਰੂ ਹੋ ਗਈ।

ਮੈਂ ਸਭ ਤੋਂ ਪਿੱਛੇ ਖੜ੍ਹਾ ਹੋ ਗਿਆ।

ਮੇਰੇ ਅੱਗੇ ਕਰੀਬ ਚਾਲੀ ਲੋਕ ਸਨ।

ਰੀਆ ਹੁਣ ਹਰ ਯਾਤਰੀ ਨੂੰ ਦੇਖ ਕੇ ਮੁਸਕਰਾ ਰਹੀ ਸੀ।

"ਗੁੱਡ ਮੋਰਨਿੰਗ, ਮੈਮ।"

"ਵੈਲਕਮ, ਸਰ।"

"ਤੁਹਾਡਾ ਦਿਨ ਸ਼ੁਭ ਰਹੇ।"

ਮੈਂ ਉਸਨੂੰ ਦੇਖ ਰਿਹਾ ਸੀ।

ਇੱਕ ਹੀ ਇਨਸਾਨ ਦੀ ਆਵਾਜ਼ ਇੰਨੀ ਜਲਦੀ ਕਿਵੇਂ ਬਦਲ ਸਕਦੀ ਹੈ?

ਲਾਈਨ ਹੌਲੀ-ਹੌਲੀ ਅੱਗੇ ਵਧੀ।

ਉਦੋਂ ਪਿੱਛੋਂ ਤੇਜ਼ ਕਦਮਾਂ ਦੀ ਆਵਾਜ਼ ਆਈ।

ਕਿਸੇ ਨੇ ਕਿਹਾ, "ਰਸਤਾ ਦਿਓ।"

ਮੈਂ ਮੁੜ ਕੇ ਦੇਖਿਆ।

ਏਅਰਲਾਈਨ ਦੇ ਖੇਤਰੀ ਨਿਰਦੇਸ਼ਕ ਅਜੈ ਸਕਸੈਨਾ ਮੇਰੇ ਵੱਲ ਆ ਰਹੇ ਸਨ। ਉਨ੍ਹਾਂ ਦੇ ਨਾਲ ਹਵਾਈ ਅੱਡਾ ਸੰਚਾਲਨ ਪ੍ਰਮੁੱਖ ਅਤੇ ਦੋ ਸੀਨੀਅਰ ਅਧਿਕਾਰੀ ਸਨ।

ਅਜੈ ਨੇ ਮੈਨੂੰ ਦੇਖਦੇ ਹੀ ਰਾਹਤ ਦਾ ਸਾਹ ਲਿਆ।

"ਸਰ! ਤੁਸੀਂ ਫੋਨ ਕਿਉਂ ਨਹੀਂ ਚੁੱਕ ਰਹੇ ਸੀ? ਅਸੀਂ ਤੁਹਾਨੂੰ ਪੂਰੇ ਟਰਮੀਨਲ ਵਿੱਚ ਲੱਭ ਰਹੇ ਹਾਂ।"

ਆਸਪਾਸ ਖੜ੍ਹੇ ਲੋਕ ਚੁੱਪ ਹੋ ਗਏ।

ਰੀਆ ਦੇ ਹੱਥ ਵਿੱਚ ਫੜਿਆ ਸਕੈਨਰ ਹੌਲੀ-ਹੌਲੀ ਹੇਠਾਂ ਆ ਗਿਆ।

ਮੈਂ ਕਿਹਾ, "ਮੈਂ ਇੱਥੇ ਹੀ ਸੀ।"

ਅਜੈ ਮੇਰੇ ਕੋਲ ਆ ਕੇ ਲਗਭਗ ਫੁਸਫੁਸਾਇਆ,

"ਚੇਅਰਮੈਨ ਸਰ, ਬੋਰਡ ਦੀ ਮੀਟਿੰਗ ਦਾ ਸਮਾਂ ਬਦਲ ਗਿਆ ਹੈ। ਮੁੰਬਈ ਪਹੁੰਚਦੇ ਹੀ ਤੁਹਾਨੂੰ ਸਿੱਧਾ ਹੈੱਡਕੁਆਰਟਰ ਜਾਣਾ ਹੈ।"

ਰੀਆ ਦਾ ਚਿਹਰਾ ਸਫ਼ੈਦ ਪੈ ਗਿਆ।

ਉਸਨੇ ਪਹਿਲਾਂ ਅਜੈ ਨੂੰ ਦੇਖਿਆ।

ਫਿਰ ਮੈਨੂੰ।

ਫਿਰ ਮੇਰੇ ਹੱਥ ਵਿੱਚ ਉਹੀ ਮੁੜਿਆ ਹੋਇਆ ਬੋਰਡਿੰਗ ਪਾਸ ਦੇਖਿਆ ਜਿਸਨੂੰ ਉਸਨੇ ਕੁਝ ਦੇਰ ਪਹਿਲਾਂ ਦੇਖਣ ਤੋਂ ਵੀ ਇਨਕਾਰ ਕਰ ਦਿੱਤਾ ਸੀ।

ਪਰ ਉਸਨੂੰ ਅਜੇ ਇਹ ਨਹੀਂ ਪਤਾ ਸੀ ਕਿ ਮੇਰੇ ਇਸ ਸਫ਼ਰ ਦਾ ਅਸਲੀ ਕਾਰਨ ਬੋਰਡ ਦੀ ਮੀਟਿੰਗ ਨਹੀਂ ਸੀ।

ਮੈਂ ਆਪਣਾ ਕੱਪੜੇ ਦਾ ਝੋਲਾ ਚੁੱਕਿਆ ਅਤੇ ਕਿਹਾ, "ਅਜੈ, ਜਹਾਜ਼ ਤੱਕ ਜਾਣ ਤੋਂ ਪਹਿਲਾਂ ਮੈਨੂੰ ਤੇਰੇ ਤੋਂ ਇੱਕ ਚੀਜ਼ ਦੇਖਣੀ ਹੈ।"

"ਕੀ, ਸਰ?"

ਮੈਂ ਰੀਆ ਵੱਲ ਦੇਖਿਆ।

ਫਿਰ ਗੁਰਮੀਤ ਕੌਰ ਵੱਲ। ਅਤੇ ਸ਼ਾਂਤ ਆਵਾਜ਼ ਵਿੱਚ ਕਿਹਾ,

"ਅੱਜ ਸਵੇਰੇ ਇਸ ਗੇਟ 'ਤੇ ਜਿੰਨੇ ਕੈਮਰੇ ਚੱਲ ਰਹੇ ਸਨ, ਉਨ੍ਹਾਂ ਦੀ ਰਿਕਾਰਡਿੰਗ।"

ਅਜੈ ਨੇ ਮੇਰੀ ਗੱਲ ਸੁਣਦਿਆਂ ਹੀ ਗੰਭੀਰ ਹੋ ਕੇ ਸਿਰ ਹਿਲਾਇਆ।

"ਜੀ ਸਰ।"

ਉਸਨੇ ਤੁਰੰਤ ਆਪਣੇ ਨਾਲ ਆਏ ਅਧਿਕਾਰੀ ਨੂੰ ਇਸ਼ਾਰਾ ਕੀਤਾ।

"ਗੇਟ ਨੰਬਰ 6 ਦੀ ਪਿਛਲੇ ਇੱਕ ਘੰਟੇ ਦੀ ਪੂਰੀ ਸੀਸੀਟੀਵੀ ਫੁਟੇਜ ਸੁਰੱਖਿਅਤ ਕਰਵਾਓ।"

ਰੀਆ ਉੱਥੇ ਹੀ ਖੜ੍ਹੀ ਸੀ। ਉਸਦੇ ਚਿਹਰੇ ਦਾ ਰੰਗ ਬਦਲ ਚੁੱਕਾ ਸੀ।

"ਸਰ... ਜੇਕਰ ਮੇਰੇ ਤੋਂ ਕੋਈ ਗਲਤੀ ਹੋਈ ਹੈ ਤਾਂ..."

ਮੈਂ ਉਸਦੀ ਗੱਲ ਵਿਚਕਾਰ ਨਹੀਂ ਕੱਟੀ।

ਬਸ ਇੰਨਾ ਕਿਹਾ,

"ਗਲਤੀ ਅਤੇ ਕਿਸੇ ਇਨਸਾਨ ਨੂੰ ਉਸਦੀ ਹੈਸੀਅਤ ਦੇਖ ਕੇ ਸਨਮਾਨ ਦੇਣਾ—ਇਨ੍ਹਾਂ ਦੋਵਾਂ ਵਿੱਚ ਫ਼ਰਕ ਹੁੰਦਾ ਹੈ।"

ਉੱਥੇ ਮੌਜੂਦ ਯਾਤਰੀਆਂ ਵਿੱਚੋਂ ਕੁਝ ਲੋਕ ਹੁਣ ਸਾਡੇ ਵੱਲ ਦੇਖਣ ਲੱਗ ਪਏ ਸਨ।

ਮੈਂ ਅਜੈ ਨੂੰ ਕਿਹਾ, "ਪਹਿਲਾਂ ਗੁਰਮੀਤ ਕੌਰ ਨੂੰ ਬੁਲਾਓ।"

ਗੁਰਮੀਤ ਕੌਰ ਘਬਰਾਉਂਦੇ ਹੋਏ ਸਾਹਮਣੇ ਆਈ।

"ਜੀ ਸਰ?"

ਮੈਂ ਪੁੱਛਿਆ, "ਤੂੰ ਮੈਨੂੰ ਪਾਣੀ ਕਿਉਂ ਦਿੱਤਾ ਸੀ?"

ਉਸਨੇ ਹੌਲੀ ਜਿਹੀ ਕਿਹਾ, "ਕਿਉਂਕਿ ਤੁਸੀਂ ਮੰਗਿਆ ਸੀ।"

"ਤੈਨੂੰ ਪਤਾ ਸੀ ਮੈਂ ਕੌਣ ਹਾਂ?"

"ਨਹੀਂ।"

"ਫਿਰ ਵੀ?"

ਗੁਰਮੀਤ ਕੌਰ ਨੇ ਸਿਰ ਹਿਲਾਇਆ। "ਜੀ।"

ਮੈਂ ਮੁਸਕਰਾ ਕੇ ਕਿਹਾ,

"ਇਸੇ ਲਈ ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਨਸਾਨ ਦੀ ਪਛਾਣ ਉਸਦੇ ਕੱਪੜਿਆਂ ਤੋਂ ਨਹੀਂ ਹੁੰਦੀ।"

ਫਿਰ ਮੈਂ ਅਜੈ ਵੱਲ ਦੇਖਿਆ।

"ਇਸ ਕੁੜੀ ਦੀ ਸਿਖਲਾਈ ਜਾਰੀ ਰਹੇਗੀ। ਪਰ ਅੱਜ ਤੋਂ ਇਸਦੀ ਜ਼ਿੰਮੇਵਾਰੀ ਕਿਸੇ ਅਜਿਹੇ ਅਧਿਕਾਰੀ ਕੋਲ ਹੋਵੇਗੀ ਜੋ ਇਸਨੂੰ ਨਿਯਮਾਂ ਦੇ ਨਾਲ ਇਨਸਾਨੀਅਤ ਵੀ ਸਿਖਾਵੇ।"

ਗੁਰਮੀਤ ਕੌਰ ਦੀਆਂ ਅੱਖਾਂ ਭਰ ਆਈਆਂ।

ਫਿਰ ਮੈਂ ਰੀਆ ਵੱਲ ਦੇਖਿਆ।

ਉਹ ਸਿਰ ਝੁਕਾਈ ਖੜ੍ਹੀ ਸੀ।

ਮੈਂ ਉਸਨੂੰ ਪੁੱਛਿਆ,

"ਰੀਆ, ਤੂੰ ਮੈਨੂੰ ਪਾਣੀ ਕਿਉਂ ਨਹੀਂ ਦਿੱਤਾ?"

ਉਸਦੀ ਆਵਾਜ਼ ਕੰਬ ਰਹੀ ਸੀ।

"ਸਰ... ਮੈਨੂੰ ਲੱਗਾ..."

"ਕੀ ਲੱਗਾ?"

ਉਹ ਚੁੱਪ ਰਹੀ।

ਮੈਂ ਕਿਹਾ,

"ਇਹੀ ਕਿ ਪੁਰਾਣੇ ਕੱਪੜੇ ਪਹਿਨਣ ਵਾਲਾ ਆਦਮੀ ਪਾਣੀ ਮੰਗੇ ਤਾਂ ਸ਼ਾਇਦ ਉਹ ਯਾਤਰੀ ਨਹੀਂ ਹੋਵੇਗਾ?"

ਉਸਨੇ ਹੌਲੀ ਜਿਹੀ ਕਿਹਾ, "ਮੇਰੇ ਤੋਂ ਗਲਤੀ ਹੋਈ।"

ਮੈਂ ਸਿਰ ਹਿਲਾਇਆ। "ਹਾਂ, ਗਲਤੀ ਹੋਈ।"

ਮੈਂ ਅਜੈ ਨੂੰ ਕਿਹਾ, "ਪਰ ਇਸਨੂੰ ਨੌਕਰੀ ਤੋਂ ਕੱਢਣਾ ਹੱਲ ਨਹੀਂ ਹੈ।"

ਅਜੈ ਨੇ ਮੇਰੇ ਵੱਲ ਦੇਖਿਆ।

ਮੈਂ ਅੱਗੇ ਕਿਹਾ,

"ਇਸਨੂੰ ਇੱਕ ਮਹੀਨੇ ਲਈ ਉਸ ਵਿਭਾਗ ਵਿੱਚ ਭੇਜੋ ਜਿੱਥੇ ਸੀਨੀਅਰ ਸਿਟੀਜ਼ਨ ਯਾਤਰੀਆਂ ਦੀ ਸਹਾਇਤਾ ਕੀਤੀ ਜਾਂਦੀ ਹੈ। ਰੋਜ਼ ਅਜਿਹੇ ਲੋਕਾਂ ਨਾਲ ਮਿਲਣਾ ਚਾਹੀਦਾ ਹੈ ਜਿਨ੍ਹਾਂ ਨੂੰ ਦੇਖ ਕੇ ਕੋਈ ਇਹ ਤੈਅ ਨਹੀਂ ਕਰ ਸਕਦਾ ਕਿ ਉਨ੍ਹਾਂ ਦੇ ਬੈਂਕ ਖਾਤੇ ਵਿੱਚ ਕਿੰਨਾ ਪੈਸਾ ਹੈ।"

ਰੀਆ ਨੇ ਪਹਿਲੀ ਵਾਰ ਮੇਰੇ ਵੱਲ ਸਿੱਧਾ ਦੇਖਿਆ।

ਉਸਦੀਆਂ ਅੱਖਾਂ ਵਿੱਚ ਸ਼ਰਮ ਸੀ।

"ਸਰ... ਮੈਂ ਸੱਚਮੁੱਚ ਮੁਆਫ਼ੀ ਚਾਹੁੰਦੀ ਹਾਂ।"

ਮੈਂ ਕਿਹਾ,

"ਮੁਆਫ਼ੀ ਮੈਨੂੰ ਨਹੀਂ, ਅਗਲੀ ਵਾਰ ਉਸ ਬਜ਼ੁਰਗ ਤੋਂ ਮੰਗਣਾ ਜਿਸਨੂੰ ਤੂੰ ਸਿਰਫ਼ ਉਸਦੇ ਕੱਪੜਿਆਂ ਤੋਂ ਪਛਾਣਨ ਦੀ ਕੋਸ਼ਿਸ਼ ਕਰੇਂਗੀ।"

ਇੰਨਾ ਕਹਿ ਕੇ ਮੈਂ ਅੱਗੇ ਵਧ ਗਿਆ।

ਬੋਰਡਿੰਗ ਗੇਟ 'ਤੇ ਅਚਾਨਕ ਉਹੀ ਆਵਾਜ਼ ਸੁਣਾਈ ਦਿੱਤੀ—

"ਸਰ..."

ਮੈਂ ਰੁਕਿਆ।

ਰੀਆ ਮੇਰੇ ਕੋਲ ਆਈ। ਉਸਦੇ ਹੱਥ ਵਿੱਚ ਪਾਣੀ ਦੀ ਇੱਕ ਬੋਤਲ ਸੀ।

"ਇਹ ਰੱਖ ਲਵੋ।"

ਮੈਂ ਬੋਤਲ ਲਈ।

ਫਿਰ ਮੁਸਕਰਾ ਕੇ ਕਿਹਾ, "ਅੱਜ ਇਸਦੀ ਲੋੜ ਨਹੀਂ ਹੈ।"

ਉਹ ਹੈਰਾਨ ਹੋਈ।

ਮੈਂ ਕਿਹਾ, "ਪਰ ਇਸਨੂੰ ਸੰਭਾਲ ਕੇ ਰੱਖਣਾ। ਹੋ ਸਕਦਾ ਹੈ ਕੱਲ੍ਹ ਕਿਸੇ ਅਜਿਹੇ ਯਾਤਰੀ ਨੂੰ ਲੋੜ ਪਵੇ ਜਿਸਨੂੰ ਦੇਖ ਕੇ ਤੈਨੂੰ ਲੱਗੇ ਕਿ ਉਹ ਇਸਦੇ ਲਾਇਕ ਨਹੀਂ ਹੈ।"

ਰੀਆ ਨੇ ਸਿਰ ਝੁਕਾ ਲਿਆ।

ਮੈਂ ਜਹਾਜ਼ ਵੱਲ ਵਧ ਗਿਆ।

ਕੁਝ ਕਦਮਾਂ ਬਾਅਦ ਅਜੈ ਮੇਰੇ ਨਾਲ ਚੱਲ ਰਿਹਾ ਸੀ।

ਉਸਨੇ ਹੌਲੀ ਜਿਹੀ ਪੁੱਛਿਆ,

"ਸਰ, ਤੁਸੀਂ ਸੱਚਮੁੱਚ ਅੱਜ ਬੋਰਡ ਦੀ ਮੀਟਿੰਗ ਵਿੱਚ ਇਹੀ ਕੱਪੜੇ ਪਾ ਕੇ ਜਾਓਗੇ?"

ਮੈਂ ਹੱਸ ਪਿਆ।

"ਕਿਉਂ? ਬੋਰਡ ਦੀ ਮੀਟਿੰਗ ਵਿੱਚ ਕੱਪੜਿਆਂ ਦਾ ਇੰਟਰਵਿਊ ਹੁੰਦਾ ਹੈ ਕੀ?"

ਅਜੈ ਵੀ ਮੁਸਕਰਾ ਪਿਆ।

ਜਹਾਜ਼ ਵਿੱਚ ਬੈਠ ਕੇ ਮੈਂ ਆਪਣੀ ਪੁਰਾਣੀ ਡਾਇਰੀ ਖੋਲ੍ਹੀ।

ਉਸਦੇ ਪਹਿਲੇ ਪੰਨੇ 'ਤੇ ਮੇਰੀ ਪਤਨੀ ਦੀ ਲਿਖੀ ਇੱਕ ਸਤਰ ਸੀ—

"ਇਨਸਾਨ ਦੀ ਅਸਲੀ ਪਛਾਣ ਇਸ ਗੱਲ ਤੋਂ ਹੁੰਦੀ ਹੈ ਕਿ ਉਹ ਕਮਜ਼ੋਰ ਸਮਝੇ ਜਾਣ ਵਾਲੇ ਵਿਅਕਤੀ ਨਾਲ ਕਿਹੋ ਜਿਹਾ ਵਿਵਹਾਰ ਕਰਦਾ ਹੈ।"

ਮੈਂ ਉਹ ਪੰਨਾ ਕੁਝ ਦੇਰ ਦੇਖਿਆ।

ਫਿਰ ਡਾਇਰੀ ਬੰਦ ਕਰ ਦਿੱਤੀ।

ਮੁੰਬਈ ਪਹੁੰਚਣ ਤੋਂ ਪਹਿਲਾਂ ਅਜੈ ਮੇਰੇ ਕੋਲ ਆਇਆ।

"ਸਰ, ਇੱਕ ਹੋਰ ਗੱਲ।"

"ਕੀ?"

"ਸੀਸੀਟੀਵੀ ਫੁਟੇਜ ਦੇਖਣ ਤੋਂ ਬਾਅਦ ਅਸੀਂ ਤੈਅ ਕੀਤਾ ਹੈ ਕਿ ਏਅਰਲਾਈਨ ਦੇ ਹਰ ਕਰਮਚਾਰੀ ਲਈ ਇੱਕ ਨਵਾਂ ਸਿਖਲਾਈ ਪ੍ਰੋਗਰਾਮ ਸ਼ੁਰੂ ਹੋਵੇਗਾ—'ਸਨਮਾਨ ਪਹਿਲਾਂ'।"

ਮੈਂ ਖਿੜਕੀ ਵਿੱਚੋਂ ਬੱਦਲਾਂ ਵੱਲ ਦੇਖਦਿਆਂ ਕਿਹਾ, "ਚੰਗਾ ਹੈ।"

"ਅਤੇ ਉਸਦਾ ਪਹਿਲਾ ਨਿਯਮ?"

ਮੈਂ ਉਸਦੇ ਵੱਲ ਦੇਖਿਆ।

"ਕਿਸੇ ਯਾਤਰੀ ਦੀ ਕੀਮਤ ਉਸਦੇ ਕੱਪੜਿਆਂ, ਟਿਕਟ ਜਾਂ ਬੈਂਕ ਬੈਲੇਂਸ ਤੋਂ ਤੈਅ ਨਾ ਕਰਨਾ।"

ਅਜੈ ਮੁਸਕਰਾਇਆ।

ਮੈਂ ਆਪਣੀ ਸੀਟ 'ਤੇ ਸਿਰ ਟਿਕਾਇਆ।

ਸਵੇਰੇ ਮੈਂ ਸਿਰਫ਼ ਇੱਕ ਗਲਾਸ ਪਾਣੀ ਮੰਗਿਆ ਸੀ।

ਪਾਣੀ ਤਾਂ ਗੁਰਮੀਤ ਕੌਰ ਨੇ ਦੇ ਦਿੱਤਾ ਸੀ।

ਪਰ ਉਸ ਦਿਨ ਉਸ ਏਅਰਪੋਰਟ ਨੇ ਇੱਕ ਹੋਰ ਚੀਜ਼ ਸਿੱਖੀ ਸੀ—

ਕਿਸੇ ਇਨਸਾਨ ਨੂੰ ਸਨਮਾਨ ਦੇਣ ਲਈ ਇਹ ਜਾਣਨਾ ਜ਼ਰੂਰੀ ਨਹੀਂ ਕਿ ਉਹ ਕੌਣ ਹੈ।

ਅਤੇ ਸ਼ਾਇਦ ਇਹੀ ਕਾਰਨ ਸੀ ਕਿ ਜਦੋਂ ਮੈਂ ਜਹਾਜ਼ ਤੋਂ ਉਤਰ ਰਿਹਾ ਸੀ, ਗੇਟ 'ਤੇ ਖੜ੍ਹੀ ਰੀਆ ਨੇ ਇਸ ਵਾਰ ਮੈਨੂੰ ਦੇਖ ਕੇ ਸਿਰਫ਼ ਇੰਨਾ ਕਿਹਾ—

"ਗੁੱਡ ਮੋਰਨਿੰਗ, ਸਰ।"

ਮੈਂ ਮੁਸਕਰਾ ਕੇ ਜਵਾਬ ਦਿੱਤਾ—

"ਗੁੱਡ ਮੋਰਨਿੰਗ ਨਹੀਂ... ਬਸ ਇਨਸਾਨੀਅਤ ਬਣਾਈ ਰੱਖੋ। ਬਾਕੀ ਸਭ ਆਪਣੇ ਆਪ ਠੀਕ ਹੋ ਜਾਵੇਗਾ।"

(ਇੰਗਲਿਸ਼ ਤੋਂ ਪੰਜਾਬੀ ਵਿੱਚ ਅਨੁਵਾਦ)

# ਵਿਅੰਗ- ਮਾਡਰਨ ਇੱਲਾਂ ਗਿਰਝਾਂ ਘੋਗੜ

ਪਿੰਡ ਦੀ ਸੱਥ ਵਿੱਚ, ਦਸ ਪੰਦਰਾਂ ਬਜ਼ੁਰਗ ਬੈਠੇ ਗੱਲਾਂ ਕਰ ਰਹੇ ਸਨ, ਗੁਰਨਾਮ ਸਿੰਘ ਪੱਦੂਆਂ ਦੇ ਵੱਢ ਖਾਣੇ ਬੋਤੇ ਤੋਂ ਸ਼ੁਰੂ ਹੋ ਕੇ ਅਖੀਰ ਦੇਸ਼ ਵਿੱਚੋਂ ਖਤਮ ਹੋ ਚੁੱਕੀਆਂ ਇੱਲਾਂ, ਗਿਰਝਾਂ ਤੇ ਘੋਗੜਾਂ ਤੇ ਆ ਕੇ ਰੁੱਕ ਗਈਆਂ।

ਅਰਜਣ ਝੋਟੇ ਕੁੱਟ ਕਹਿਣ ਲੱਗਾ, " ਬਈ ਇੱਲਾਂ ਗਿਰਝਾਂ ਤੇ ਘੋਗੜਾਂ ਦਾ ਤਾਂ ਬੀਜ਼ ਨਾਸ ਹੋ ਗਿਆ, ਹੁਣ ਕਿਤੇ ਵੇਖੀਆਂ ਹੀ ਨਹੀਂ, ਕਹਿੰਦੇ ਐ ਅਮਰੀਕਾ ਵਾਲੇ ਫੜ ਕੇ ਲੈ ਗਏ।

ਕੋਲ ਖੜਾ ਕਾਮਰੇਡ ਧਰਮ ਸਿੰਘ ਕਹਿਣ ਲੱਗਾ, " ਉਏ ਭੋਲ਼ਿਉ ਲੋਕੋ ਕੀ ਤੁਸੀਂ ਜਾਣਦੇ ਨਹੀਂ ਇਹ ਜਾਨਵਰ ਸਿਰਫ ਮਾਸ ਤੇ ਨਿਰਭਰ ਸਨ, ਤੇ ਕਿਸਾਨਾਂ ਦੀਆਂ ਮੋਟਰਾਂ ਤੋ ਪਾਣੀ ਪੀਂਦੇ ਸਨ, ਹੁਣ ਛੱਪੜ ਤਾਂ ਹੈ ਨਹੀ। ਸਾਡੇ ਕਿਸਾਨਾਂ ਨੇ ਰਸਾਇਣਿਕ ਖਾਦਾਂ, ਕੀਟ ਨਾਸਕ ਦਵਾਈਆਂ ਵਰਤ ਕੇ ਜ਼ਹਿਰ ਫੈਲਾਅ ਰੱਖਿਆ ਹੈ, ਜਿਸ ਕਰਕੇ ਮਰ ਖਪ ਗਈਆਂ। ਬਾਕੀ ਰਿਹਾ ਏਨਾਂ ਦੇ ਮੁੱਕਣ ਦਾ ਦੂਸਰਾ ਪੱਖ, ਉਹ ਇਹ ਕਿ ਕਮਲਿਉ ਹੁਣ ਤਾਂ ਇੱਲਾਂ ਗਿਰਝਾਂ ਘੋਗੜਾਂ ਦੀ ਡਾਰਾਂ ਫਿਰਦੀਆਂ ਹਨ, ਪਰ ਲੋਕ ਅਕਲ ਤੋਂ ਅੰਨ੍ਹੇ ਹੋਗੇ, ਏਨਾਂ ਨੂੰ ਵੇਖਣ ਲਈ ਸਜਾਖੀਆਂ ਅਖਾਂ ਦੀ ਲੋੜ ਹੈ"।

ਬੰਤਾ ਚੂੰਢੀ ਵੱਢਾਂ ਦਾ ਬੋਲਿਆ, " ਕਿਉਂ ਕਾਮਰੇਡਾ ਕੁਫਰ ਤੋਲੀ ਜਾਂਨੈ, ਵਿਖਾ ਖਾਂ ਭਲਾ ਕਿੱਥੇ ਐ ਅਸਮਾਨ ਜਾਂ ਧਰਤੀ ਥੱਲੇ, ਐਵੇਂ ਯਬਲੀਆਂ ਨਾ ਮਾਰਿਆ ਕਰ "। " ਤੂੰ ਸੁਣਾਈ,ਚੱਲ ਕਾਮਰੇਡਾ ਗਿਰਝਾਂ ਦੀ ਗੱਲ " ਮੱਘਰ ਮਿਸਤਰੀ ਨੇ ਨਸਵਾਰ ਦੀ ਚੂੰਢੀ ਨੱਕ ਵਿੱਚ ਤੁੰਨਦੇ ਆਖਿਆ।

ਸੁਣੋ ਬਈ ਸੱਜਣੋਂ, '" ਅੱਗੇ ਗਿਰਝਾਂ ਖਾਂਦੀਆਂ ਸੀ ਮੁਰਦਾਰ ਤੇ ਗੰਦ ਮੰਦ ਕਰਦੀਆਂ ਸੀ ਸਾਫ, ਕੋਈ ਬਿਮਾਰੀ ਨਹੀਂ ਸੀ ਫੈਲਦੀ, ਪਰ ਹੁਣ ਵਾਲੀਆਂ ਗਿਰਝਾਂ ਜਿਉਂਦੇ ਬੰਦਿਆਂ ਦਾ ਮਾਸ ਨੋਚਦੀਆਂ ਹਨ; ਲੁਟੇਰੇ ਡਾਕੂਆਂ ਤੇ ਗੁੰਡਾ ਅਨਸਰਾਂ ਨੂੰ ਫੜੇ ਜਾਣ ਤੇ ਕੇਸ ਬਣਨ ਤੋਂ ਪਹਿਲਾਂ ਹੀ ਛੁਡਾ ਲਿਆਉਂਦੀਆਂ ਹਨ, ਆਪਣੇ ਕੁਨਬੇ ਪਾਲਦੀਆਂ ਹਨ ਤੇ ਗਰੀਬਾਂ ਦਾ ਖੂਨ ਚੂਸਦੀਆਂ ਹਨ। ਇਲਾਂ ਹੁਣ ਝਪਟਾਂ ਮਾਰਦੀਆਂ ਹਨ ਬੈਂਕਾਂ ਚੋਂ ਪੈਸੇ ਕੱਢਾ ਕੇ ਲਿਜਾਂਦੇ ਕਿਸਾਨਾਂ ਤੇ, ਰਾਹ ਜਾਂਦੀਆਂ ਔਰਤਾਂ ਦੇ ਪਰਸਾਂ ਤੇ ਕੰਨਾਂ ਦੀਆਂ ਵਾਲੀਆਂ ਤੇ ਗਲ਼ੂ ਪਾਈਆਂ ਚੈਨੀਆਂ ਤੇ, ਸ਼ਾਮ ਨੂੰ ਲਿੰਕ ਸ਼ੜਕਾਂ ਤੇ ਲੁੱਟਾਂ ਕਰਕੇ ।

" ਲੈ ਹੁਣ ਸੁਣ ਲਉ ਘੋਗੜਾਂ ਬਾਰੇ ਜਿੰਨਾਂ ਦੀ ਗਿਣਤੀ ਕਰੋੜਾਂ ਵਿੱਚ ਹੈ, ਜਿੰਨਾਂ ਵਿੱਚ ਮੈਂ, ਤੁਸੀਂ ਤੇ ਸਾਰਾ ਨਿਜਾਮ ਹੈ। ਬਿਨਾਂ ਸੋਚੇ ਸਮਝੇ ਅੱਖਾਂ ਬੰਦ ਕਰਕੇ ਏਨਾਂ ਗਿਰਝਾਂ ਰੂਪੀ ਲੀਡਰਾਂ ਨੂੰ ਵੋਟਾਂ ਪਾ ਕੇ ਤੇ ਸਾਧਾਂ ਨੂੰ ਮੱਥੇ ਟੇਕ ਕੇ, ਪੰਜ ਸਾਲ ਲਈ ਲੋਕਾਂ ਦਾ ਖੂਨ ਪੀਣ ਲਈ ਛੱਡ ਦਿੰਦੇ ਹੋ ਚੰਡੀਗੜ੍ਹ ਤੇ ਦਿੱਲੀ"।

ਕਾਮਰੇਡ ਦੀਆਂ ਗੱਲਾਂ ਸੁਣ ਕੇ ਦਮਾਗੀ ਤੌਰ ਤੇ ਸੁੱਤੇ ਪਏ ਬਜ਼ੁਰਗਾਂ ਨੂੰ ਜਾਗ ਆ ਗਈ ਤੇ ਇਸ ਤਰਾਂ ਚੁੱਪ ਹੋ ਗਏ ਜਿਵੇਂ ਸਰਕਾਰਾਂ ਲੋਕਾਂ ਦੇ ਹੱਕ ਦੇਣ ਤੋਂ ਚੁੱਪ ਹੋਈਆਂ ਬੈਠੀਆਂ ਹਨ।

Sarwan Singh Patang

# ਜੀਵਨ ਦਾ ਸੱਚਾ ਸਵਾਲ

ਜਿਉਂ-ਜਿਉਂ ਅਸੀਂ ਉਮਰ ਦੇ ਪੜਾਅ ਪਾਰ ਕਰਦੇ ਹਾਂ, ਸਾਡੇ ਸਵਾਲ ਵੀ ਬਦਲਦੇ ਜਾਂਦੇ ਹਨ। ਜਵਾਨੀ ਵਿੱਚ ਅਸੀਂ ਅਕਸਰ ਪੁੱਛਦੇ ਹਾਂ—"ਜ਼ਿੰਦਗੀ ਮੈਨੂੰ ਕੀ ਦੇਵੇਗੀ?" ਪਰ ਉਮਰ ਦੇ ਨਾਲ ਸ਼ਾਇਦ ਹੋਰ ਵੀ ਅਰਥਪੂਰਨ ਸਵਾਲ ਬਣ ਜਾਂਦਾ ਹੈ—"ਮੈਂ ਜ਼ਿੰਦਗੀ ਨੂੰ ਕੀ ਦਿੱਤਾ ਹੈ?"

ਜੀਵਨ ਦੇ ਹਰ ਵੱਡੇ ਰਹੱਸ ਦਾ ਪੂਰਾ ਉੱਤਰ ਸ਼ਾਇਦ ਸਾਨੂੰ ਕਦੇ ਨਾ ਮਿਲੇ। ਪਰ ਜੇ ਸਾਡਾ ਜੀਵਨ ਸੱਚ, ਪਿਆਰ, ਦਇਆ, ਸੇਵਾ, ਸੰਤੋਖ ਅਤੇ ਨਿਮਰਤਾ ਨਾਲ ਭਰ ਜਾਵੇ, ਤਾਂ ਸ਼ਾਇਦ ਅਸੀਂ ਪਰਮਾਤਮਾ ਨੂੰ ਸਮਝਣ ਦੇ ਹੋਰ ਨੇੜੇ ਪਹੁੰਚ ਜਾਂਦੇ ਹਾਂ।

ਮੇਰੇ ਲਈ ਪਰਮਾਤਮਾ ਨੂੰ ਲੱਭਣ ਦਾ ਸਭ ਤੋਂ ਸੁੰਦਰ ਰਾਹ ਇਹ ਹੈ ਕਿ ਅਸੀਂ ਆਪਣੇ ਅੰਦਰ ਦੀ ਮਨੁੱਖਤਾ ਨੂੰ ਜਗਾਈਏ, ਦੂਜਿਆਂ ਦੇ ਦਰਦ ਨੂੰ ਸਮਝੀਏ ਅਤੇ ਹਰ ਜੀਵ ਵਿੱਚ ਵੱਸਦੀ ਦਿਵਿਆ ਜੋਤ ਨੂੰ ਪਛਾਣੀਏ।

**ਅੰਤਿਮ ਸੰਦੇਸ਼:**

"ਪਰਮਾਤਮਾ ਨੂੰ ਲੱਭਣ ਲਈ ਸਾਨੂੰ ਦੂਰ ਜਾਣ ਦੀ ਲੋੜ ਨਹੀਂ।
ਆਪਣਾ ਹਿਰਦਾ ਪਵਿੱਤਰ ਕਰੋ, ਮਨੁੱਖਤਾ ਦੀ ਸੇਵਾ ਕਰੋ—
ਤੁਸੀਂ ਆਪਣੇ ਅੰਦਰ ਹੀ ਉਸ ਦੀ ਹਾਜ਼ਰੀ ਨੂੰ ਮਹਿਸੂਸ ਕਰਨਾ ਸ਼ੁਰੂ ਕਰ ਦਿਓਗੇ।"

ਸਤਵਿੰਦਰ ਕੌਰ
ਸਾਬਕਾ ਹੈੱਡਮਿਸਟ੍ਰੈੱਸ ਅਤੇ ਲੇਖਿਕਾ






# ਆਓ, ਇੱਕ ਬੂਟਾ ਲਗਾਈਏ...



ਅੱਜ ਜਦੋਂ ਅਸੀਂ ਵਿਕਾਸ, ਤਰੱਕੀ ਅਤੇ ਆਧੁਨਿਕਤਾ ਦੀਆਂ ਵੱਡੀਆਂ-ਵੱਡੀਆਂ ਗੱਲਾਂ ਕਰਦੇ ਹਾਂ ਤਾਂ ਮਨ ਵਿੱਚ ਇੱਕ ਸਵਾਲ ਜ਼ਰੂਰ ਉੱਠਦਾ ਹੈ ਕਿ ਕੀ ਸਾਡੀ ਇਹ ਤਰੱਕੀ ਸਾਨੂੰ ਕੁਦਰਤ ਤੋਂ ਦੂਰ ਤਾਂ ਨਹੀਂ ਲੈ ਜਾ ਰਹੀ? ਅੱਜ ਦੇ ਸਮੇਂ ਵਿੱਚ ਰਾਜਨੀਤਕ ਆਗੂਆਂ ਦੇ ਭਾਸ਼ਣਾਂ ਵਿੱਚ ਸੜਕਾਂ, ਇਮਾਰਤਾਂ, ਪੁਲਾਂ ਅਤੇ ਹੋਰ ਵਿਕਾਸ ਕਾਰਜਾਂ ਦੀਆਂ ਗੱਲਾਂ ਤਾਂ ਅਕਸਰ ਸੁਣਨ ਨੂੰ ਮਿਲਦੀਆਂ ਹਨ, ਪਰ ਵਾਤਾਵਰਨ ਦੀ ਸੰਭਾਲ, ਦਰੱਖਤਾਂ ਦੀ ਗਿਣਤੀ ਵਧਾਉਣ ਅਤੇ ਸ਼ਹਿਰਾਂ ਤੇ ਪਿੰਡਾਂ ਵਿੱਚ ਨਵੇਂ ਜੰਗਲ ਖੜ੍ਹੇ ਕਰਨ ਦੀ ਗੱਲ ਬਹੁਤ ਘੱਟ ਸੁਣਾਈ ਦਿੰਦੀ ਹੈ। ਕਿੰਨਾ ਚੰਗਾ ਹੋਵੇ ਜੇ ਕੋਈ ਆਗੂ ਇਹ ਕਹੇ ਕਿ "ਅਸੀਂ ਇਸ ਪਿੰਡ ਵਿੱਚ ਇੱਕ ਹਜ਼ਾਰ ਦਰੱਖਤ ਲਗਾਵਾਂਗੇ", "ਇਸ ਸ਼ਹਿਰ ਵਿੱਚ ਇੱਕ ਨਵਾਂ ਮਿੰਨੀ ਜੰਗਲ ਤਿਆਰ ਕਰਾਂਗੇ" ਜਾਂ "ਸਾਡੇ ਇਲਾਕੇ ਵਿੱਚ ਜਿੰਨੇ ਦਰੱਖਤ ਕੱਟੇ ਜਾਣਗੇ, ਉਸ ਤੋਂ ਕਈ ਗੁਣਾ ਵੱਧ ਦਰੱਖਤ ਲਗਾਏ ਜਾਣਗੇ।" ਅਜਿਹੇ ਵਾਅਦੇ ਸਿਰਫ਼ ਚੋਣਾਵੀ ਵਾਅਦੇ ਨਾ ਹੋਣ, ਸਗੋਂ ਉਨ੍ਹਾਂ ਦੀ ਪੂਰਤੀ ਦੀ ਜ਼ਿੰਮੇਵਾਰੀ ਵੀ ਤੈਅ ਹੋਵੇ।

ਦਰਅਸਲ, ਦਰੱਖਤ ਸਾਡੇ ਜੀਵਨ ਦਾ ਉਹ ਹਿੱਸਾ ਹਨ ਜਿਸ ਦੀ ਕੀਮਤ ਸਾਨੂੰ ਅਕਸਰ ਉਦੋਂ ਸਮਝ ਆਉਂਦੀ ਹੈ ਜਦੋਂ ਉਹ ਸਾਡੇ ਕੋਲ ਨਹੀਂ ਰਹਿੰਦੇ। ਅਸੀਂ ਸੜਕਾਂ ਚੌੜੀਆਂ ਕਰਨ ਲਈ, ਘਰਾਂ ਅਤੇ ਕੋਠੀਆਂ ਬਣਾਉਣ ਲਈ, ਦੁਕਾਨਾਂ ਅਤੇ ਹੋਰ ਇਮਾਰਤਾਂ ਖੜ੍ਹੀਆਂ ਕਰਨ ਲਈ ਦਰੱਖਤ ਕੱਟ ਦਿੰਦੇ ਹਾਂ ਅਤੇ ਫਿਰ ਗਰਮੀ ਵਧਣ, ਹਵਾ ਪ੍ਰਦੂਸ਼ਿਤ ਹੋਣ ਅਤੇ ਮੌਸਮ ਦੇ ਬਦਲਦੇ ਰੰਗਾਂ ਬਾਰੇ ਚਿੰਤਾ ਕਰਦੇ ਹਾਂ। ਅਸੀਂ ਕੁਦਰਤ ਤੋਂ ਲੈਂਦੇ ਤਾਂ ਬਹੁਤ ਕੁਝ ਹਾਂ, ਪਰ ਵਾਪਸ ਦੇਣ ਵੇਲੇ ਸਾਡਾ ਹੱਥ ਬਹੁਤ ਛੋਟਾ ਹੋ ਜਾਂਦਾ ਹੈ। ਦਰੱਖਤ ਸਾਨੂੰ ਆਕਸੀਜਨ, ਛਾਂ, ਫ਼ਲ, ਪੰਛੀਆਂ ਨੂੰ ਆਸਰਾ, ਮਿੱਟੀ ਦੀ ਸੰਭਾਲ ਅਤੇ ਵਾਤਾਵਰਣਕ ਸੰਤੁਲਨ ਦਿੰਦੇ ਹਨ। ਇਸ ਲਈ ਦਰੱਖਤ ਲਗਾਉਣਾ ਸਿਰਫ਼ ਹਰਿਆਲੀ ਵਧਾਉਣਾ ਨਹੀਂ, ਸਗੋਂ ਆਪਣੇ ਜੀਵਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਸੁਰੱਖਿਆ ਕਰਨਾ ਹੈ। ਕਈ ਵਾਰ ਲੋਕ ਦਰੱਖਤ ਨਾ ਲਗਾਉਣ ਲਈ ਬੜੇ ਅਜੀਬ ਬਹਾਨੇ ਬਣਾਉਂਦੇ ਹਨ। ਇੱਕ ਦੋਸਤ ਨੇ ਨਵੀਂ ਕੋਠੀ ਬਣਾਈ ਅਤੇ ਉਸ ਦੇ ਘਰ ਦੇ ਨਾਲ ਗ੍ਰੀਨ ਬੈਲਟ ਵੀ ਛੱਡੀ ਗਈ ਸੀ, ਜਿੱਥੇ ਦਰੱਖਤ ਲਗਾਏ ਜਾਣੇ ਚਾਹੀਦੇ ਸਨ, ਪਰ ਉਸ ਨੇ ਗ੍ਰੀਨ ਬੈਲਟ ਵਿੱਚ ਵੀ ਟਾਈਲਾਂ ਲਗਾ ਦਿੱਤੀਆਂ। ਮੈਂ ਉਸ ਨੂੰ ਪੁੱਛਿਆ ਕਿ ਜਿੱਥੇ ਕੁਦਰਤ ਨੇ ਹਰਿਆਲੀ ਲਈ ਜਗ੍ਹਾ ਦਿੱਤੀ ਹੈ, ਉੱਥੇ ਤੂੰ ਟਾਈਲਾਂ ਕਿਉਂ ਲਾ ਦਿੱਤੀਆਂ? ਇੱਕ ਹੋਰ ਦੋਸਤ ਨੂੰ ਮੈਂ ਕਿਹਾ ਕਿ ਤੂੰ ਆਪਣੇ ਖੇਤਾਂ ਜਾਂ ਘਰ ਦੇ ਆਲੇ-ਦੁਆਲੇ ਦਰੱਖਤ ਕਿਉਂ ਨਹੀਂ ਲਗਾਉਂਦਾ? ਉਸ ਨੇ ਬੜੀ ਸਾਦਗੀ ਨਾਲ ਜਵਾਬ ਦਿੱਤਾ। "ਦਰੱਖਤਾਂ ਦੇ ਪੱਤੇ ਡਿੱਗ ਕੇ ਗੰਦ ਪਾਉਂਦੇ ਹਨ।" ਮੈਂ ਉਸ ਨੂੰ ਕਿਹਾ ਕਿ ਜੇ ਪੱਤੇ ਡਿੱਗਦੇ ਹਨ ਤਾਂ ਉਹ ਕੁਦਰਤ ਦਾ ਗੰਦ ਨਹੀਂ, ਕੁਦਰਤ ਦੀ ਖਾਦ ਹੈ। ਉਨ੍ਹਾਂ ਨੂੰ ਹਰ ਵਾਰ ਕੂੜਾ ਸਮਝ ਕੇ ਸੁੱਟਣ ਦੀ ਬਜਾਏ ਜ਼ਮੀਨ ਵਿੱਚ ਗਲਣ ਦਿੱਤਾ ਜਾਵੇ ਤਾਂ ਉਹ ਜੈਵਿਕ ਪਦਾਰਥ ਬਣ ਕੇ ਮਿੱਟੀ ਦੀ ਉਪਜਾਊ ਸ਼ਕਤੀ ਵਧਾ ਸਕਦੇ ਹਨ। ਫਿਰ ਮੈਂ ਮਜ਼ਾਕ ਵਿੱਚ ਕਿਹਾ "ਜੇ ਦਰੱਖਤਾਂ ਦੇ ਪੱਤੇ ਤੈਨੂੰ ਗੰਦ ਲੱਗਦੇ ਹਨ ਤਾਂ ਫਿਰ ਦਰੱਖਤਾਂ ਵੱਲੋਂ ਬਣਾਈ ਆਕਸੀਜਨ ਵੀ ਨਾ ਲਵੀਂ। ਆਪਣੇ ਘਰ ਵਿੱਚ ਆਕਸੀਜਨ ਬਣਾਈਂ ਅਤੇ ਸਾਰਾ ਦਿਨ ਆਕਸੀਜਨ ਦਾ ਸਿਲੰਡਰ ਮੋਢੇ 'ਤੇ ਚੁੱਕੀ ਫਿਰੀਂ।" ਇਹ ਗੱਲ ਉਸ ਦੇ ਦਿਲ ਨੂੰ ਲੱਗੀ ਅਤੇ ਉਸ ਨੇ ਦਰੱਖਤ ਲਗਾਉਣ ਬਾਰੇ ਸੋਚਣਾ ਸ਼ੁਰੂ ਕੀਤਾ।

ਸਾਨੂੰ ਇਹ ਵੀ ਸਮਝਣਾ ਪਵੇਗਾ ਕਿ ਦਰੱਖਤਾਂ ਤੋਂ ਡਿੱਗੇ ਪੱਤੇ ਕੁਦਰਤ ਦੀ ਪ੍ਰਕਿਰਿਆ ਦਾ ਹਿੱਸਾ ਹਨ। ਪੱਤਿਆਂ ਨੂੰ ਗਲਣ-ਸੜਨ ਦੇ ਕੇ ਉਨ੍ਹਾਂ ਤੋਂ ਕੰਪੋਸਟ ਅਤੇ ਜੈਵਿਕ ਪਦਾਰਥ ਤਿਆਰ ਕੀਤਾ ਜਾ ਸਕਦਾ ਹੈ। ਨਿੰਮ ਵਰਗੇ ਦਰੱਖਤਾਂ ਵਿੱਚ ਕੁਦਰਤੀ ਜੈਵ-ਕਿਰਿਆਸ਼ੀਲ ਤੱਤ ਹੁੰਦੇ ਹਨ ਅਤੇ ਨਿੰਮ ਦੀ ਵਰਤੋਂ ਰਵਾਇਤੀ ਤੌਰ 'ਤੇ ਕਈ ਤਰੀਕਿਆਂ ਨਾਲ ਕੀਤੀ ਜਾਂਦੀ ਰਹੀ ਹੈ; ਪਰ ਇਹ ਕਹਿਣਾ ਠੀਕ ਨਹੀਂ ਕਿ ਸਿਰਫ਼ ਨਿੰਮ ਦੇ ਪੱਤੇ ਘਰ ਵਿੱਚ ਡਿੱਗਣ ਨਾਲ ਹਵਾ ਵਿੱਚ ਕੋਈ 'ਐਂਟੀਬਾਇਓਟਿਕ ਮਾਹੌਲ' ਬਣ ਜਾਂਦਾ ਹੈ। ਕੁਦਰਤ ਦੀ ਮਹੱਤਤਾ ਨੂੰ ਸਮਝਾਉਣ ਲਈ ਸਾਨੂੰ ਵਿਗਿਆਨਕ ਤੱਥਾਂ ਨੂੰ ਵੀ ਸਹੀ ਰੂਪ ਵਿੱਚ ਪੇਸ਼ ਕਰਨਾ ਚਾਹੀਦਾ ਹੈ।

ਪੰਜਾਬ ਦੀ ਧਰਤੀ ਤਾਂ ਰਵਾਇਤੀ ਤੌਰ 'ਤੇ ਦਰੱਖਤਾਂ ਨਾਲ ਬਹੁਤ ਗੂੜ੍ਹੀ ਤਰ੍ਹਾਂ ਜੁੜੀ ਰਹੀ ਹੈ। ਸਾਡੇ ਪਿੰਡਾਂ ਦੀਆਂ ਪੁਰਾਣੀਆਂ ਯਾਦਾਂ ਵਿੱਚ ਬੋਹੜ, ਪਿੱਪਲ, ਨਿੰਮ, ਸ਼ੀਸ਼ਮ, ਕਿੱਕਰ, ਧਰੇਕ, ਟਾਹਲੀ, ਸਰੀਂਹ, ਸਿੰਬਲ, ਅਰਜਨ, ਸੁਖਚੈਨ, ਜਾਮਣ, ਬੇਰ, ਟੂਣ, ਅੰਬ, ਸ਼ਹਿਤੂਤ, ਕਚਨਾਰ, ਅਮਲਤਾਸ ਅਤੇ ਸਹਿਜਣਾ ਵਰਗੇ ਦਰੱਖਤਾਂ ਦੀ ਆਪਣੀ ਪਛਾਣ ਹੈ। ਪੰਜਾਬ ਦੇ ਸਰਕਾਰੀ ਯੋਜਨਾ ਦਸਤਾਵੇਜ਼ਾਂ ਵਿੱਚ ਵੀ ਇਨ੍ਹਾਂ ਵਿੱਚੋਂ ਕਈ ਰਵਾਇਤੀ ਅਤੇ ਸਥਾਨਕ ਤੌਰ 'ਤੇ ਉੱਗਣ ਵਾਲੀਆਂ ਕਿਸਮਾਂ ਦਾ ਜ਼ਿਕਰ ਮਿਲਦਾ ਹੈ।

ਸਾਨੂੰ ਹਰ ਥਾਂ ਇੱਕੋ ਕਿਸਮ ਦਾ ਦਰੱਖਤ ਲਗਾਉਣ ਦੀ ਬਜਾਏ ਥਾਂ ਅਤੇ ਲੋੜ ਅਨੁਸਾਰ ਦਰੱਖਤ ਚੁਣਨੇ ਚਾਹੀਦੇ ਹਨ। ਪਿੰਡਾਂ ਦੇ ਖੇਤਾਂ ਦੀਆਂ ਵੱਟਾਂ ਅਤੇ ਖੁੱਲ੍ਹੀਆਂ ਥਾਵਾਂ ਵਿੱਚ ਸ਼ੀਸ਼ਮ, ਟਾਹਲੀ, ਨਿੰਮ, ਧਰੇਕ, ਕਿੱਕਰ, ਸਰੀਂਹ ਅਤੇ ਸੁਖਚੈਨ ਵਰਗੇ ਦਰੱਖਤ ਲਗਾਏ ਜਾ ਸਕਦੇ ਹਨ। ਖੇਤਾਂ ਦੇ ਨੇੜੇ ਦਰੱਖਤ ਲਗਾਉਂਦੇ ਸਮੇਂ ਫ਼ਸਲ ਨੂੰ ਛਾਂ, ਜੜ੍ਹਾਂ ਦੇ ਫੈਲਾਅ ਅਤੇ ਖੇਤੀਬਾੜੀ ਮਸ਼ੀਨਰੀ ਦੀ ਆਵਾਜਾਈ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਜਾਮਣ, ਬੇਰ ਅਤੇ ਅੰਬ ਵਰਗੇ ਫ਼ਲਦਾਰ ਦਰੱਖਤ ਘਰਾਂ, ਖੇਤਾਂ ਅਤੇ ਬਾਗ਼ਾਂ ਵਿੱਚ ਢੁੱਕਵੀਆਂ ਥਾਵਾਂ 'ਤੇ ਲਗਾਏ ਜਾ ਸਕਦੇ ਹਨ। ਸਹਿਜਣਾ ਘਰ ਦੇ ਪਿਛਵਾੜੇ ਜਾਂ ਰਸੋਈ ਬਾਗ਼ ਦੇ ਨੇੜੇ ਲਾਭਦਾਇਕ ਹੋ ਸਕਦਾ ਹੈ। ਕਚਨਾਰ ਅਤੇ ਅਮਲਤਾਸ ਸੁੰਦਰ ਫੁੱਲਾਂ ਵਾਲੇ ਹੋਣ ਕਰਕੇ ਘਰਾਂ, ਪਾਰਕਾਂ ਅਤੇ ਸੜਕਾਂ ਦੇ ਕਿਨਾਰਿਆਂ ਲਈ ਸੁੰਦਰ ਚੋਣ ਹਨ। ਪਿੱਪਲ ਅਤੇ ਬੋਹੜ ਵਰਗੇ ਵੱਡੇ ਅਤੇ ਲੰਬੀ ਉਮਰ ਵਾਲੇ ਦਰੱਖਤ ਖੁੱਲ੍ਹੀਆਂ ਸਰਕਾਰੀ ਜਾਂ ਸਾਂਝੀਆਂ ਥਾਵਾਂ, ਪਿੰਡਾਂ ਦੀਆਂ ਸਾਂਝੀਆਂ ਜ਼ਮੀਨਾਂ ਅਤੇ ਵੱਡੇ ਪਾਰਕਾਂ ਵਿੱਚ ਲਗਾਉਣੇ ਚਾਹੀਦੇ ਹਨ, ਪਰ ਇਨ੍ਹਾਂ ਨੂੰ ਘਰਾਂ ਦੀਆਂ ਨੀਂਹਾਂ, ਕੰਧਾਂ ਜਾਂ ਤੰਗ ਗਲੀਆਂ ਦੇ ਬਿਲਕੁਲ ਨੇੜੇ ਨਹੀਂ ਲਗਾਉਣਾ ਚਾਹੀਦਾ। ਅਰਜਨ ਪਾਣੀ ਵਾਲੇ ਇਲਾਕਿਆਂ, ਨਹਿਰਾਂ ਜਾਂ ਜਲ ਸਰੋਤਾਂ ਦੇ ਨੇੜੇ ਢੁੱਕਵਾਂ ਹੋ ਸਕਦਾ ਹੈ। ਸ਼ਹਿਤੂਤ ਪਿੰਡਾਂ ਅਤੇ ਖੇਤਾਂ ਦੇ ਨੇੜੇ ਲਗਾਇਆ ਜਾ ਸਕਦਾ ਹੈ। ਇਸ ਤਰ੍ਹਾਂ ਦਰੱਖਤ ਦੀ ਕਿਸਮ ਚੁਣਨ ਸਮੇਂ ਉਸ ਦੇ ਆਕਾਰ, ਜੜ੍ਹਾਂ, ਪਾਣੀ ਦੀ ਲੋੜ, ਮਿੱਟੀ ਅਤੇ ਸਥਾਨ ਨੂੰ ਧਿਆਨ ਵਿੱਚ ਰੱਖਣਾ ਬਹੁਤ ਜ਼ਰੂਰੀ ਹੈ।

ਸ਼ਹਿਰਾਂ ਵਿੱਚ ਵੀ ਹਰਿਆਲੀ ਵਧਾਉਣ ਲਈ ਬਹੁਤ ਕੁਝ ਕੀਤਾ ਜਾ ਸਕਦਾ ਹੈ। ਘਰ ਦੇ ਅੱਗੇ ਜੇ ਗ੍ਰੀਨ ਬੈਲਟ ਹੈ ਤਾਂ ਉਸ ਨੂੰ ਟਾਈਲਾਂ ਨਾਲ ਢਕਣ ਦੀ ਬਜਾਏ ਉੱਥੇ ਦਰੱਖਤ ਅਤੇ ਬੂਟੇ ਲਗਾਏ ਜਾਣੇ ਚਾਹੀਦੇ ਹਨ। ਪੰਜਾਬ ਦੇ ਬਿਲਡਿੰਗ ਨਿਯਮਾਂ ਵਿੱਚ ਵੀ ਪਲਾਟਾਂ ਦੇ ਆਕਾਰ ਅਨੁਸਾਰ ਦਰੱਖਤ ਲਗਾਉਣ ਦੀ ਵਿਵਸਥਾ ਕੀਤੀ ਗਈ ਹੈ ਅਤੇ ਸਥਾਨਕ ਕਿਸਮਾਂ ਨੂੰ ਤਰਜੀਹ ਦੇਣ ਦੀ ਗੱਲ ਕਹੀ ਗਈ ਹੈ। ਇਸ ਲਈ ਗ੍ਰੀਨ ਬੈਲਟ ਨੂੰ ਪਾਰਕਿੰਗ ਜਾਂ ਟਾਈਲਾਂ ਦੀ ਜਗ੍ਹਾ ਬਣਾ ਦੇਣਾ ਸਿਰਫ਼ ਨਿਯਮਾਂ ਦੀ ਉਲੰਘਣਾ ਦਾ ਮਾਮਲਾ ਨਹੀਂ, ਸਗੋਂ ਕੁਦਰਤ ਪ੍ਰਤੀ ਸਾਡੀ ਸੋਚ ਦਾ ਵੀ ਪ੍ਰਗਟਾਵਾ ਹੈ। ਸਾਨੂੰ ਆਪਣੇ ਘਰਾਂ ਵਿੱਚ ਇੱਕ ਨਵੀਂ ਪਰੰਪਰਾ ਸ਼ੁਰੂ ਕਰਨੀ ਚਾਹੀਦੀ ਹੈ। 'ਇੱਕ ਘਰ, ਘੱਟੋ-ਘੱਟ ਇੱਕ ਦਰੱਖਤ।' ਜਿਨ੍ਹਾਂ ਕੋਲ ਖੇਤ ਹਨ, ਉਹ ਆਪਣੀਆਂ ਵੱਟਾਂ ਅਤੇ ਉਚਿਤ ਥਾਵਾਂ 'ਤੇ ਦਰੱਖਤ ਲਗਾਉਣ। ਜਿਨ੍ਹਾਂ ਕੋਲ ਘਰ ਹਨ, ਉਹ ਗ੍ਰੀਨ ਬੈਲਟ, ਵਿਹੜੇ ਜਾਂ ਉਚਿਤ ਥਾਂ 'ਤੇ ਦਰੱਖਤ ਲਗਾਉਣ। ਜਿਨ੍ਹਾਂ ਕੋਲ ਆਪਣੀ ਜ਼ਮੀਨ ਨਹੀਂ, ਉਹ ਪਿੰਡ ਦੀ ਸਾਂਝੀ ਜ਼ਮੀਨ, ਸਕੂਲ, ਧਾਰਮਿਕ ਸਥਾਨ ਜਾਂ ਕਿਸੇ ਸਰਕਾਰੀ ਸੰਸਥਾ ਨਾਲ ਮਿਲ ਕੇ ਪੌਦੇ ਲਗਾਉਣ, ਪਰ ਸਿਰਫ਼ ਪੌਦਾ ਲਗਾ ਕੇ ਫੋਟੋ ਖਿੱਚਵਾਉਣਾ ਹੀ ਕਾਫ਼ੀ ਨਹੀਂ। ਅਸਲ ਸੇਵਾ ਤਾਂ ਉਸ ਪੌਦੇ ਨੂੰ ਪਾਣੀ ਦੇਣ, ਉਸ ਦੀ ਰੱਖਿਆ ਕਰਨ ਅਤੇ ਉਸ ਨੂੰ ਦਰੱਖਤ ਬਣਾਉਣ ਵਿੱਚ ਹੈ।

ਅੱਜ ਸਾਨੂੰ 'ਬੂਟੇ ਲਗਾਉਣ' ਤੋਂ ਇੱਕ ਕਦਮ ਅੱਗੇ ਵਧ ਕੇ 'ਦਰੱਖਤ ਪਾਲਣ' ਦੀ ਮੁਹਿੰਮ ਚਲਾਉਣ ਦੀ ਲੋੜ ਹੈ। ਸਕੂਲਾਂ ਵਿੱਚ ਹਰ ਬੱਚੇ ਦੇ ਨਾਮ 'ਤੇ ਇੱਕ ਦਰੱਖਤ ਹੋਵੇ, ਪਿੰਡਾਂ ਵਿੱਚ ਹਰ ਪਰਿਵਾਰ ਘੱਟੋ-ਘੱਟ ਇੱਕ ਦਰੱਖਤ ਦੀ ਜ਼ਿੰਮੇਵਾਰੀ ਲਵੇ ਅਤੇ ਸ਼ਹਿਰਾਂ ਵਿੱਚ ਹਰ ਗ੍ਰੀਨ ਬੈਲਟ ਨੂੰ ਟਾਈਲਾਂ ਤੋਂ ਬਚਾ ਕੇ ਅਸਲ ਹਰਿਆਲੀ ਵਿੱਚ ਬਦਲਿਆ ਜਾਵੇ। ਪੰਚਾਇਤਾਂ, ਨਗਰ ਕੌਂਸਲਾਂ, ਸਮਾਜਿਕ ਸੰਸਥਾਵਾਂ ਅਤੇ ਰਾਜਨੀਤਕ ਆਗੂਆਂ ਨੂੰ ਵੀ ਸਿਰਫ਼ ਭਾਸ਼ਣਾਂ ਤੱਕ ਸੀਮਤ ਨਾ ਰਹਿ ਕੇ ਆਪਣੇ ਇਲਾਕੇ ਵਿੱਚ 'ਮਿੰਨੀ ਜੰਗਲ' ਬਣਾਉਣ ਦਾ ਟੀਚਾ ਰੱਖਣਾ ਚਾਹੀਦਾ ਹੈ।

ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਦਰੱਖਤ ਆਪਣੇ ਲਈ ਹੀ ਨਹੀਂ ਲਗਾ ਰਹੇ। ਜਿਸ ਛਾਂ ਹੇਠ ਅਸੀਂ ਅੱਜ ਬੈਠਾਂਗੇ, ਉਹ ਕਿਸੇ ਨੇ ਸਾਡੇ ਲਈ ਦਹਾਕਿਆਂ ਪਹਿਲਾਂ ਲਗਾਈ ਸੀ। ਇਸੇ ਤਰ੍ਹਾਂ ਅੱਜ ਲਗਾਇਆ ਗਿਆ ਇੱਕ ਛੋਟਾ ਜਿਹਾ ਬੂਟਾ ਕੱਲ੍ਹ ਸਾਡੇ ਬੱਚਿਆਂ ਨੂੰ ਛਾਂ, ਪੰਛੀਆਂ ਨੂੰ ਘਰ, ਮਿੱਟੀ ਨੂੰ ਸਹਾਰਾ ਅਤੇ ਧਰਤੀ ਨੂੰ ਹਰਿਆਲੀ ਦੇਵੇਗਾ। ਇਸ ਲਈ ਦਰੱਖਤ ਦਾ ਡਿੱਗਿਆ ਪੱਤਾ ਸਾਨੂੰ ਗੰਦ ਨਹੀਂ, ਕੁਦਰਤ ਦਾ ਸੁਨੇਹਾ ਸਮਝਣਾ ਚਾਹੀਦਾ ਹੈ; ਦਰੱਖਤ ਦੀ ਟਾਹਣੀ ਸਾਨੂੰ ਰੁਕਾਵਟ ਨਹੀਂ, ਜੀਵਨ ਦੀ ਬਾਂਹ ਸਮਝਣੀ ਚਾਹੀਦੀ ਹੈ ਅਤੇ ਦਰੱਖਤ ਨੂੰ ਕੱਟਣ ਤੋਂ ਪਹਿਲਾਂ ਸੌ ਵਾਰ ਸੋਚਣਾ ਚਾਹੀਦਾ ਹੈ।

ਆਓ, ਅੱਜ ਇੱਕ ਸੰਕਲਪ ਲਈਏ, ਅਸੀਂ ਦਰੱਖਤ ਨਹੀਂ ਕੱਟਾਂਗੇ, ਜਿੱਥੇ ਸੰਭਵ ਹੋਵੇਗਾ ਉੱਥੇ ਨਵੇਂ ਦਰੱਖਤ ਲਗਾਵਾਂਗੇ, ਲਗਾਏ ਹੋਏ ਦਰੱਖਤਾਂ ਦੀ ਸੰਭਾਲ ਕਰਾਂਗੇ ਅਤੇ ਆਪਣੇ ਬੱਚਿਆਂ ਨੂੰ ਵੀ ਦਰੱਖਤਾਂ ਨਾਲ ਪਿਆਰ ਕਰਨਾ ਸਿਖਾਵਾਂਗੇ। ਸਾਡੇ ਪਿੰਡਾਂ ਦੀਆਂ ਵੱਟਾਂ, ਸ਼ਹਿਰਾਂ ਦੀਆਂ ਗ੍ਰੀਨ ਬੈਲਟਾਂ, ਸਕੂਲਾਂ ਦੇ ਵਿਹੜੇ, ਸੜਕਾਂ ਦੇ ਕਿਨਾਰੇ ਅਤੇ ਖਾਲੀ ਸਰਕਾਰੀ ਜ਼ਮੀਨਾਂ ਦੁਬਾਰਾ ਹਰਿਆਲੀ ਨਾਲ ਭਰਨੀਆਂ ਚਾਹੀਦੀਆਂ ਹਨ। ਆਉਣ ਵਾਲੀ ਪੀੜ੍ਹੀ ਸਾਨੂੰ ਇਹ ਨਾ ਪੁੱਛੇ ਕਿ 'ਤੁਸੀਂ ਸਾਡੇ ਲਈ ਕੀ ਛੱਡ ਕੇ ਗਏ?' ਸਗੋਂ ਉਹ ਮਾਣ ਨਾਲ ਕਹੇ। 'ਸਾਡੇ ਵੱਡਿਆਂ ਨੇ ਸਾਡੇ ਲਈ ਇੱਕ ਹਰਾ-ਭਰਾ ਪੰਜਾਬ ਛੱਡਿਆ ਹੈ।' ਦਰੱਖਤ ਲਗਾਉਣਾ ਸਿਰਫ਼ ਵਾਤਾਵਰਨ ਦੀ ਸੇਵਾ ਨਹੀਂ, ਇਹ ਮਨੁੱਖਤਾ ਦੀ ਸੇਵਾ ਹੈ। ਆਓ, ਇੱਕ ਬੂਟਾ ਲਗਾਈਏ, ਇੱਕ ਦਰੱਖਤ ਬਚਾਈਏ ਅਤੇ ਇੱਕ ਹਰਾ ਭਵਿੱਖ ਬਣਾਈਏ।

ਸਤਵੰਤ ਸਿੰਘ,
94175-50795

## ਮਸ਼ਹੂਰ ਕਾਮੇਡੀਅਨ ਰਾਜੀਵ ਠਾਕੁਰ ਨੂੰ ਸਦਮਾ,
## ਪਿਤਾ ਦਾ ਅਚਾਨਕ ਹੋਇਆ ਦਿਹਾਂਤ



'ਦ ਕਪਿਲ ਸ਼ਰਮਾ ਸ਼ੋਅ' ਵਿੱਚ 'ਰਾਜੂ' ਦਾ ਕਿਰਦਾਰ ਨਿਭਾਉਣ ਵਾਲੇ ਅਦਾਕਾਰ ਰਾਜੀਵ ਠਾਕੁਰ ਦੇ ਪਿਤਾ ਦਾ ਦਿਹਾਂਤ ਹੋ ਗਿਆ ਹੈ। ਉਨ੍ਹਾਂ ਦੇ ਸਹਿ-ਕਲਾਕਾਰ ਅਤੇ ਦੋਸਤ ਕ੍ਰਿਸ਼ਨਾ ਅਭਿਸ਼ੇਕ ਨੇ ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਦੀ ਪੁਸ਼ਟੀ ਕੀਤੀ। ਉਨ੍ਹਾਂ ਦਾ ਅੱਜ ਇੰਦੌਰ ਵਿੱਚ ਰਾਜੀਵ ਨਾਲ ਪ੍ਰਦਰਸ਼ਨ ਹੋਣਾ ਸੀ। ਉਨ੍ਹਾਂ ਨੂੰ ਇਸ ਦੁਖਦਾਈ ਘਟਨਾ ਬਾਰੇ ਪਤਾ ਉਦੋਂ ਲੱਗਿਆ ਜਦੋਂ ਉਹ ਫਲਾਈਟ ਵਿੱਚ ਸਨ। ਸ਼ਰਧਾਂਜਲੀ ਵਜੋਂ, ਪ੍ਰਬੰਧਕਾਂ ਅਤੇ ਕ੍ਰਿਸ਼ਨਾ ਨੇ ਮੱਧ ਪ੍ਰਦੇਸ਼ ਵਿੱਚ ਆਪਣੇ ਸ਼ੋਅ ਨੂੰ ਦੁਬਾਰਾ ਸ਼ਡਿਊਲ ਕਰਨ ਦਾ ਫੈਸਲਾ ਕੀਤਾ ਹੈ। ਰਾਜੀਵ ਦੇ ਪਿਤਾ ਬਾਰੇ ਬਹੁਤ ਕੁਝ ਨਹੀਂ ਪਤਾ ਹੈ, ਪਰ ਕਾਮੇਡੀਅਨ ਅਕਸਰ ਉਨ੍ਹਾਂ ਨਾਲ ਸੋਸ਼ਲ ਮੀਡੀਆ 'ਤੇ ਫੋਟੋਆਂ ਸਾਂਝੀਆਂ ਕਰਦੇ ਸਨ। ਦਸੰਬਰ 2025 ਵਿੱਚ, ਰਾਜੀਵ ਨੇ ਆਪਣੇ ਮਾਪਿਆਂ ਦੀ 70ਵੀਂ ਵਿਆਹ ਦੀ ਵਰ੍ਹੇਗੰਢ ਲਈ ਇੱਕ ਸ਼ਾਨਦਾਰ ਜਸ਼ਨ ਦਾ ਆਯੋਜਨ ਕੀਤਾ। ਕਾਮੇਡੀਅਨ ਆਪਣੇ ਪਿਤਾ ਦੇ ਬਹੁਤ ਨੇੜੇ ਸੀ। ਪਿਛਲੇ ਸਾਲ, ਆਪਣੇ ਪਿਤਾ ਦੇ ਜਨਮਦਿਨ 'ਤੇ, ਉਨ੍ਹਾਂ ਨੇ ਇੱਕ ਭਾਵਨਾਤਮਕ ਨੋਟ ਲਿਖਿਆ। ਇਸ ਵਿੱਚ ਲਿਖਿਆ ਸੀ, "ਜੋ ਖੁਸ਼ੀ ਮੈਨੂੰ ਤੁਹਾਡੇ 10 ਰੁਪਏ ਨਾਲ ਮਿਲਦੀ ਸੀ, ਉਹ ਮੈਨੂੰ ਮੇਰੇ ਕਮਾਏ ਲੱਖਾਂ ਰੁਪਏ ਨਾਲ ਵੀ ਨਹੀਂ ਮਿਲਦੀ, ਡੈਡੀ। ਮੈਂ ਤੁਹਾਨੂੰ ਸਿਹਤਮੰਦ ਅਤੇ ਖੁਸ਼ਹਾਲ ਜ਼ਿੰਦਗੀ ਦੀ ਕਾਮਨਾ ਕਰਦਾ ਹਾਂ।

# ਧੜਕਣ ਸੁਣ ਕੇ ਖੁੱਲ੍ਹਣਗੇ ਰਾਜ਼!

## ਨਵ ਬਾਜਵਾ ਅਤੇ ਹਿਮਾਂਸ਼ੀ ਖੁਰਾਣਾ ਦਾ ਨਵਾਂ ਕੋਰਟ ਰੂਮ ਡਰਾਮਾ



ਨਵ ਬਾਜਵਾ ਹਮੇਸ਼ਾ ਰਵਾਇਤੀ ਪੰਜਾਬੀ ਕਹਾਣੀਆਂ ਤੋਂ ਹਟ ਕੇ ਕੁਝ ਨਵਾਂ ਕਰਨ ਲਈ ਜਾਣੇ ਜਾਂਦੇ ਹਨ। 'ਰੇਡੂਆ' ਵਿੱਚ ਸਾਇੰਸ ਫ਼ਿਕਸ਼ਨ ਤੋਂ ਲੈ ਕੇ ਰੋਮਾਂਟਿਕ ਥ੍ਰਿਲਰ 'ਇਸ਼ਕਾਂ' ਅਤੇ ਕਾਮੇਡੀ 'ਕਿਟੀ ਪਾਰਟੀ' ਤੱਕ, ਉਨ੍ਹਾਂ ਨੇ ਬਤੌਰ ਅਦਾਕਾਰ, ਲੇਖਕ, ਨਿਰਦੇਸ਼ਕ ਅਤੇ ਨਿਰਮਾਤਾ ਵੱਖ-ਵੱਖ ਵਿਸ਼ਿਆਂ ਉੱਤੇ ਕੰਮ ਕੀਤਾ ਹੈ। ਇਸ ਵਾਰ ਉਹ 'ਐਡਵੋਕੇਟ ਚੌਹਾਨ' ਰਾਹੀਂ ਇੱਕ ਵੱਖਰੇ ਰਸਤੇ 'ਤੇ ਤੁਰੇ ਹਨ, ਜਿਸ ਵਿੱਚ ਉਹ ਕਾਨੂੰਨੀ ਲੜਾਈਆਂ ਅਤੇ ਡੂੰਘੇ ਮਨੁੱਖੀ ਜਜ਼ਬਿਆਂ ਨੂੰ ਜੋੜਦੇ ਹੋਏ ਇੱਕ ਨਜ਼ਰੋਂ ਕਮਜ਼ੋਰ (ਅੰਨ੍ਹੇ) ਵਕੀਲ ਦੀ ਮੁੱਖ ਭੂਮਿਕਾ ਨਿਭਾ ਰਹੇ ਹਨ।

ਇਸ ਹਾਈ-ਪ੍ਰੋਫਾਈਲ ਡਰਾਮਾ ਸੀਰੀਜ਼ ਵਿੱਚ ਉਨ੍ਹਾਂ ਦੇ ਨਾਲ ਹਿਮਾਂਸ਼ੀ ਖੁਰਾਣਾ, ਗੁਰਪ੍ਰੀਤ ਘੁੱਗੀ ਅਤੇ ਹੋਰ ਕਲਾਕਾਰ ਨਜ਼ਰ ਆਉਣਗੇ। ਨਵ ਬਾਜਵਾ ਵੱਲੋਂ ਲਿਖੀ ਗਈ ਇਹ ਕਹਾਣੀ ਇੱਕ ਮਹਿਲਾ ਵਕੀਲ ਆਂਚਲ ਭਾਟੀਆ ਦੀ ਅਸਲ ਜ਼ਿੰਦਗੀ ਤੋਂ ਪ੍ਰੇਰਿਤ ਹੈ, ਜਿਸ ਤੋਂ ਬਾਅਦ ਉਨ੍ਹਾਂ ਨੇ ਇਹ ਕੋਰਟ ਰੂਮ ਡਰਾਮਾ ਬਣਾਉਣ ਦਾ ਫ਼ੈਸਲਾ ਕੀਤਾ। ਬਾਜਵਾ ਮੁਤਾਬਕ ਉਨ੍ਹਾਂ ਨੇ ਲਗਪਗ 45-50 ਦਿਨਾਂ ਵਿੱਚ ਇਸ ਕਹਾਣੀ ਨੂੰ ਤਿਆਰ ਕੀਤਾ ਅਤੇ ਫਿਰ ਇਸ ਦੀ ਸਕ੍ਰੀਨਪਲੇਅ ਤਿਆਰ ਕੀਤੀ।

ਸ਼ੂਟਿੰਗ ਦੌਰਾਨ ਦੋਵੇਂ ਕਲਾਕਾਰ ਜ਼ਖ਼ਮੀ ਹੋਣ ਦੇ ਬਾਵਜੂਦ ਪੂਰੇ ਜੋਸ਼ ਵਿੱਚ ਨਜ਼ਰ ਆਏ—ਹਿਮਾਂਸ਼ੀ ਦੀ ਕਾਲਰਬੋਨ (ਕਾਲਰ ਦੀ ਹੱਡੀ) ਵਿੱਚ ਫ੍ਰੈਕਚਰ ਸੀ ਅਤੇ ਨਵ ਦੇ ਪੈਰ ਵਿੱਚ ਸੱਟ ਲੱਗੀ ਹੋਈ ਸੀ। ਹਿਮਾਂਸ਼ੀ ਹੱਥ ਵਿੱਚ ਪਲਾਸਟਰ ਲਗਵਾ ਕੇ ਆਈ ਅਤੇ ਨਵ ਨੇ ਕ੍ਰੌਕਸ ਪਾਏ ਹੋਏ ਸਨ। ਪਰ ਦੋਵਾਂ ਨੇ ਦਰਦ ਨੂੰ ਆਪਣੇ ਉਤਸ਼ਾਹ ਦੇ ਆੜੇ ਨਹੀਂ ਆਉਣ ਦਿੱਤਾ।

# ਸ਼ਹਿਨਾਜ਼ ਗਿੱਲ ਤੇ ਗਿੱਪੀ ਗਰੇਵਾਲ ਦੀ ਜੋੜੀ ਕਰੇਗੀ ਕਮਾਲ 'ਸਿੰਘ ਵਰਸਿਜ਼ ਕੌਰ 2' ਮੁੜ ਪਾਵੇਗੀ ਧਮਾਲ




ਪੰਜਾਬੀ ਸਿਨੇਮਾ ਜਗਤ 'ਚ ਇਨ੍ਹੀਂ ਦਿਨੀਂ ਪੰਜਾਬੀ ਗਾਇਕ ਅਤੇ ਅਦਾਕਾਰ ਗਿੱਪੀ ਗਰੇਵਾਲ ਦੀ ਆਉਣ ਵਾਲੀ ਫ਼ਿਲਮ 'ਸਿੰਘ ਵਰਸਿਜ਼ ਕੌਰ 2' ਦੀ ਕਾਫ਼ੀ ਚਰਚਾ ਹੈ। ਇਹ ਫ਼ਿਲਮ 11 ਸਤੰਬਰ ਨੂੰ ਸਿਨੇਮਾ ਘਰਾਂ ਵਿਚ ਰਿਲੀਜ਼ ਹੋਵੇਗੀ।

'ਹੰਬਲ ਮੋਸ਼ਨ ਪਿਕਚਰਸ' ਅਤੇ 'ਐਸ.ਵੀ.ਐਫ ਇੰਟਰਟੇਨਮੈਂਟ' ਦੇ ਬੈਨਰ ਹੇਠ ਇਹ ਫ਼ਿਲਮ ਬਣਾਈ ਗਈ ਹੈ। ਫ਼ਿਲਮ ਦੇ ਡਾਇਰੈਕਟਰ ਨਵਨੀਤ ਸਿੰਘ, ਡੇਵਿਡ ਕਾਸਮੈਨ, ਅਰਨੈਸਟ ਸਟਰਮ, ਗਾਈ ਸ਼ੀਟਰਿਟ ਜਦਕਿ ਫ਼ਿਲਮ ਦੇ ਪ੍ਰੋਡਿਊਸਰ ਖੁਦ ਗਿੱਪੀ ਗਰੇਵਾਲ ਅਤੇ ਗਾਈ ਸ਼ੀਟਰਿਟ ਹਨ।

ਫ਼ਿਲਮ ਵਿਚ ਗਿੱਪੀ ਗਰੇਵਾਲ ਨਿਹਾਲ ਦੀ ਭੂਮਿਕਾ ਨਜ਼ਰ ਆਉਣਗੇ। ਫਿਲਮ ਵਿੱਚ ਗਿੱਪੀ ਗਰੇਵਾਲ ਅਤੇ ਸ਼ਹਿਨਾਜ਼ ਗਿੱਲ ਲੀਡ ਜੋੜੀ ਵਜੋਂ ਨਜ਼ਰ ਆਉਣਗੇ। ਇਨ੍ਹਾਂ ਦੋਹਾਂ ਤੋਂ ਇਲਾਵਾ ਇਸ ਫਿਲਮ ਦੀ ਸਟਾਰ-ਕਾਸਟ ਵਿੱਚ ਪ੍ਰਿੰਸ ਕੰਵਲਜੀਤ ਸਿੰਘ, ਰਘਵੀਰ ਬੋਲੀ, ਹਨੀ ਮੱਟੂ, ਗੁਲਜ਼ਾਰ ਚਾਹਲ, ਰੁਪਿੰਦਰ ਰੂਪੀ, ਗੁਰਪ੍ਰੀਤ ਭੰਗੂ, ਗੁਰਮੀਤ ਸਾਜਨ, ਭਾਣਾ ਲਾ ਆਦਿ ਵੀ ਸ਼ੁਮਾਰ ਹਨ ਅਤੇ ਇਹ ਫਿਲਮ ਕਪਿਲ ਚੋਪੜਾ ਵੱਲੋਂ ਲਿਖੀ ਗਈ।

## ਅਦਾਕਾਰ ਯਸ਼ ਦੀ ਫ਼ਿਲਮ 'ਟੌਕਸਿਕ' ਦੇ ਸਮਾਗਮ ਦੌਰਾਨ ਹਾਦਸਾ

### ਸਾਊਂਡ ਸਿਸਟਮ ਡਿੱਗਣ ਨਾਲ 2 ਲੋਕ ਜ਼ਖ਼ਮੀ

ਦੱਖਣੀ ਭਾਰਤੀ ਸੁਪਰਸਟਾਰ ਯਸ਼ ਆਪਣੀ ਆਉਣ ਵਾਲੀ ਫਿਲਮ 'ਟੌਕਸਿਕ' (Toxic) ਨੂੰ ਲੈ ਕੇ ਚਰਚਾ ਵਿੱਚ ਹਨ ਅਤੇ ਇਸ ਦਾ ਜ਼ੋਰਦਾਰ ਪ੍ਰਚਾਰ ਕਰ ਰਹੇ ਹਨ। ਸ਼ਨੀਵਾਰ ਨੂੰ ਹੈਦਰਾਬਾਦ ਵਿੱਚ ਇਸ ਫਿਲਮ ਲਈ ਰਿਲੀਜ਼ ਤੋਂ ਪਹਿਲਾਂ ਦਾ ਇੱਕ ਸਮਾਗਮ ਆਯੋਜਿਤ ਕੀਤਾ ਗਿਆ ਸੀ। ਹਾਲਾਂਕਿ, ਇਸ ਸਮਾਗਮ ਦੌਰਾਨ ਇੱਕ ਵੱਡਾ ਹਾਦਸਾ ਵਾਪਰ ਗਿਆ; ਸਪੀਕਰ ਸਟੈਂਡ 'ਤੇ ਚੜ੍ਹੇ ਹੋਏ ਕੁਝ ਪ੍ਰਸ਼ੰਸਕ ਹੇਠਾਂ ਡਿੱਗ ਗਏ। 'ਟੌਕਸਿਕ' ਫ਼ਿਲਮ ਦਾ ਪ੍ਰੀ-ਰਿਲੀਜ਼ ਸਮਾਗਮ ਸ਼ਨੀਵਾਰ ਨੂੰ ਹੈਦਰਾਬਾਦ ਦੇ ਮੇਡਚਲ-ਮਲਕਾਜਗਿਰੀ ਜ਼ਿਲ੍ਹੇ ਵਿੱਚ ਸਥਿਤ 'ਮੱਲਾ ਰੈਡੀ ਗਰੁੱਪ ਆਫ਼ ਇੰਸਟੀਚਿਊਸ਼ਨਜ਼' ਵਿਖੇ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਜਿੱਥੇ ਫਿਲਮ ਦੇ ਸਿਤਾਰੇ ਅਤੇ ਪੂਰੀ ਟੀਮ ਮੌਜੂਦ ਸੀ, ਉੱਥੇ ਹੀ ਯਸ਼ ਦੀ ਇੱਕ ਝਲਕ ਪਾਉਣ ਲਈ ਵੱਡੀ ਗਿਣਤੀ ਵਿੱਚ ਪ੍ਰਸ਼ੰਸਕ ਵੀ ਇਕੱਠੇ ਹੋਏ ਸਨ। ਇਸ ਦੌਰਾਨ, ਸਮਾਗਮ ਵਾਲੀ ਥਾਂ 'ਤੇ ਇੱਕ ਹਾਦਸਾ ਵਾਪਰ ਗਿਆ। ਪੁਲਿਸ ਅਨੁਸਾਰ, ਕੁਝ ਪ੍ਰਸ਼ੰਸਕ ਸਪੀਕਰ ਸਟੈਂਡ 'ਤੇ ਚੜ੍ਹ ਗਏ ਸਨ। ਇਸ ਦੌਰਾਨ, ਸਪੀਕਰ ਸਟੈਂਡ ਦਾ ਸੰਤੁਲਨ ਵਿਗੜ ਗਿਆ ਅਤੇ ਉਹ ਅਚਾਨਕ ਡਿੱਗ ਪਿਆ। ਉਸ 'ਤੇ ਚੜ੍ਹੇ ਕੁਝ ਲੋਕ ਉਚਾਈ ਤੋਂ ਹੇਠਾਂ ਡਿੱਗ ਪਏ ਅਤੇ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਵਿੱਚੋਂ ਦੋ ਨੂੰ ਤੁਰੰਤ ਨੇੜਲੇ ਹਸਪਤਾਲ ਲਿਜਾਇਆ ਗਿਆ। ਹਾਦਸੇ ਬਾਰੇ ਪਤਾ ਲੱਗਣ 'ਤੇ, ਯਸ਼ ਨੇ ਪ੍ਰੋਗਰਾਮ ਨੂੰ ਰੋਕ ਦਿੱਤਾ ਅਤੇ ਪ੍ਰਬੰਧਕਾਂ ਨੂੰ ਜ਼ਖ਼ਮੀ ਪ੍ਰਸ਼ੰਸਕਾਂ ਦੀ ਮਦਦ ਨੂੰ ਪਹਿਲ ਦੇਣ ਲਈ ਕਿਹਾ। ਉਹ ਮੰਚ 'ਤੇ ਬੋਲ ਰਿਹਾ ਸੀ ਜਦੋਂ ਸਪੀਕਰ ਦਾ ਸਟੈਂਡ ਡਿੱਗ ਪਿਆ; ਉਸਨੇ ਤੁਰੰਤ ਆਪਣੀ ਗੱਲ ਵਿਚਕਾਰ ਹੀ ਰੋਕ ਦਿੱਤੀ ਅਤੇ ਪੁੱਛਿਆ, "ਕੀ ਉਹ ਠੀਕ ਹਨ? ਜਾ ਕੇ ਦੇਖੋ।" ਇਸ ਦੌਰਾਨ, ਇਸ ਮਹੀਨੇ ਦੇ ਸ਼ੁਰੂ ਵਿੱਚ 'ਟੌਕਸਿਕ' (Toxic) ਦਾ ਟ੍ਰੇਲਰ ਰਿਲੀਜ਼ ਕੀਤਾ ਗਿਆ ਸੀ। ਫਿਲਮ ਦੀ ਕਹਾਣੀ ਇੱਕ ਵੱਡੇ ਗੈਂਗਸਟਰ ਦੀ ਜ਼ਿੰਦਗੀ ਦੁਆਲੇ ਘੁੰਮਦੀ ਹੈ।

LEGAL & BUSINESS SOLUTIONS FOR NRI'S
Property • Family • Business • Taxation Matters

ਪੰਜਾਬ ਵਿੱਚ ਜੇਕਰ ਤੁਹਾਨੂੰ ਆਪਣੇ ਜ਼ਮੀਨੀ, ਪਰਿਵਾਰਿਕ ਜਾਂ ਵਿਓਪਾਰਕ ਝਗੜੇ ਲਈ ਕਨੂੰਨੀ ਸਲਾਹ ਦੀ ਲੋੜ ਹੈ ਤਾਂ ਸਾਡੇ ਕੋਲ ਮਾਹਿਰ ਵਕੀਲਾਂ ਦੀ ਟੀਮ, ਤੁਹਾਡੇ ਸਮਲੇ ਦਾ ਹੱਲ ਕਰ ਸਕਦੀ ਹੈ, ਤੁਹਾਨੂੰ ਜਾਣ ਦੀ ਵੀ ਲੋੜ ਨਹੀਂ

PROPERTY MATTERS
ਜ਼ਮੀਨ/ਜਾਇਦਾਦ ਦੇ ਮਾਮਲੇ
- Ancestral Property Issues
- ਜੱਦੀ ਜਾਇਦਾਦ ਦੇ ਮਸਲੇ
- Wills, Estate, Probate
- ਵਸੀਅਤ, ਅਸਟੇਟ, ਪ੍ਰੋਬੇਟ
- Partition of Property
- ਜਾਇਦਾਦ ਦੀ ਵੰਡ
- Removing illegal possession or encroachments
- ਨਾਜਾਇਜ਼ ਕਬਜ਼ੇ ਦੇ ਮਾਮਲੇ
- Disputes with Municipality, Government etc.
- ਨਗਰ ਪਾਲਿਕਾ ਨਾਲ ਵਿਵਾਦ, ਸਰਕਾਰੀ ਝਗੜੇ

FAMILY MATTERS
ਪਰਿਵਾਰਕ ਝਗੜੇ
- Divorce and Separation
- ਤਲਾਕ ਦੇ ਮਾਮਲੇ
- Maintenance or Alimony
- ਰੱਖ-ਰਖਾਵ ਜਾਂ ਗੁਜ਼ਾਰਾ
- Matrimonial Property disputes
- ਵਿਆਹੁਤਾ ਸੰਪਤੀ ਵਿਵਾਦ
- Child Custody
- ਬੱਚੇ ਦੀ ਹਿਰਾਸਤ

BUSINESS/COMMERCIAL DISPUTES
ਵਿਓਪਾਰਕ ਝਗੜੇ
- Startup business in India (we provide services from incorporation to commencement)
- ਭਾਰਤ ਵਿੱਚ ਕਾਰੋਬਾਰ ਸ਼ੁਰੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਕਰਦੇ ਹਾਂ
- Business outsourcing
- ਵਪਾਰ ਆਊਟਸੋਰਸਿੰਗ
- Taxation issues
- ਟੈਕਸ ਦੇ ਮਸਲੇ
- Partnership disputes
- ਭਾਈਵਾਲੀ ਦੇ ਝਗੜੇ
- Breach of contract, recovery of unpaid dues
- ਇਕਰਾਰਨਾਮੇ ਦੀ ਉਲੰਘਣਾ, ਅਦਾ ਨਾ ਕੀਤੇ ਬਕਾਏ ਦੀ ਵਸੂਲੀ

INDOWORLD BUSINESS SOLUTIONS INC.
Contact:
Indoworld Business Solutions
Phone: 416-840-4365
Email: info@indoworldbusinesssolutions.com

ACCESS PERSONNEL RESOURCES INC.
TEMPORARY STAFFING AGENCY

WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW

Shift Available
Morning
Afternoon
Night

Send your resume
disptach.accesspersonnel@gmail.com
Contact: 416-675-2288

# ਮਾਂ ਨੂੰ ਤਾਂ ਕਦੇ ਨਾ ਕੁੱਝ ਹੋਵੇ

ਸਵੇਰੇ ਬਹੁਤ ਦੇਰ ਹੋ ਗਈ ਕਿਸੇ ਆਵਾਜ਼ ਨਾ ਮਾਰੀ ਉਠਾਇਆ ਹੀ ਨਹੀਂ। ਪਾਸੇ ਮਾਰਦੇ ਹੋਏ ਖੁਦ ਉੱਠ ਰਸੋਈ ਵੱਲ ਗਏ। ਰਸੋਈ ਖਾਲੀ ਸੀ। ਘਰ ਵਿੱਚ ਕੋਈ ਸ਼ੋਰ ਵੀ ਨਹੀਂ ਸੀ। ਦਾਦਾ ਜੀ ਦਾਦੀ ਜੀ ਬਾਹਰ ਬਗੀਚੇ ਵਿੱਚ ਬੈਠ ਤਾਜ਼ਾ ਹਵਾ ਲੈ ਰਹੇ ਸਨ। ਪਿਤਾ ਜੀ ਖੂੰਹ ਵੱਲ ਗੇੜਾ ਮਾਰਨ ਗਏ ਲਗਦੇ ਸਨ। ਵੀਰ ਵੀ ਸ਼ਾਇਦ ਅਜੇ ਨਹੀਂ ਸੀ ਉੱਠਿਆ। ਮਾਂ ਕਿੱਥੇ ਹੋਏ?? ਅਪਣੇ ਆਪ ਨੂੰ ਸਵਾਲ ਕਰ ਆਵਾਜ਼ ਮਾਰਦੇ ਹਾਂ ਨਾਲੇ ਸੋਚਾਂ ਸੋਚਦੇ ਹਾਂ ਪਾਠ ਤਾਂ ਮਾਂ ਸੁਵੱਖਤੇ ਕਰ ਲੈਂਦੇ ਨੇ। ਹੁਣ ਤੱਕ ਤਾਂ ਕਪੜੇ ਧੋ ਤਾਰ ਭਰੀਆਂ ਹੁੰਦੀਆਂ। ਰਸੋਈ ਦਾ ਅੱਧਾ ਕੰਮ ਹੋਇਆ ਹੁੰਦਾ। ਆਵਾਜ਼ਾਂ ਮਾਰ ਮਾਰ ਸਾਡੀ ਨੀਂਦ ਖਰਾਬ ਕੀਤੀ ਹੁੰਦੀ ਏ ਤੇ ਫਿਰ ਗਰਮਾ ਗਰਮ ਚਾਹ ਸਾਡੇ ਸਿਰਹਾਣੇ ਪਈ ਹੁੰਦੀ ਏ ਮਨਪਸੰਦ ਬਿਸਕੁਟਾਂ ਨਾਲ ਤੇ ਕਦੇ ਕਦੇ ਨਾਲ ਕਿਸੇ ਖਾਸ ਸਲੀਕੇ ਚੋਂ ਆਖੀ ਮਹਿਮਾਨੀ ਵੀ ਹੁੰਦੀ ਏ ਨਾਲ। ਅਚਾਨਕ ਮਾਂ ਦੇ ਕਮਰੇ ਚ ਗਏ ਤਾਂ ਦੰਗ ਰਹਿ ਗਏ। ਮਾਂ ਤੁਹਾਨੂੰ ਕੀ ਹੋਇਆ ਮਾਂ ਨਿਢਾਲ ਪਏ ਨੇ। ਮੱਥਾ ਵੇਖਿਆ ਤਾਂ ਬੁਖਾਰ ਨਾਲ ਤਪ ਰਿਹਾ। ਹੱਥਾਂ ਪੈਰਾਂ ਦੀ ਪੈ ਗਈ। ਬੁਖਾਰ ਵੇਖਿਆ ਇੱਕ ਸੌ ਦੋ। ਅਸੀਂ ਉਹਨਾਂ ਨੂੰ ਆਰਾਮ ਕਰਨ ਲਈ ਕਹਿ ਵੀਰ ਕੋਲ ਜਾ ਉਸ ਨੂੰ ਉਠਾਇਆ ਤੇ ਆਪ ਬਿਸਤਰੇ ਸੰਭਾਲ ਚਾਹ ਧਰ ਦਿੱਤੀ ਹੈ। ਦਾਦਾ ਦਾਦੀ ਜੀ ਵੀ ਆ ਗਏ। ਉਹਨਾਂ ਲਈ ਦੁੱਧ ਗਰਮ ਕਰ ਦਿੱਤਾ। ਪਿਤਾ ਜੀ ਨੂੰ ਵੀ ਚਾਹ ਦੇ ਦਿੱਤੀ ਹੈ ਉਹਨਾਂ ਦੇ ਆਉਣ ਤੇ। ਪਿਤਾ ਜੀ ਦਵਾਈ ਲੈਣ ਚਲੇ ਗਏ ਨੇ ਦੁੱਧ ਵਾਲਾ ਦੁੱਧ ਦੇ ਗਿਆ। ਅਸੀਂ ਦੁੱਧ ਉਬਾਲਾ ਦੇਣ ਲਈ ਰੱਖ ਆਟਾ ਗੁੰਨਦੇ ਹਾਂ। ਕੰਮ ਵਾਲੀ ਅੱਜ ਕਲ ਆਉਂਦੀ ਨਹੀਂ। ਹਾਏ ਰੱਬਾ ਅੱਜ ਮੈਨੂੰ ਕਰਨਾ ਪੈਣਾ ਕੰਮ ਏਨਾ ਕੰਮ। ਮਾਂ ਕਿਵੇਂ ਕਰ ਲੈਂਦੇ ਨੇ ਹੱਸਦਿਆਂ ਹੋਇਆਂ। ਸਾਡੀਆਂ ਈਨਾਂ ਵੀ ਪੁੱਗਾਉਂਦੇ ਨੇ। ਦਾਦੀ ਜੀ ਨੂੰ ਸਬਜ਼ੀ ਕੱਟਣ ਲਈ ਦੇ ਮੈਂ ਕੱਪੜੇ ਮਸ਼ੀਨ 'ਚ ਪਾਉਂਦੇ ਹਾਂ। ਸਫਾਈ ਕਰਨ ਲਗਦੇ ਹਾਂ। ਵੀਰ ਨੂੰ ਡਸਟਿੰਗ ਕਰਨ ਨੂੰ ਆਖਦੇ ਹਾਂ ਦੋਵੇਂ ਲੜਦੇ ਵੀ ਹਾਂ ਕਿਓਂ ਕਿ ਦੋਵਾਂ ਦੀਆਂ ਔਨ ਲਾਇਨ ਕਲਾਸਾਂ ਨੇ ਵਧ ਸ਼ੁਰੂ ਹੋ ਜਾਣੀਆਂ। ਅਸੀਂ ਦਾਦੀ ਮਾਂ ਨੂੰ ਰੋਟੀ ਪਕੀ ਗੈਸ ਲਾਗੇ ਬਹਿ ਕੁਝ ਰੱਖ ਦੇਂਦੇ ਹਾਂ। ਉਹ ਰੋਟੀ ਬਣਾਉਂਦੇ ਨੇ ਬੜੇ ਔਖੇ ਹੋ ਕੇ। ਸਬਜ਼ੀ ਨਹੀਂ ਬਣਾਈ ਆਚਾਰ ਤੇ ਦਹੀਂ ਨਾਲ ਹੀ ਪਰੋਹੀਆਂ ਖਾਣੀ ਸਾਰੇ ਦਾਦੀ ਮਾਂ ਦੇ ਐਲਾਨ ਕਰ ਦਿੱਤਾ ਪਰ ਉਹਨਾਂ ਕੋਲੋਂ ਉਹ ਨਾਂ ਵੀ ਮੁਸ਼ਕਲ ਨਾਲ ਹੋ ਰਿਹਾ ਕਲਾਸਾਂ ਦਾ ਟਾਇਮ ਹੋ ਗਿਆ ਅਸੀਂ ਭੁੱਖੇ ਹੀ ਬੈਠ ਗਏ ਹਾਂ ਪੜ੍ਹਨ। ਗਿਆਰ੍ਹਾਂ ਵਜੇ ਬਰੇਕ ਮਿਲੀ ਤਾਂ ਸਿੱਧੇ ਰਸੋਈ ਵਿੱਚ। ਰੋਟੀ ਠੰਡੀ ਸੀ ਖਾਣ ਨੂੰ ਜੀਅ ਨਾ ਕਰੇ ਪਰ ਖਾਣੀ ਫਿਰ ਮਾਂ ਵੱਲ ਧਿਆਨ ਗਿਆ ਮਾਂ ਲੇਟ ਨਹੀਂ ਹੋਣ ਦੇਂਦੀ ਟਾਇਮ ਨਾਲ ਗਰਮ ਗਰਮ ਰੋਟੀ ਥਾਓਂ ਥਾਈਂ ਦੇਂਦੀ ਹੈ। ਕਪੜੇ ਸੁੱਕਣੇ ਪਾਏ ਮਸ਼ੀਨ ਚੋਂ ਕੱਢ ਕੇ। ਢੇਰ ਭਾਂਡਿਆਂ ਦਾ ਵੇਖ ਤਾਅ ਚੜ ਗਿਆ। ਰਸੋਈ ਖਿਲਰੀ ਪਈ ਹੈ। ਭਾਂਡੇ ਕੀ ਮਾਂਜਣੇ ਮੋਟਰ ਹੀ ਨਹੀਂ ਸੀ ਬਹਾਈ ਉੱਤੋਂ ਬੱਤੀ ਬੰਦ। ਕਿਸੇ ਤਰ੍ਹਾਂ ਜਨਰੇਟਰ ਚਲਾਇਆ ਤੇ ਮੋਟਰ ਭਰੀ। ਟਾਇਮ ਫਿਰ ਹੋ ਗਿਆ ਕਲਾਸ ਦਾ। ਮਾਂ ਨੂੰ ਚਾਹ ਨਾਲ ਰਸ ਦਿੱਤਾ ਸੀ ਦਵਾਈ ਜੋ ਖਵਾਉਣੀ ਸੀ ਬਸ ਫਿਰ ਮਾਂ ਵੱਲ ਜਾਣ ਦਾ ਵੀ ਟਾਇਮ ਨਹੀਂ ਮਿਲਿਆ। ਪੜਾਈ ਚ ਮਨ ਨਹੀਂ ਲੱਗਿਆ। ਮਾਂ ਤਾਂ ਬਿਮਾਰ ਹੋਣ ਤੇ ਬਹੁਤ ਧਿਆਨ ਰੱਖਦੀ ਏ ਘੁਟਦੀ ਨੱਪਦੀ ਏ। ਕੋਲ ਬੈਠਦੀ ਏ। ਕਹਾਣੀ ਸੁਣਾਉਂਦੀ ਏ। ਪਾਠ ਕਰਦੀ ਏ। ਬੜੀ ਸ਼ਰਮ ਆਈ। ਪੜਾਈ ਵਿਚਾਲੇ ਛੱਡ ਮਾਂ ਨੂੰ ਦੇਖਿਆ ਬੇਸੁਧ ਪਏ ਨੇ। ਅੱਖਾਂ ਚੋਂ ਹੰਝੂ ਸੁੱਟਦੀ ਭਾਂਡੇ ਮਾਂਜਦੀ ਹਾਂ। ਲੱਕ ਦੁੱਖਣ ਲੱਗਿਆ ਮਾਂ ਫਿਰ ਯਾਦ ਆਈ ਕਿੰਨਾ ਕੰਮ ਕਰਦੀ ਏ ਕਦੇ ਮਹਿਸੂਸ ਹੀ ਨਹੀਂ ਸੀ ਕੀਤਾ ਦੁਪਹਿਰ ਕਿਸੇ ਨੇ ਰੋਟੀ ਨਹੀਂ ਖਾਈ। ਕੌਣ ਬਣਾਵੇ। ਘਰ ਸਾਰਾ ਉੱਦੋਂ ਗੁੱਦਣ ਹੋਇਆ ਪਿਆ। ਅੱਜ ਸਿਰ ਫਿਰ ਨਹੀਂ ਵਾਹਿਆ। ਮਾਂ ਬੋਲ ਬੁਲਾਰਾ ਕਰਦੀ ਕੇ ਵਾਹੁਣ ਨੂੰ ਕਹਿੰਦੇ ਜਾ ਖੁਦ ਸਵਾਰ ਕੇ ਵਾਲ ਬਣਾ ਦੇਂਦੇ। ਅਸੀ ਆਲਸੀ ਹਾਂ ਇਸ ਮਾਮਲੇ ਵਿੱਚ। ਕਦੇ ਰੋਟੀ ਬਣਾਵਾ ਕਦੇ ਕਪੜੇ ਸੰਭਾਂ ਕਦੇ ਤੋੜ ਕਦੇ ਸਕਲ ਹੈ ਪਿਤਾ ਜੀ ਦਾ ਕੁੜਤਾ ਪਜਾਮਾ ਪ੍ਰੈਸ ਕਰਨਾ ਪਿਆ। ਥੱਕ ਗਏ ਤੇ ਅੱਕ ਵੀ। ਵਿਚਾਲੇ ਕੋਈ ਨਾ ਕੋਈ ਦਾਦਾ ਜੀ ਨੂੰ ਪਿਤਾ ਜੀ ਨੂੰ ਮਿਲਣ ਵਾਲਾ ਆ ਗਿਆ। ਉਸ ਲਈ ਕੁੱਝ ਚਾਹ ਠੰਡਾ। ਆਪਸ ਵਿੱਚ ਬੈਠ ਭਰਾ ਲੜ ਪੈਂਦੇ ਹਾਂ। ਮੈਂ ਥੱਕ ਗਿਆ। ਮੈਂ ਥੱਕ ਗਈ। ਫਿਰ ਦੋਨੋਂ ਇੱਕ ਦੂਜੇ ਦਾ ਮੂੰਹ ਵੇਖਦੇ ਹਾਂ। ਘਰ ਅੱਜ ਜਿਹਾ ਹੈ। ਖਾਲੀ ਖਾਲੀ ਜਿਹਾ ਹੈ। ਮਾਂ ਨਾਲ ਤਾਂ ਰੌਣਕ ਹੁੰਦੀ ਏ। ਮਾਂ ਜਦੋਂ ਗੁੱਸਾ ਕਰਦੀ ਏ ਤਾਂ ਗੁੱਸਾ ਨਹੀਂ ਆਉਂਦਾ ਚੰਗਾ ਲਗਦਾ ਏ। ਚੰਗਾ ਲਗਦਾ ਏ ਮਾਂ ਨੂੰ ਸਤਾਉਣਾ। ਮਾਂ ਦੀ ਚੁੰਨੀ ਨਾਲ ਰੋਟੀ ਖਾ ਜਾਣ ਤੇ ਹੱਥ ਪੂੰਝਣੇ। ਮਾਂ ਨੂੰ ਗੱਲਵਕੜੀ ਪਾਉਣ ਤੋਂ ਪਹਿਲਾਂ ਲੜਾਈ ਵੀ ਅੱਜ ਬੜੀ ਮਿਸ ਹੋ ਰਹੀ ਹੈ। ਦੋਵੇਂ ਮਾਂ ਕੋਲ ਜਾਂਦੇ ਹਾਂ। ਪਿਤਾ ਜੀ ਮੱਥੇ ਤੇ ਪੱਟੀਆਂ ਕਰਦੇ ਪਏ ਨੇ। ਦਾਦੀ ਜੀ ਨੇ ਮਾਲਾ ਫੜੀ ਹੋਈ ਹੈ ਦਾਦਾ ਜੀ ਗੁਟਕਾ ਸਾਹਿਬ ਫੜ੍ਹ ਬੈਠੇ ਹੋਏ ਨੇ। ਮਾਂ ਅੱਖਾਂ ਖੋਲ ਮੁਸਕਰਾਹਟ ਨਾਲ ਸਾਨੂੰ ਦੋਹਾਂ ਨੂੰ ਵੇਖਦੇ ਨੇ ਦੋਹਾਂ ਨੂੰ ਪਿਆਰ ਕਰਦੇ ਨੇ। ਅਸੀਂ ਦੋਨੋਂ ਉਹਨਾਂ ਦੇ ਆਸੇ ਪਾਸੇ ਬੈਠ ਗਏ ਹਾਂ ਤੇ ਆਪਣੀ ਹਰ ਗਲਤੀ ਲਈ ਮਾਫੀ ਮੰਗਦੇ ਹਾਂ। ਉਹਨਾਂ ਦੇ ਸਾਰੇ ਦਿਨ ਦੇ ਕੰਮ ਨੂੰ ਅਸੀਂ ਕਦੇ ਧਿਆਨ ਹੀ ਨਹੀਂ ਸੀ ਕੀਤਾ ਕੋਲ ਬੈਠ ਅਰਦਾਸ ਕਰਦੇ ਹਾਂ ਮਾਂ ਠੀਕ ਹੋ ਜਾਵੇ। ਮਾਂ ਨੂੰ ਤਾਂ ਕਦੇ ਕੁਝ ਨਾ ਹੋਵੇ।



# ਰੱਖੜੀ...!




ਹਰ ਸਾਲ ਰੱਖੜੀ ਆਉਂਦੀ ਤੇ ਉਹ ਉਦਾਸ ਹੋ ਜਾਂਦੀ। ਮਰਜ਼ੀ ਨਾਲ ਲਿਆ ਫ਼ੈਸਲਾ ਉਸਤੇ ਹੁਣ ਭਾਰੀ ਪੈ ਰਿਹਾ ਸੀ। ਮਾਂ ਪਿਉ, ਭੈਣ ਭਰਾ ਨਾਲੋਂ ਟੁੱਟ ਗਈ ਸੀ। ਉਂਝ ਭਾਵੇਂ ਉਸਦਾ ਪਰਿਵਾਰ ਪੜ੍ਹਿਆ ਲਿਖਿਆ ਸੀ ਪਰ ਉਹਨਾਂ ਨੂੰ ਅੰਤਰ ਜਾਤੀ ਵਿਆਹ ਮਨਜ਼ੂਰ ਨਹੀਂ ਸੀ। ਉਹਨੇ ਘਰਦਿਆਂ ਦੇ ਖਿਲਾਫ਼ ਜਾ ਵਿਆਹ ਕਰਾ ਲਿਆ ਸੀ ਪਰ ਪੇਕਿਆਂ ਨੇ ਆਉਣਾ ਜਾਣਾ ਬੰਦ ਕਰ ਦਿੱਤਾ ਸੀ।

ਉਸ ਕੋਲ ਆਪਣੇ ਭਰਾ ਦੀ ਪਾਸਪੋਰਟ ਸਾਈਜ਼ ਇੱਕ ਤਸਵੀਰ ਸੀ ਤੇ ਉਹ ਭਰੀਆਂ ਅੱਖਾਂ ਨਾਲ ਰੱਖੜੀ ਉਸ ਫੋਟੋ ਤੇ ਬੰਨ ਦਿੰਦੀ। ਬਾਅਦ ਚ ਉਹ ਉਹੀ ਰੱਖੜੀ ਸਾਂਭ ਕੇ ਰੱਖ ਦਿੰਦੀ। ਉਹਨੇ 10 ਰੱਖੜੀਆਂ ਇੰਝ ਹੀ ਲਾਲ ਕੱਪੜੇ ਚ ਲਪੇਟ ਕੇ ਰੱਖੀਆਂ ਹੋਈਆਂ ਸੀ। ਇਸ ਵਾਰ ਵੀ ਰੱਖੜੀ ਦਾ ਤਿਉਹਾਰ ਨੇੜੇ ਆ ਰਿਹਾ ਸੀ। ਕਦੇ ਕਦੇ ਉਸਦੇ ਮਨ ਚ ਹੌਂਕਾ ਜੇਹਾ ਉੱਠਦਾ ਕਿ ਕਿਤੇ ਵੀਰਾ ਆ ਕੇ ਰੱਖੜੀ ਬੰਨ੍ਹਾ ਕੇ ਲੈ ਜਾਵੇ।

ਇਸ ਵਾਰ ਉਹਨੇ ਲਾਲਾ ਧਾਗੇ ਅਤੇ ਸੁਨਿਹਰੇ ਤੇ ਚਿੱਟੇ ਮੋਤੀਆਂ ਵਾਲੀ ਰੱਖੜੀ ਖਰੀਦੀ। ਰੱਖੜੀ ਵਾਲਾ ਦਿਨ ਆ ਗਿਆ ਤੇ ਉਹ ਅਲਮਾਰੀ ਚੋ ਭਰਾ ਦੀ ਤਸਵੀਰ ਲੱਭਣ ਲੱਗੀ ਪਰ ਮਿਲੀ ਨਹੀਂ ਉਹਨੂੰ। ਝਾੜੂ ਲਗਾਉਣ ਵੇਲੇ ਉਹਨੇ ਉਹ ਤਸਵੀਰ ਬੈੱਡ ਦੇ ਢੋਹ ਕੋਲ ਪਈ ਦੇਖੀ। ਤਸਵੀਰ ਦੇਖਦਿਆਂ ਉਹ ਸਮਝ ਗਈ ਕਿ ਹਰਨਵ ਦੇ ਕੰਮ ਨੇ ਏਹ। ਹਰਨਵ ਉਸਦਾ 6 ਕੁ ਸਾਲ ਦਾ ਬੇਟਾ ਜੋ ਕਿ ਬਹੁਤ ਹੀ ਸ਼ਰਾਰਤੀ ਸੀ।

ਉਹਨੇ ਤਸਵੀਰ ਚੱਬ ਕੇ ਸੁੱਟੀ ਹੋਈ ਸੀ। ਉਹ ਤਸਵੀਰ ਲੈ ਕੇ ਹਰਨਵ ਕੋਲ ਗਈ ਤੇ ਕਹਿਣ ਲੱਗੀ, "ਇਹ ਕੀ ਕੀਤਾ? " ਹਰਨਵ ਨੇ ਢਿੱਲਾ ਜੇਹਾ ਮੂੰਹ ਬਣਾਉਂਦੇ ਕਿਹਾ, "ਕੌਣ ਆ ਏਹ ਭਾਈ" ਉਹਨੇ ਹਰਨਵ ਦੇ ਇਸ ਸਵਾਲ ਦਾ ਫ਼ਟਾਫ਼ਟ ਜਵਾਬ ਦਿੰਦੇ ਕਿਹਾ, "ਤੇਰੇ ਮਾਮਾ ਜੀ ਆ... ਨਾਨਕਿਆਂ ਤੋਂ..." ਹਰਨਵ ਨੇ ਅੱਖਾਂ ਵੱਡੀਆਂ ਕਰ ਮਾਂ ਵੱਲ ਵੇਖਦਾ ਹੋਇਆਂ ਬੋਲਿਆ, "ਨਾਨਕੇਂ ਜਾਵਾਂਗੇ ਲੱਡੂ ਪੇੜੇ ਖਾਵਾਂਗੇ... ਉਥੋਂ ਵਾਲਾ ਮਾਮਾ ? ਪਰ ਆਪਾਂ ਤਾਂ ਗਏ ਨਹੀਂ ਕਦੇ ਨਾਨਕੀਂ .. ਨਾ ਕਦੇ ਮਾਮਾ ਦੇਖਿਆ ਇੱਥੇ ਆਇਆ..." ਉਹ ਹਰਨਵ ਦੀ ਗੱਲ ਸੁਣ ਪਹਿਲਾਂ ਤਾਂ ਚੁੱਪ ਹੋ ਗਈ ਤੇ ਫਿਰ ਕਹਿੰਦੀ ਕਿ ਤੇਰਾ ਮਾਮਾ ਜੀ ਤੇ ਨਾਨਾ ਜੀ ਫ਼ੌਜੀ ਆ, ਉਹ ਬਹੁਤ ਦੂਰ ਰਹਿੰਦੇ ਆ..ਐਨੀ ਦੂਰ ਜਿੱਥੇ ਜਾਣ ਲਈ ਜ਼ਹਾਜ਼ ਤੇ ਜਾਣਾ ਪੈਂਦਾ..." ਹਰਨਵ ਨੇ ਜ਼ਹਾਜ਼ ਦਾ ਨਾਮ ਸੁਣਦੇ ਕਿਹਾ, "ਆਪਾਂ ਚੱਲੀਏ ਮਿਲਣ..." ਉਹਨੇ ਹਰਨਵ ਦੀ ਭੋਲੀ ਗੱਲ ਸੁਣ ਹਾਸੇ ਚ ਕਿਹਾ, "ਤੂੰ ਵੱਡਾ ਹੋਜਾ, ਪੈਸੇ ਕਮਾ ਕੇ ਜ਼ਹਾਜ਼ ਲੈ ਲਵੀਂ, ਫੇਰ ਚੱਲਾਂਗੇ ਮਿਲਣ ਆਪਾਂ..." ਐਨਾ ਕਹਿ ਕੇ ਉਹ ਝਾੜੂ ਲਗਾਉਣ ਲੱਗ ਗਈ ਪਰ ਉਸਦੀਆਂ ਅੱਖਾਂ ਪਾਣੀ ਨਾਲ ਭਰੀਆਂ ਸੀ ਤੇ ਸੋਚ ਰਹੀ ਸੀ ਕਿ ਪੁੱਤ ਕੀ ਦੱਸਾਂ ਤੈਨੂੰ ਤੇਰੇ ਨਾਨਕੇਂ ਤਾਂ ਉਹ ਦੂਰੀਆਂ ਪਾਈ ਬੈਠੇ ਆ ਜੋ ਜ਼ਹਾਜ਼ ਵੀ ਨਹੀਂ ਮਿਟਾ ਸਕਦੇ। ਹਰ ਵਾਰ ਦੀ ਤਰ੍ਹਾਂ ਉਹ ਭਰਾ ਨੂੰ ਉਡੀਕਦੀ ਰਹੀ ਪਰ ਇਸ ਵਾਰ ਵੀ ਕੋਈ ਨਾ ਆਇਆ। ਰੱਖੜੀ ਉਹਨੇ ਅਲਮਾਰੀ ਚ ਸਾਂਭ ਕੇ ਰੱਖ ਦਿੱਤੀ।

ਲਿਖਤ– ਬਰਾੜ ਜੈਸੀ

# ਕੰਧ ਵਿੱਚ ਇੱਕ ਨਿੱਕਾ ਜਿਹਾ ਲਾਂਘਾ ਰੱਖ ਦੋ...



ਦੋਵਾਂ ਭਰਾਵਾਂ ਦੀ ਗੱਲੀਂ ਬਾਤੀਂ ਹੁੰਦੀ ਲੜਾਈ ਅੱਜ ਹੱਥੋਪਾਈ ਚ ਬਦਲ ਗਈ ਸੀ,,,, ਜਨਾਨੀਆਂ ਵੀ ਭੱਠੀ ਵਾਂਗੂੰ ਤਪ ਰਹੀਆਂ ਸੀ,

ਵੱਡੇ ਨੇ ਮਿਸਤਰੀ ਬੁਲਾ ਲਿਆ ਤੇ ਕਹਿੰਦਾ ਐਨ ਵਿਚਕਾਰੋਂ ਮਿਣ ਕੇ ਸਿੱਧੀ ਕੰਧ ਕਰ ਦੇ...ਅੱਜ ਤੋਂ ਸਾਡਾ ਇਹਨਾਂ ਨਾਲ ਕੋਈ ਲੈਣ ਦੇਣ ਨਹੀਂ। ਦੋਵੇਂ ਪਰਿਵਾਰ ਬਾਡਰਾਂ ਤੇ ਖੜੀ ਫੌਜ ਵਾਂਗੂ ਤਣੇ ਪਏ ਸੀ,,, ਤੇ ਸਾਹਮਣੇ ਬੈਠੀ ਬੁੱਢੀ ਮਾਂ ਹੰਝੂ ਕੇਰ ਰਹੀ ਸੀ ਉਹਦਾ ਵੀ ਬਟਵਾਰਾ ਹੋ ਗਿਆ ਸੀ।

ਉਹ ਨਿੱਕੇ ਦੇ ਹਿੱਸੇ ਆਈ ਸੀ। ਮਾਂ ਨੇ ਇਸ਼ਾਰੇ ਨਾਲ ਦੋਵਾਂ ਨੂੰ ਕੋਲ ਬੁਲਾਇਆ," ਪੁੱਤ ! ਮੈਨੂੰ ਪਤਾ ਹੁਣ ਤੁਸੀਂ ਝੁਕਣਾ ਤਾਂ ਹੈ ਨਹੀਂ ਪਰ ਜੇ ਮੇਰੀ ਗੱਲ ਮੰਨੋ ਤਾਂ ਕੰਧ ਵਿੱਚ ਇੱਕ ਨਿੱਕਾ ਜਿਹਾ ਗਲਾ (ਲਾਂਘਾ) ਰੱਖ ਦੋ,, ਹੋਰ ਮੈਂ ਕੁਝ ਨਹੀਂ ਮੰਗਦੀ। ਦੋਵਾਂ ਭਰਾਵਾਂ ਨੇ ਬੇਬੇ ਦੀ ਗੱਲ ਮੰਨ ਲਈ ਪਰ ਸ਼ਰਤ ਰੱਖੀ ਕਿ ਕੋਈ ਵੀ ਇੱਕ ਦੂਜੇ ਦੇ ਵੇਹੜੇ ਪੈਰ ਨਹੀਂ ਧਰੇਗਾ।

ਸਾਰਾ ਦਿਨ ਬੇਬੇ ਬਾਹਰ ਨਿੰਮ ਹੇਠਾਂ ਮੰਜਾ ਡਾਹ ਕੇ ਪਈ ਰਹਿੰਦੀ ਤੇ ਜਿਉ ਹੀ ਸ਼ਾਮ ਹੁੰਦੀ ਕੁਰਸੀ ਲਾਂਘੇ 'ਚ ਡਾਹ ਲੈਂਦੀ। ਨਿੱਕੀ ਨੂੰਹ ਨਿੱਕੇ ਮੁੰਡੇ ਨੂੰ ਕਹਿੰਦੀ ਰਹਿੰਦੀ ਕਿ ਵੇਖ ਲਾ ਰਹਿੰਦੀ ਬੇਬੇ ਸਾਡੇ ਵੱਲ ਆ ਤੇ ਦੇਖਦੀ ਓਹਨਾ ਦੇ ਘਰ ਵੱਲ ਰਹਿੰਦੀ ਆ ,,,ਇਹਨੂੰ ਓਹਨਾ ਦੀ ਹੀ ਫ਼ਿਕਰ ਏ,,,,ਸਾਡੇ ਨਾਲ ਦਿਲ ਨੀ ਮਿਲਦਾ ਇਹਦਾ। ਉਧਰ ਵੱਡੀ ਅਲੱਗ ਰਿੱਝਦੀ ਰਹਿੰਦੀ। ਓਹ ਵੱਡੇ ਨੂੰ ਕਹਿੰਦੀ," ਬੇਬੇ ਨੂੰ ਝਾਤੀਆਂ ਮਾਰਨ ਦੀ ਬੜੀ ਗੰਦੀ ਆਦਤ ਏ , ਜਿਉਂ ਦਿਨ ਢਲਦਾ ਏ ਆਪਣੇ ਵੱਲ ਮੂੰਹ ਕਰਕੇ ਕੁਰਸੀ ਡਾਹ ਲੈਂਦੀ ਏ,,, ਖ਼ਬਰੇ ਕੀ ਵੇਹੰਦੀ ਰਹਿੰਦੀ ਏ?? ਮੈਨੂੰ ਲਗਦਾ ਆਪਣੀਆਂ ਗੱਲਾਂ ਸੁਣ ਕੇ ਨਿੱਕਿਆਂ ਨੂੰ ਦੱਸਦੀ ਏ। ਦੋਵਾਂ ਨੂੰਹਾਂ ਨੂੰ ਬੇਬੇ ਲਾਂਘੇ 'ਚ ਬੈਠੀ ਰੜਕਦੀ ਰਹਿੰਦੀ।

ਵੱਡਾ ਮੁੰਡਾ ਰੋਡਵੇਜ਼ 'ਚ ਡਰਾਈਵਰ ਸੀ, ਅਕਸਰ ਰਾਤ ਨੂੰ ਉਹ ਨ੍ਹੇਰੇ ਹੋਏ ਘਰ ਵੜਦਾ,,,, ਛੁੱਟੀ ਤੋਂ ਬਾਦ ਅੱਡੇ ਤੇ ਪੀਣ ਜੋ ਲੱਗ ਜਾਂਦਾ ਸੀ। ਜਦ ਤੱਕ ਉਹ ਘਰ ਨਾ ਆਉਂਦਾ ਬੇਬੇ ਦੇ ਸਾਹ ਸੁੱਕੇ ਰਹਿੰਦੇ। ਜਦ ਉਹ ਆ ਜਾਂਦਾ ਤਾਂ ਬੇਬੇ ਦੂਰੋਂ ਹੀ ਉਹਨੂੰ ਵੇਖ਼ ਕੇ ਆਵਾਜ਼ ਮਾਰ ਦੇਂਦੀ,,, ਪੁੱਤ! ਐਨਾ ਨ੍ਹੇਰਾ ਨਾ ਕਰਕੇ ਆਇਆ ਕਰ,, ਛੇਤੀ ਆ ਜਾਇਆ ਕਰ। ਉਹਨਾਂ ਦੋਵਾਂ ਜੀਆਂ ਨੂੰ ਗੁੱਸਾ ਚੜ੍ਹ ਜਾਂਦਾ,, ਅਖੇ ਬੇਬੇ ਨੇ ਜਰੂਰੀ ਟੋਕਣਾ ਹੁੰਦਾ ਏ,,,ਇਹਨੂੰ ਪਤਾ ਖੌਰੇ ਕਿਵੇਂ ਲੱਗ ਜਾਂਦਾ ਕੇ ਮੈਂ ਆ ਗਿਆਂ। ਉਧਰ ਨਿੱਕਾ ਨੂੰਹ–ਪੁੱਤ ਅੱਡ ਕਚੀਚੀਆਂ ਲੈਂਦੇ ਕੇ ਬੇਬੇ ਨੂੰ ਉਹ ਪੁੱਛਦੇ ਦੱਸਦੇ ਤਾਂ ਹੈਗੇ ਨੀ,,, ਫ਼ੇਰ ਵੀ ਬੇਬੇ ਨੂੰ ਉਹਨਾਂ ਦੀ ਹੀ ਫ਼ਿਕਰ ਏ। ਬੇਬੇ ਵਿਚਾਰੀ ਦੋਵਾਂ ਪਾਸਿਓਂ ਬੁਰੀ ਬਣ ਜਾਂਦੀ,, ਪਰ ਕਦੇ ਵੀ ਲਾਂਘੇ ਵਿੱਚ ਬੈਠਣ ਦਾ ਨਾਂਗਾ ਨਾ ਪੈਣ ਦਿੱਤਾ।

ਦਿਨ ਲੰਘਦੇ ਗਏ ਤੇ ਸਮੇਂ ਨੇ ਦੋਨਾਂ ਭਰਾਵਾਂ ਦੀ ਕੁੜੱਤਣ ਨੂੰ ਘੱਟ ਕਰਨਾ ਸ਼ੁਰੂ ਕਰ ਦਿੱਤਾ। ਹੁਣ ਨਿੱਕਾ ਭਰਾ ਕਦੇ – ਕਦੇ ਬੇਬੇ ਕੋਲ ਲਾਂਘੇ 'ਚ ਬੈਠ ਜਾਂਦਾ ਤੇ ਵੱਡਾ ਜਦੋਂ ਆਉਂਦਾ ਤਾਂ ਬੇਬੇ ਨੂੰ ਬੁਲਾਉਣ ਬਹਾਨੇ ਓਹ ਨਿੱਕੇ ਨੂੰ ਵੀ ਮਿਲ ਲੈਂਦਾ,,,,ਬੇਬੇ ਨੂੰ ਠੰਡ ਪੈ ਜਾਂਦੀ।

ਇੱਕ ਦਿਨ ਬੇਬੇ ਨੂੰ ਰਾਤ ਬਾਰਾਂ ਵਜੇ ਤੱਕ ਲਾਂਘੇ ਵਿੱਚ ਬੈਠੀ ਵੇਖ ਨਿੱਕਾ ਸਮਝ ਗਿਆ ਕਿ ਅੱਜ ਵੱਡਾ ਘਰ ਨੀ ਆਇਆ,,, ਉਹਨੇ ਮੋਟਰਸਾਈਕਲ ਕੱਢਿਆ ਤੇ ਅੱਡੇ ਵੱਲ ਚਲਾ ਗਿਆ। ਉਧਰ ਵੱਡੀ ਨੂੰਹ ਵੇਹੜੇ ਵਿੱਚ ਗੇੜੇ ਜਹੇ ਕੱਢੀ ਜਾਂਦੀ ਸੀ ,,,, ਉਹਦਾ ਜੀਅ ਕਰਦਾ ਸੀ ਕਿ ਬੇਬੇ ਨੂੰ ਆਵਾਜ਼ ਮਾਰ ਕੇ ਕਹੇ ਕਿ ਬੇਬੇ ਨਿੱਕੇ ਨੂੰ ਆਖ ਆਵਦੇ ਭਰਾ ਨੂੰ ਵੇਖ ਆ ਕੇ ਆਇਆ ਕਿਓਂ ਨਹੀਂ,,,, ਪਰ ਹੀਆ ਨਾ ਪਿਆ।

ਏਨੇ ਨੂੰ ਨਿੱਕਾ ਸ਼ਰਾਬ ਨਾਲ ਰੱਜੇ ਵੱਡੇ ਭਰਾ ਨੂੰ ਲੈ ਕੇ ਆ ਗਿਆ,, ਉਹਨੇ ਮਸਾਂ ਮੋਟਰਸਾਈਕਲ ਤੋਂ ਲਾਹਿਆ ਤੇ ਮੰਜੇ ਤੇ ਪਾ ਦਿੱਤਾ,,, ਭਰਜਾਈ ਨੇ ਮਸਾਂ ਸ਼ਬਦ ਇਕੱਠੇ ਕਰ ਕੇ ਨਿੱਕੇ ਦਾ ਧੰਨਵਾਦ ਕੀਤਾ।

ਅਗਲੇ ਹੀ ਦਿਨ ਲਾਂਘੇ ਵਿੱਚ ਰੌਣਕ ਲੱਗ ਗਈ,, ਕਦੇ ਨਿੱਕੇ ਵੱਡਿਆਂ ਵੱਲ ਤੇ ਕਦੇ ਵੱਡੇ ਨਿੱਕਿਆਂ ਵੱਲ ਜਾਣ ਲੱਗ ਗਏ।

ਸੰਧੂ ਕੌਰ

# ਮੋਹ ਭਿੱਜੇ ਰਿਸ਼ਤੇ...



ਮੇਰੇ ਗਵਾਂਢ ਵਿੱਚ ਕੱਲ੍ਹ ਜਦੋਂ ਚੱਲਦੇ ਸੁਖਮਨੀ ਸਾਹਿਬ ਦੇ ਪਾਠ ਵਿੱਚ ਇੱਕ ਦਾਦੀ ਮੈਨੂੰ ਦੇਖ ਮੁਸਕਰਾ ਪਈ।

ਉਹਨਾਂ ਦੀ ਮੁਸਕੁਰਾਹਟ ਦੇਖ ਮੈਂ ਵੀ ਅੱਗੋਂ ਮੁਸਕੁਰਾ ਦਿੱਤਾ। ਇਸ ਤੋਂ ਇੱਕ ਦਮ ਬਾਅਦ ਉਹਨਾਂ ਨੇ ਮੈਨੂੰ ਤੇ ਬਾਕੀ ਸਭ ਨੂੰ ਮੇਰਾ ਨਾਮ ਸੀਰਤ ਲੈ ਕੇ ਪੁੱਛਣਾ ਸ਼ੁਰੂ ਕੀਤਾ ਤੂੰ ਓਹੀ ਏ ਨਾ?

ਮੈਂ ਨਾ ਵਿੱਚ ਸਿਰ ਹਿਲਾਇਆ ਤੇ ਉਥੇ ਬੈਠੇ ਹੋਰ ਵੀ 2, 3 ਜਣਿਆ ਨੇ ਕਿਹਾ ਨਹੀਂ ਏਹ ਉਹ ਨਹੀਂ।

ਪਰ ਫਿਰ ਉਹਨਾਂ ਨੇ ਉਹੀ ਗੱਲ ਦੁਹਰਾਈ ਇੱਕ ਵਾਰ ਨਹੀਂ 5, 6 ਵਾਰ। ਸ਼ਾਇਦ ਉਹ ਹਾਂ ਹੀ ਸੁਣਨਾ ਚਾਹੁੰਦੇ ਸਨ।

ਫਿਰ ਆਪਣੀ ਜਗ੍ਹਾ ਤੋਂ ਉੱਠ ਮੇਰੇ ਕੋਲ ਆ ਗਏ ਤੇ ਕਹਿਣ ਲੱਗੇ ਉੱਠ ਕੇ ਜੱਫ਼ੀ ਪਾ ਕੇ ਮਿਲ ਮੈਂ ਉਹਨਾਂ ਦਾ ਏਨਾ ਮੋਹ ਦੇਖ ਰੁੱਕ ਨਾ ਸਕੀ

ਤੇ ਮੈਂ ਵੀ ਘੁੱਟ ਕੇ ਜੱਫ਼ੀ ਪਾ ਲਈ ਚਾਹੇ ਮਿਲੀ ਮੈਂ ਪਹਿਲੀ ਵਾਰ ਹੀ ਸੀ ਮਾਤਾ ਜੀ ਨੂੰ ਪਰ ਮੋਹ ਵਿੱਚ ਭਿੱਜੀ ਮਾਤਾ ਜੀ ਨੇ ਰੋਣਾ ਸ਼ੁਰੂ ਕਰ ਦਿੱਤਾ।

ਮੈਂ ਇਹ ਸੋਚ ਜੱਫ਼ੀ ਪਾਈ ਰੱਖੀ ਜੇ ਅੱਜ ਨਵੇਂ ਸਾਲ ਵਾਲੇ ਦਿਨ ਕੋਈ ਮੇਰੇ ਵਿਚੋਂ ਆਪਣੇ ਅਜੀਜ਼ ਨੂੰ ਮਹਿਸੂਸ ਕਰ ਰਿਹਾ ਏ ਤਾਂ ਇਸ ਤੋਂ ਵੱਧ ਕੇ ਕੀ ਹੈ?

ਕੁਝ ਸਮੇਂ ਮਗਰੋਂ ਉਹਨਾਂ ਫਿਰ ਮੈਨੂੰ ਉਹੀ ਨਾਮ ਨਾਲ ਬੁਲਾਇਆ ਜਿੰਨਾ ਦਾ ਚਿਹਰਾ ਉਹਨਾਂ ਨੂੰ ਮੇਰੇ ਵਿਚੋਂ ਦਿੱਖ ਰਿਹਾ ਸੀ।

ਮੈਂ ਉਹਨਾਂ ਨੂੰ ਦੁਬਾਰਾ ਕਿਹਾ ਮੈਂ ਉਹ ਨਹੀਂ ਹਾਂ ਮੈਂ ਤਾਂ ਤੁਹਾਡੇ ਨੇੜੇ ਹੀ ਰਹਿੰਦੀ ਹਾਂ। ਇਹ ਸੁਣ ਉਹ ਉਸ ਖਿਆਲਾਂ ਵਾਲੀ ਦੁਨੀਆਂ ਤੋਂ ਬਾਹਰ ਆਏ ਤੇ ਕਹਿੰਦੇ ਅੱਛਾ ਉਹਨਾਂ ਨੇ ਘੁੱਟ ਕੇ ਪਾਈ ਗੱਲਵਕੜੀ ਥੋੜ੍ਹੀ ਢਿੱਲੀ ਛੱਡ ਦਿੱਤੀ

ਮੈਂ ਫਿਰ ਉਹਨਾਂ ਨੂੰ ਘੁੱਟ ਕੇ ਜੱਫ਼ੀ ਪਾਉਂਦੇ ਹੀ ਪੁੱਛਿਆ ਵੈਸੇ ਉਹ ਹੈ ਕੌਣ ਮਾਤਾ ਜੀ?? ਉਹ ਰੋਂਦੇ ਹੋਏ ਹੀ ਬੋਲੇ ਮੇਰੀ ਪੋਤੀ

ਮੈਂ ਉਹਨਾਂ ਨੂੰ ਘੁੱਟ ਕੇ ਜੱਫੀ ਪਾਈ ਰੱਖੀ ਤੇ ਕਿਹਾ ਕੋਈ ਨਾ ਮੈਂ ਵੀ ਤੁਹਾਡੀ ਪੋਤੀ ਹੀ ਹਾਂ। ਮੇਰੇ ਇਹਨਾਂ ਕਹਿਣ ਤੇ ਉਹ ਹੱਸ ਪਏ ਕਹਿੰਦੇ ਬਿਲਕੁਲ ਪੁੱਤਰ ਜੀ ਆਇਆ ਨੂੰ ਤੇ ਮੇਰੇ ਮਨ ਵਿੱਚਲਾ ਸਵਾਲ ਕੇ ਹੁਣ ਉਹ ਹੈ ਕਿੱਥੇ? ਮੈਂ ਇੱਕ ਦਮ ਪੁੱਛ ਹੀ ਲਿਆ ਮਾਤਾ ਜੀ ਕਿੱਥੇ ਨੇ ਉਹ,

ਤਾਂ ਉਹਨਾਂ ਦਾ ਜਵਾਬ ਸੁਣ ਕੇ ਉਸਨੇ ਆਪ ਵਿਆਹ ਕਰਵਾ ਲਿਆ,ਨਹੀਂ ਪਤਾ ਕਿੱਥੇ ਹੈ? ਇਹ ਦੱਸਦੇ ਸਮੇਂ ਜਿੰਨਾ ਓਹ ਮਾਤਾ ਜੀ ਰੋ ਰਹੇ ਸਨ ਉਸ ਤੋਂ ਕਿਤੇ ਵੱਧ ਮੈਂ ਰੋਈ,

ਕਿੰਨੇ ਖੁਦਗਰਜ ਨੇ ਰਿਸ਼ਤੇ ਕਿਵੇਂ ਕੁੱਝ ਚਿਰਾਂ ਦੇ ਪਿਆਰ ਲਈ ਏਨਾ ਪਿਆਰ ਮੋਹ ਨਾਲ ਭਰਿਆ ਰਿਸ਼ਤਾ ਛੱਡ ਕੇ ਤੁਰ ਜਾਂਦੇ ਨੇ।

ਪਿੱਛੋਂ ਛੱਡ ਜਾਂਦੇ ਨੇ ਸੋਚਾਂ ਤੇ ਖਿਆਲਾਂ ਵਿੱਚ ਡੁੱਬੇ ਕੁਝ ਰਿਸ਼ਤੇ ਜਿਹੜੇ ਸਾਰੀ ਉਮਰ ਇੱਕ ਪਲ ਓਹਨਾਂ ਨੂੰ ਵੇਖਣ ਨੂੰ ਤਰਸ ਜਾਂਦੇ ਨੇ।

ਉਹਨਾਂ ਨੂੰ ਘੁੱਟ ਗੱਲਵਕੜੀ ਵਿੱਚ ਲੈਣ ਲਈ ਹਉਕੇ ਲੈਂਦੇ ਰਹਿੰਦੇ ਨੇ ਲੱਭਦੇ ਰਹਿੰਦੇ ਨੇ ਕਿਸੇ ਨਾ ਕਿਸੇ ਚਿਹਰੇ ਤੋਂ ਤੁਰ ਗਿਆ ਆਪਣਾ।

ਪਿਆਰ ਵਿਆਹ ਇਹ ਗਲਤ ਨਹੀਂ ਬੇਸ਼ਕ ਇਸ ਲਈ ਥੋੜ੍ਹਾ ਸਮਾਂ ਲੱਗ ਜਾਏ। ਪਰ ਕੋਈ ਸਹੀ ਰਾਹ ਜ਼ਰੂਰ ਸੋਚਣਾ ਤੇ ਕੱਢਣਾ ਚਾਹੀਦਾ ਏ।

ਤਾਂ ਕੇ ਅਜਿਹੇ ਹੋਰ ਰਿਸ਼ਤੇ ਅੱਖਾਂ ਨਮ ਨਾ ਰੱਖਣ। ਅਖੀਰ ਮੈਂ ਮਾਤਾ ਜੀ ਨੂੰ ਕਿਹਾ ਕੋਈ ਨਾ ਤੁਹਾਡਾ ਜਦੋਂ ਮਨ ਕਰੇ ਆ ਜਾਇਆ ਕਰੋ ਜਾ ਮੈਨੂੰ ਬੁਲਾ ਲਿਆ ਕਰੋ।

ਉਹਨਾਂ ਪਿਆਰ ਨਾਲ ਸਿਰ ਤੇ ਹੱਥ ਫੇਰਦਿਆਂ ਕਿਹਾ ਜ਼ਰੂਰ ਪੁੱਤਰ ਤੇ ਘਰ ਵਾਪਿਸ ਆ ਕੇ ਕਿੰਨਾ ਚਿਰ ਮੈਂ ਇਸ ਮਿਲਣੀ ਨੂੰ ਮਹਿਸੂਸ ਕਰਦੀ ਰਹੀ।

ਮਨਪ੍ਰੀਤ ਕੌਰ ਲੁਧਿਆਣਾ

# ਨਕਲੀ ਟੂਣਾ ਤੇ ਅਸਲੀ ਵਹਿਮ...

## ਬਿੱਲਕੁੱਲ ਸੱਚੀ ਘਟਨਾ



ਕਹਿੰਦਾ "ਕੇਰਾਂ ਨਾਂ ਅਸੀਂ ਦਾਰੂ ਨਾਲ ਰੱਜੇ ਵੇ, ਨਵੇਂ ਸਾਲ ਦੀ ਪਾਰਟੀ ਸੀ। ਦੋਸਤ ਦੇ ਸਾਹਮਣੇਂ ਘਰ ਵਾਲੇ ਬਾਹਲੇ ਵਹਿਮੀਂ ਸੀ ਪਤੰਦਰ, ਅਸੀਂ ਦਾਰੂ ਅੰਡੇ ਲੈਣ ਗਏ ਲਲੇਰ 'ਤੇ ਉਈਂ ਚੌੜ ਵਿੱਚ ਪੰਜ–ਸੱਤ ਨਿੰਬੂ, ਲਾਲ ਵੰਗਾਂ, ਝਾੜੂ 'ਤੇ ਸੰਧੂਰ ਵੀ ਲੈ ਆਏ। 'ਤੇ ਸਵੇਰੇ ਰੱਖਤਾ ਗਵਾਂਡੀਆ ਦੇ ਦਰਵਾਜੇ 'ਚ ਨਕਲੀ ਜਿਹੇ ਮੰਤਰ ਮਾਰ ਕੇ।

ਜਦ ਸਵੇਰ ਹੋਈ, ਬਾਹਰ ਕੀਰਨੈਂ ਪਈ ਜਾਂਣ। ਗੁਆਂਢੀਆਂ ਦੀ ਬੁੜੀ ਟੂਣੇ ਵਾਲਿਆਂ ਦੇ ਪੁੱਤਾਂ ਨੂੰ ਪਿੱਟੀ ਜਾਵੇ, ਦੁਨੀਆਂ ਦੀ ਕਿਹੜੀ ਗਾਹਲ ਆ ਜਿਹੜੀ ਉਹਨੇ ਸਾਨੂੰ ਨਾਂ ਕੱਢੀ ਹੋਵੇ।

ਅੱਧੇ–ਪੌਣੇ ਘੰਟੇ ਮਗਰੋਂ ਗੁਰਦੁਆਰੇ ਦੇ ਸਪੀਕਰ ਵਿੱਚੋਂ ਅਵਾਜ ਆਈ, "ਬਈ ਜੀਹਨੇ ਵੀ ਟੂਣਾ ਕੀਤਾ ਭਲੇ–ਮਾਣਸੀ ਨਾਲ ਖ਼ੁਦ ਹੀ ਚੱਕ ਦਿਓ।

ਸਾਡੇ ਨਾਲ ਦਾ ਇੱਕ ਤਿਆਰ ਵੀ ਹੋ ਗਿਆ ਕਿ ਰੌਣ–ਕੁਰਲਾਉਣ ਜ਼ਿਆਦਾ ਹੋ ਗਿਆ। ਆਪਾਂ ਸੱਚੀ ਗੱਲ ਦੱਸ ਦਿੰਨੇ ਬਈ ਮਜ਼ਾਕ ਹੀ ਕੀਤਾ, ਸੀਰੀਅਸ ਨਾਂ ਲਵੋ ਯਾਰ ਤੁਸੀਂ।

ਪਰ ਮੈਂ ਕਿਹਾ ਹੁਣ ਮੱਲਾ ਜੁੱਤੀਆਂ ਨੂੰ ਥਾਂ ਹੋ ਗਿਆ ਹੁਣ ਤਾਂ, ਜੇ ਦੱਸਤਾ ਪੰਚਾਇਤਾਂ ਹੋਣਗੀਆਂ। ਐਂਵੇ ਖਹਿੜਾ ਨਹੀਂ ਛੁੱਟਣਾ 'ਤੇ ਜਿਹੜੀ ਬੇਇੱਜ਼ਤੀ ਹੋਣੀ ਉਹ ਅਲੱਗ।

ਕੰਮ ਬਾਹਲਾ ਵੱਧ ਗਿਆ 'ਤੇ ਅਸੀਂ ਡਰਗੇ 'ਤੇ ਦੜ ਵੱਟ ਲਈ। ਬੱਸ ਪਾਸੇ–ਪਾਸੇ ਹੀ ਰਹੀਏ, ਪਹਿਲੇ–ਪਹਿਲ ਤਾਂ ਸਾਡਾ ਹਾਸਾ ਮਸਾਂ ਲੁੱਕਦਾ ਸੀ,

ਉਹਨਾਂ ਦੇ ਕੀਰਨੇ ਵੇਖ–ਵੇਖ। ਪਰ ਮਗਰੋਂ ਸਾਲਾ ਡਰ ਵੀ ਲੱਗੇ ਕਿ ਕੰਮ ਜ਼ਿਆਦਾ ਹੀ ਸੀਰੀਅਸ ਹੋ ਗਿਆ, ਫੇਰ ਅਸੀਂ ਤਾਂ ਪਰੇ ਹੀ ਹੋ ਗਏ।

ਜਦੋਂ ਕੋਈ ਨਾਂ ਹੀ ਚਾਰਾ ਚੱਲਿਆ ਤਾਂ ਗੁਰਦੁਆਰੇ ਵਾਲੇ ਭਾਈ ਨੂੰ ਟੂਣਾ ਚੱਕਣ ਲਈ ਕਿਹਾ , ਉਹਨਾਂ ਟਾਈਮਾਂ 'ਚ 5100/– ਰੁਪਈਆ, ਕੁੜਤਾ–ਪਜਾਮਾ 'ਤੇ ਖੇਸ ਆਦਿ ਦੇ ਕਿ ਟੂਣਾ ਚੱਕਣ ਲਈ ਮੰਨਾਇਆ ਗਿਆ।

ਜਿਹੜੇ ਗੁਰਦੁਆਰੇ ਆਲੇ "ਭਾਈ" ਨੂੰ ਮਨਾਉਣ ਲਈ ਕਹਿਣ ਕਿ "ਕੋਈ ਨਾਂ ਬਾਬਾ ਆਪਣੇ ਸਿੱਖੀ ਸਿਧਾਂਤਾਂ 'ਚ ਜਾਂ ਗੁਰਮਤਿ ਅਨੁਸਾਰ ਇਹਨਾਂ ਗੱਲਾਂ ਦਾ ਕੋਈ ਮਤਲਬ ਨਹੀਂ।

ਤਾਂ ਪਿੱਛੋਂ ਹੀ ਕੋਈ ਢੁੱਚਰ ਡਾਹੁਣ ਲਈ ਬੋਲ ਪਿਆ ਕਰੇ, "ਫਿਰ ਤੂੰ ਆਪ ਚੱਕਦੇ ਬਾਬੇ ਵਿਚਾਰੇ ਨੂੰ ਕਾਹਤੋਂ ਬਲੀ ਦਾ ਬੱਕਰਾ ਬਣਾਉਂਨੇ?" ਕਹਿੰਦੇ ਗੱਲ 1100/–ਰੁਪਏ ਦੀ ਭੇਟਾਂ ਤੋਂ ਚੱਲੀ ਸੀ, ਜੀਹਨੂੰ ਪਹਿਲੇ–ਪਹਿਲ ਗੁਰਦੁਆਰੇ ਵਾਲੇ ਭਾਈ ਨੇ ਇਨਕਾਰ ਕਰਤਾ ਸੀ। ਜੋ ਬਾਅਦ ਵਿੱਚ ਵੱਧਦੀ–ਵੱਧਦੀ 5100/– 'ਤੇ ਨਿੱਬੜੀ ਜਾ ਕੇ।

ਪਰ ਪਿੰਡ ਦੇ ਬਹੁਤੇ ਲੋਕ ਇਹੀ ਕਹਿ ਰਹੇ ਸੀ ਕਿ "ਭਾਈ" ਬਲੀ ਦਾ ਬੱਕਰਾ ਬਣ ਰਿਹਾ। ਖੈਰ ਭਾਈ ਨੂੰ ਦਬਾਓ ਪਾਇਆ ਗਿਆ ਕਿ ਤੇਰੇ ਤੋਂ ਬਿਨਾਂ ਹੋਰ ਕੀਹਨੇ ਇਹ ਕੰਮ ਕਰਨਾ ਜਾਂ ਪੈਸੇ ਦਾ ਲਾਲਚ ਜਾਂ ਇਮਾਨਦਾਰੀ ਨਾਲ ਕਹੀਏ ਤਾਂ ਦੋਨੇਂ ਹੀ ਗੱਲਾਂ ਸੀ।

ਸਰਤਾਜ ਦੇ ਕਹਿਣ ਵਾਂਗ ਕਿ ਕੰਮ ਕਰਨ ਲਈ ਲਾਲਚ 'ਤੇ ਡੰਡਾ ਜਰੂਰੀ। ਸੋ ਆਖਿਰ ਨਾਂ ਚਾਹੁੰਦੇ ਹੋਏ ਵੀ ਭਾਈ ਨੇ ਅਰਦਾਸ ਕਰਕੇ ਟੂਣਾ ਚੱਕ ਦਿੱਤਾ।

ਮਸਾਂ ਦੋ ਕੁ ਮਹੀਨਿਆਂ ਮਗਰੋਂ, ਉਹਨਾਂ ਘਰ ਵਾਲਿਆਂ ਦੇ ਮੁੰਡੇ ਦਾ ਅਮਰੀਕਾ 'ਚ ਤਲਾਕ ਹੋ ਗਿਆ,

"ਉਹ ਵੀ ਟੂਣੇਂ ਸਿਰ"

ਉਹਨਾਂ ਦੇ ਲਾਂਣੇਦਾਰ ਨੂੰ ਸ਼ੂਗਰ ਸੀ ਡਾਕਟਰ ਨੇਂ ਪੈਰ ਵੱਢਤਾ,

"ਉਹ ਵੀ ਟੂਣੇਂ ਸਿਰ"

ਚਾਰ ਕੁ ਮਹੀਨੇਂ ਬਾਅਦ ਉਹਨਾਂ ਦੀ ਬੁੜੀ ਡਿੱਗਪੀ ਤਿਲਕ ਕੇ ਮੱਝਾਂ ਨੂੰ ਪਾਣੀ ਪਿਆਉਂਦੀ, ਚੂਕਣਾਂ ਹਿੱਲ ਗਿਆ,

"ਚੱਲ ਉਹ ਵੀ ਟੂਣੇ ਸਿਰ"

ਗੱਲ ਕੀ ਉਹਨਾਂ ਦੇ ਘਰ ਦੀ ਹਰ ਨਿੱਕੀ ਵੱਡੀ ਘਟਨਾਂ ਉਹਨਾਂ ਨੇ ਟੂਣੇ ਸਿਰ ਮੜ੍ਹੀ।

'ਤੇ ਇੱਧਰ ਜਿਹੜੇ ਬਾਬੇ ਨੇਂ ਟੂਣਾਂ ਚੱਕਿਆ ਸੀ, ਉਹ ਵੀ ਗੋਲੀਆਂ ਖਾਣ ਲੱਗ ਪਿਆ। ਪਹਿਲਾਂ–ਪਹਿਲ ਤਾਂ ਹਿਸਾਬ ਸਿਰ ਨਸ਼ਾ ਕਰਦਾ ਸੀ, ਪਰ ਮਗਰੋਂ ਤਾਂ ਨਸ਼ੇ ਦੀ ਵਾਧ–ਘਾਟ 'ਚ ਕਿਤੇ ਨਾਂ ਕਿਤੇ ਡਿੱਗਿਆ ਪਿਆ ਹੀ ਮਿਲਦਾ ਸੀ। ਉਹਨੂੰ ਤਾਂ ਲੋਕ ਇਹ ਕਹਿੰਦੇ ਸੀ ਕਿ "ਭਾਈ ਦਾ ਪਾਠ ਜਿਆਦਾ ਕੀਤਾ ਹੋਇਆ ਤੀ ਜੇਹੜਾ ਟੂਣੇ ਦੀਆਂ ਬਾਹਲੀਆਂ ਪਾਵਰਾਂ ਤਾਂ ਭਾਈ ਝੱਲ ਗਿਆ।

ਉਸ ਘਰ 'ਤੇ ਤਾਂ ਉਹੋ ਹੀ ਪਈਆਂ ਜਿਹੜੀ ਭਾਈ ਦੇ ਆਲੇ–ਦੁਆਲੇ ਦੀ ਖਹਿ ਕੇ ਲੰਘੀਆਂ"। 'ਤੇ ਕੁੱਝ ਆਖਿਆ ਕਰਦੇ "ਬਲੀ ਦਾ ਬੱਕਰਾ ਬਣਾਇਆ ਵੀਰ, ਗਰੀਬ ਨੂੰ ਬਲੀ ਦਾ ਬੱਕਰਾ"।

ਅਸੀਂ ਹੱਸਿਆ ਕਰੀਏ ਬਈ ਟੂਣਾ ਨਾਂ ਹੋ ਗਿਆ, ਮਸ਼ੀਨਗੰਨ ਹੋ ਗਈ। ਜਿਹੜੇ ਫਾਇਰ ਬਾਬੇ ਦੀ ਵੱਖੀ ਕੋਲੋਂ ਲੰਘ ਜਾਂਦੇ ਆ, ਉਹ ਇਹਨਾਂ ਘਰ ਵਾਲਿਆ ਨੂੰ ਲੱਗਦੇ ਆ। ਅੱਜ ਤੇਰਾਂ ਸਾਲ ਹੋਗੇ 'ਤੇ ਅਜੇ ਵੀ ਪਿੰਡ 'ਚ ਗੱਲ ਚੱਲਦੀ ਟੂਣੇ ਦੀ ਵਈ ਬਾਹਲਾ ਭਾਰਾ ਸੀ ਟੂਣਾ,

ਉਸ ਘਰ ਦਾ ਤਾਂ ਬਚਾਓ ਤਾਂ ਹੋ ਗਿਆ ਜਿਹੜਾ ਉਹਨਾਂ ਭਾਈ ਨੂੰ ਬਲੀ ਦਾ ਬੱਕਰਾ ਬਣਾ ਦਿੱਤਾ ਨਹੀਂ ਤਾਂ ਖੌਰੇ ਸਾਰਾ ਟੱਬਰ ਈ ਬੁੜਕ ਜਾਂਦਾ।

# ਬਾਪੂ...!



ਬਾਪੂ ਦਿਹਾੜੀ ਕਰਦਾ ਸੀ ਤੇ ਅਸੀਂ ਪੜਦੇ ਸੀ। ਬਾਪੂ ਦਿਹਾੜੀ ਕਰਦਾ ਤਾਂ ਚੁਲੇ ਅੱਗ ਬਲਦੀ। ਬਾਪੂ ਕਮਾਉਂਦਾ ਤਾਂ ਅਸੀਂ ਕਪੜੇ ਲੀੜੇ ਲੈ ਸਕਦੇ। ਬਾਪੂ ਜਦੋਂ ਸਾਮ ਨੂੰ ਆਉਦਾ ਸਾਨੂੰ ਉਡੀਕ ਹੁੰਦੀ ਬਾਪੂ ਕੁੱਝ ਚੀਜੀ ਤਾਂ ਜਰੂਰ ਲਿਆਓਗਾ। ਬਾਪੂ ਕੋਈ ਫਿਕਰ ਨਹੀਂ ਸੀ ਕਰਨ ਦੇਂਦਾ। ਬਾਪੂ ਹਮੇਸ਼ਾ ਚੜਦੀ ਕਲਾ ਵਿੱਚ ਰਹਿੰਦਾ। ਭੂਆਂ ਨੂੰ ਵੀ ਬਾਪੂ ਤੇ ਆਸ ਹੁੰਦੀ ਬਾਪੂ ਤੇ ਮਾਂ ਨੂੰ ਵੀ ਆਸ ਹੁੰਦੀ ਆਪੇ ਕਰੂ ਕੁਝ ਜੁਗਾੜ। ਬਾਪੂ ਕਦੇ ਕੰਮ ਤੇ ਨਾਲ ਨਹੀਂ ਲੈ ਕੇ ਗਿਆ ਤੁਸੀਂ ਪੜੋ।

ਦਾਦੀ ਬਾਬਾ ਵੀ ਦਵਾਈ ਲਈ ਬਾਪੂ ਨੂੰ ਉਡੀਕਦੇ। ਬਾਪੂ ਮਾਂ ਨੂੰ ਭੂਆ ਲਈ ਕੁਝ ਨਾ ਕੁੱਝ ਜਰੂਰ ਜੋੜ ਕੇ ਰੱਖਣ ਨੂੰ ਦੇਂਦਾ। ਟੈਮ ਦੇ ਟੈਮ ਨਹੀਂ ਵੀ ਹੱਥ ਚ ਹੁੰਦੇ ਪੈਸੇ।

ਖਾਲੀ ਨਾ ਤੋਰੀ ਜੇ ਮੇਰੇ ਪਿੱਛੋਂ ਆਈਆ। ਕੁੱਝ ਕੁ ਛਿੱਲੜ ਬਚਾ ਲਿਆ ਕਰ। ਬਾਪੂ ਦੀ ਟੁੱਟੀ ਜੁੱਤੀ ਬੜੇ ਥਾਵਾਂ ਤੋਂ ਗੰਢੀ ਹੋਈ ਹੁੰਦੀ। ਬਾਪੂ ਕਦੇ ਖਾਇਸ਼ ਨਹੀਂ ਸੀ ਰੱਖਦਾ ਕੋਈ। ਅਸੀਂ ਕੰਮ ਨਾ ਕਰਦੇ ਤਾਂ ਆਪੇ ਪੱਠੇ ਵੱਡ ਲਿਆਉਂਦਾ, ਆਪੇ ਪਾਣੀ ਡਾਹ ਦੇਂਦਾ ਪਸ਼ੂਆਂ ਨੂੰ। ਬਾਪੂ ਸਾਕ ਸਕੀਰੀਆਂ ਵਿੱਚ ਵੀ ਜਾਂਦਾ। ਦੋ ਚਿੱਟੇ ਕੁੜਤਿਆਂ ਨਾਲ ਉਸ ਪੰਜ ਸੱਤ ਸਾਲ ਕੱਢ ਲੈਣੇ ਹੁੰਦੇ ਸੀ। ਬਾਪੂ ਥੱਕਦਾ ਨਹੀਂ ਸੀ। ਗੁੱਸਾ ਨਾ ਕਰਦਾ। ਅਸੀ ਕਦੀ ਸੋਚਿਆ ਹੀ ਨਹੀਂ ਸੀ ਬਾਪੂ ਨੂੰ ਕੋਈ ਰੋਗ ਹੋ ਸਕਦਾ। ਬਾਪੂ ਦਾ ਢਿੱਡ ਦੁੱਖ ਸਕਦਾ ਬੁਖਾਰ ਹੋ ਸਕਦਾ। ਬਾਪੂ ਨੂੰ ਸੁੱਤਿਆਂ ਉਠਾਲ ਅਸੀਂ ਬਾਤਾ ਸੁਣਦੇ। ਬਾਪੂ ਕਾਹਦਾ ਜਾਦੂਗਰ ਸੀ। ਸਭ ਕੰਮ ਹੱਸਦਿਆਂ ਕਰਦਾ ਜਿਵੇਂ ਸੁਖਾਲੇ ਹੀ ਹੋ ਜਾਦੇ ਸੀ। ਅਸੀਂ ਬੇਪਰਵਾਹ ਸਾ। ਬਹੁਤ ਛੋਟੇ ਜਿਹੇ ਸਮਝਦੇ ਸਾ ਖੁਦ ਨੂੰ ਹੁਣ ਤੱਕ।

ਬਾਪੂ ਵੀ ਅਜੀਬ ਹੁੰਦੇ ਨੇ। ਜਾਦੂਗਰ ਜੋ ਅੱਖ ਦੇ ਫੇਰ ਵਿੱਚ ਬੱਚਿਆਂ ਦੀਆਂ ਖੁਸ਼ੀਆਂ ਪੂਰੀਆਂ ਕਰ ਛੱਡਦੇ ਨੇ ਤੇ ਉਹਨਾਂ ਨੂੰ ਖੁਸ਼ ਵੇਖ ਖੁਸ਼ ਹੋ ਲੈਂਦੇ ਨੇ।

ਅੱਜ ਸੱਥ ਵਿੱਛਿਆ ਹੋਇਆ। ਦਸ ਦਿਨ ਹੋ ਗਏ ਨੇ। ਲੋਕ ਆਈ ਜਾਈ ਜਾ ਰਹੇ ਨੇ। ਮੈਂ ਸਵੇਰ ਦਾ ਥੱਕ ਗਿਆ ਕੰਮ ਕਰਦਾ। ਸਮਝ ਨਹੀਂ ਆ ਰਹੀ ਪੈਸਾ ਕਿੱਥੋਂ ਲਿਆਵਾਂ। ਮਾਂ ਨੇ ਚੋਰੀ ਟੂੰਬਾ ਕੱਢ ਕੇ ਦਿੱਤੀਆਂ ਮਾਸੀ ਮਾਸੜ ਨੂੰ। ਸਾਡੇ ਤੋ ਓਹਲਾਰੱਖਿਆ ਸੀ ਪਰ ਮੈਂ ਵੇਖ ਲਿਆ। ਰਾਸ਼ਨ ਮੰਗਾਉਣਾ ਸੀ। ਸੌ ਕੰਮ ਸੀ। ਭੋਗ ਪਿਆ ਤਾਂ ਨਾਨਕਿਆਂ ਸਿਰ ਤੇ ਪੱਗ ਰੱਖ ਦਿੱਤੀ ਗੁਰੂ ਮਹਾਰਾਜ ਦੀ ਹਜੂਰੀ ਵਿੱਚ। ਭੂੰਬਾ ਨਿਕਲ ਗਈਆ। ਲੋਕ ਆਖਦੇ ਸੀ ਹੁਣ ਤੂੰ ਘਰ ਦਾ ਵੱਡਾ ਸਾਰੀ ਜਿੰਮੇਵਾਰੀ ਤੇਰੇ ਉੱਤੇ। ਮਾਂ ਦੀ ਭੈਣਾਂ ਦੀ ਭੂਆ ਦੀ ਦਾਦੀ ਬਾਬੇ ਦੀ। ਮੈਂ ਤਾਂ ਪੜਦਾ ਅਜੇ। ਮੈਂ ਨਹੀਂ ਬਨਣਾ ਵੱਡਾ ਓਏ ਲੋਕੋ ਮੇਰਾ ਬਾਪੂ ਮੋੜ ਲਿਆਓ। ਮੇਰੇ ਕੋਲ ਨਹੀਂ ਜ਼ਿੰਮੇਵਾਰੀਆਂ ਸੰਭਾਲ ਹੋਣੀਆਂ। ਬਾਪੂ ਦੀ ਕੀਮਤ ਆ ਦਸਾ ਦਿਨਾਂ ਵਿੱਚ ਪਤਾ ਲੱਗ ਗਈ ਪਰ ਦੁੱਖ ਇਸ ਗੱਲ ਦਾ ਹੈ ਉਸ ਦੇ ਹੁੰਦਿਆਂ ਕਿਓਂ ਨਾ ਲੱਗੀ।

ਲਿਖਤ– Naturedeep Kahlon

# ਕਮਲਾ ਚਾਚਾ–ਪਾਤਰ (ਚਾਚਾ)



ਪਿੰਡ ਥੜੇ ਕੋਲ ਚਾਰ ਮਿੱਤਰ ਬੈਠੇ ਧੂਣੀ ਲਾਈ। ਠੰਡ ਵਿਚ ਅੱਗ ਦਾ ਆਨੰਦ ਲੈ ਰਹੇ।

ਏਨੇ ਨੂੰ ਕਮਲਾ ਜਿਹਾ ਬੰਦਾ ਆਉਂਦਾ ਤੇ ਧੂਨੀ ਉਪਰ ਮਿੱਟੀ ਸੁੱਟ ਦਿੰਦਾ।

ਇਕ ਦੋਸਤ ਉਸਨੂੰ ਇੱਜ਼ਤ ਦਿੰਦਾ ਹੋਇਆ। ਚਾਚਾ ਕਹਿ ਰੋਕਦਾ। ਇਕਦਮ ਚਾਚਾ ਪਿੰਡ ਦੇ ਰੋਡ ਵਲ ਭੱਜ ਗਿਆ ਤੇ ਆਉਦੇ ਜਾਦੇ ਰਾਹਗੀਰਾ ਨੂੰ ਨੱਚਕੇ ਦਿਖਾਉਣ ਲਗਾ।

ਕਦੇ ਉੱਚੀ ਉੱਚੀ ਹੱਸਦਾ ਤੇ ਕਦੇ ਗਾਲ੍ਹਾਂ ਕੱਢਣ ਲਗ ਪੈਂਦਾ। ਚਾਚਾ ਅਕਸਰ ਬੋਲਦਾ, ਆਈ.ਐਮ ਵੈਸਟ, ਆਈ ਫੋਰਮੈਨ, ਕਦੇ ਕੁਝ ਅਰਬੀ ਦੇ ਸ਼ਬਦ ਵੀ ਬੋਲਦਾ ਹਬੀਬੀ ਸ਼ੁੱਕਰਾਨ ਅਲੀਬਾਬਾ ਆਦਿ।

ਅਸਲ ਵਿੱਚ ਚਾਚਾ ਹੁਣ ਦੇਖਣ ਨੂੰ ਟੁੱਟੀ ਜੁੱਤੀ ਤੇ ਫੱਟੇ ਕੱਪੜੇ ਪੁਰਾਣੀ ਗੰਦੀ ਜਹੀ ਕੋਟੀ ਪਾ ਕੰਬਲੀ ਲਈ ਇੱਧਰ ਉੱਧਰ ਫਿਰਦਾ ਰਹਿੰਦਾ।

ਖੇਤਾਂ ਨੂੰ ਆਉਂਦੀਆਂ ਜਾਂਦੀਆਂ ਕੰਮਕਾਰ ਵਾਲੀਆ ਕੱਖ ਲਈ ਜਾਂਦੀਆਂ ਔਰਤਾਂ ਨੂੰ ਮੇਰੀਆਂ ਤੀਵੀਆਂ ਮਸ਼ੁਕਾ ਦੱਸਦਾ। ਉਹਨਾਂ ਤੋਂ ਗਾਲ੍ਹਾਂ ਸੁਣਦਾ। ਉੱਚੀ ਉੱਚੀ ਗਾਣੇ ਗਾਉਂਦਾ ਤੇ ਪਰੇਸ਼ਾਨ ਕਰਦਾ।

ਆਖਦਾ ਮੇਰੀਆ ਸ਼ੇਖਾਂ ਵਾਗ ਕਈ ਕਈ ਤੀਵੀਆਂ ਪਰ ਸਾਰੀਆਂ ਮਾੜੀਆਂ ਮੇਰੇ ਪੈਸੇ ਨੂੰ ਪਿਆਰ ਕਰਦੀਆਂ ਧੋਖਾ ਦਿੰਦੀਆਂ।

ਚਾਚਾ ਜਵਾਨੀ ਵਿੱਚ ਵਾਹਲਾ ਸੋਹਣਾ ਰਿਹਾ। ਫਿਰ ਪੜ੍ਹਿਆ ਲਿਖਿਆ ਕਾਲਜ ਦੀ ਜ਼ਿੰਦਗੀ ਦੇਖੀ ਹੋਈ। ਚਾਚੇ ਦਾ ਬਾਪ ਮੁਸ਼ਕਿਲ ਨਾਲ ਮਿਹਨਤ ਮਜ਼ਦੂਰੀ ਕਰਕੇ ਆਪਣੇ ਚਾਰਾ ਪੁੱਤਾ ਤੇ ਦੋ ਧੀਆਂ ਨੂੰ ਪਾਲ ਉਹਨਾਂ ਦੇ ਵਿਆਹ ਕਰ ਸਵਰਗ ਸਿਧਾਰ ਗਿਆ। ਵਿਆਹ ਬਾਅਦ ਚਾਚਾ ਮਾੜੇ ਮੋਟੇ ਕੰਮ ਕਰਦਾ ਤੇ ਘਰੇ ਰੋਟੀ ਫੁਲਕਾ ਤੋਰੀ ਰੱਖਦਾ। ਉਸਦੇ ਘਰੇ ਦੋ ਪੁੱਤ ਇਕ ਧੀ ਨੇ ਜਨਮ ਲਿਆ।

ਹੁਣ ਬਚਿਆ ਦੀਆਂ ਜ਼ਿੰਮੇਵਾਰੀਆਂ ਲੋੜਾਂ ਪੜ੍ਹਾਈ ਆਦਿ ਦੇ ਜ਼ਿਆਦਾ ਖਰਚਾ ਕਰਕੇ ਚਾਚਾ ਵਿਦੇਸ਼ ਚੱਲ ਗਿਆ। ਵਿਦੇਸ਼ ਵਿੱਚ ਅਰਬ ਮੁਲਕਾਂ ਦੇ ਤਰੱਕੀਆਂ ਵਾਲੇ ਦਿਨ ਹੋਣ ਕਾਰਨ ਚਾਚੇ ਨੇ ਬਾਹਲੀ ਹੱਢਭੰਨ ਮਿਹਨਤ ਕਰ ਕਮਾਈ ਕੀਤੀ।

ਸਸਤੇ ਵੇਲੇ ਉਦੋਂ ਲੋਕਾਂ ਨੇ ਬਾਹਲਾ ਸੋਨਾ ਬਣਾਇਆ। ਅਰਬੀ ਸਾਰਾ ਕੰਮ ਲੋਕਾ ਤੋ ਕਰਾਉਂਦੇ। ਖੁਸ਼ ਹੋਏ ਵਧੇਰੇ ਤਨਖਾਹਾਂ ਵੀ ਦੇ ਦਿੰਦੇ।

ਚਾਚਾ ਹੁਣ ਤੱਕ ਫੋਰਮੈਨ ਬਣ ਚੁਕਿਆ ਸੀ। ਹਜ਼ਾਰਾਂ ਬੰਦੇ ਮਜ਼ਦੂਰ ਚਾਚੇ ਹੇਠ ਕੰਮ ਕਰਦੇ। ਕੰਮ ਦਾ ਜ਼ੋਰ ਪਹਿਲਾ ਨਾਲੋਂ ਜ਼ਿਆਦਾ ਹੋ ਗਿਆ। ਪਿੱਛੇ ਬੱਚੇ ਵੀ ਜਵਾਨ ਹੋਣ ਲੱਗੇ। ਹੁਣ ਕੱਚਾ ਘਰ ਪੱਕਾ ਹੋ ਗਿਆ। ਕਦੇ ਇਕ ਡੰਗ ਨਾਲ ਸਰਦਾ ਸੀ ਹੁਣ ਖੁੱਲੇ ਡੁਲਾ ਪਰਿਵਾਰ ਪਿੱਛੇ ਸੁਖੀ ਵੱਸਣ ਲੱਗਾ।

ਵਿਦੇਸ਼ ਗਏ ਲੋਕੀ ਉਝ ਵੀ ਇਸ ਤਰ੍ਹਾਂ ਸੋਚਦੇ ਹੁੰਦੇ। ਜੇ ਕਿਸੇ ਇਕ ਦੇ ਤਿਆਗ ਤਪ ਔਖੇ ਹੋਣ ਨਾਲ ਪਿੱਛੇ ਦਸ ਸੌਖੇ ਰਹਿ ਸਕਦੇ ਤੇ ਫਿਰ ਹਰਜ ਕੀ ਹੈ।

ਚਾਚਾ ਜਿਦੋ ਪੰਜਾਬ ਆਉਦਾ ਜੇਬ ਵਿੱਚ ਪੈਸੇ ਹੁੰਦੇ ਟੌਹਰ ਨਾਲ ਰਹਿੰਦਾ। ਘਰੇ ਸਭ ਨੂੰ ਸਭ ਕੁਝ ਮਿਲਦਾ ਹੋਣ ਕਰਕੇ ਸਭ ਖੁਸ਼ ਸਨ।

ਪਿੰਡ ਆਇਆ ਹੋਰਾਂ ਲੋੜਵੰਦਾਂ ਦੀ ਸਹਾਇਤਾ ਲਈ ਤਿਆਰ ਰਹਿੰਦਾ।

ਹੁਣ ਚਾਚਾ ਉਮਰ ਦਰਾਜ ਹੋ ਗਿਆ ਤੇ ਅਗੇ ਵੀਸਾ ਨਾ ਮਿਲਿਆ ਹੁਣ ਸਿਆਣਾ ਸਰੀਰ ਕਦੋਂ ਤਕ ਮਾਰੂਥਲਾਂ ਦੀ ਭੱਠੀ ਵਿੱਚ ਤੁਖਦਾ ਰਹਿੰਦਾ।

ਫਿਰ ਜਿੰਦਗੀ ਦੇ ਕੀਮਤੀ ਪੰਜੀ ਤੀਹ ਸਾਲ ਸਾਰੀ ਜਵਾਨੀ ਵਿਦੇਸ਼ ਹੀ ਗਾਲ ਛੱਡੀ ਹੁਣ ਸਮਾ ਆਪਣੀ ਇੰਨੇ ਸਾਲਾ ਦੀ ਕੀਤੀ ਹੋਈ ਮਿਹਨਤ ਦੀ ਕਮਾਈ ਦਾ ਸੁਖ ਭੋਗਣ ਦੀ। ਵਿਦੇਸ਼ ਵਿੱਚ ਚਾਚੇ ਦੀ ਕੰਮ ਦੌਰਾਨ ਲੱਤ ਟੁੱਟ ਗਈ। ਪਿੱਛੇ ਕੁੜੀ ਦਾ ਵਿਆਹ ਧਰਿਆ ਹੋਇਆ ਸੀ। ਮਜ਼ਬੂਰੀ ਸੀ ਨਹੀ ਆ ਸਕੀਆਂ। ਫਿਰ ਕਿਧਰੇ ਦਿਲ ਅੰਦਰ ਦੁਖ ਵੀ ਸੀ। ਕੁੜੀ ਨੇ ਆਪਣੀ ਮਰਜੀ ਨਾਲ ਵਿਆਹ ਕਰਾ ਲਿਆ।

ਸਭ ਕੁਝ ਪਿਛੇ ਛੱਡ ਭੁਲ ਹੁਣ ਪੰਜਾਬ ਪੱਕੇ ਤੌਰ ਤੇ ਆ ਗਿਆ। ਘਰੇ ਆਉਦਾ ਪਹਿਲਾ ਪਹਿਲ ਤੇ ਸਭ ਕੁਝ ਠੀਕ ਜਾਪਦਾ ਟੌਹਰ ਨਾਲ ਘੁੰਮਦਾ। ਫਿਰ ਕੋਲ ਪੈਸੇ ਬੁਢਾਪੇ ਲਈ ਜੌੜੇ ਹੋਣ ਤੇ ਵਖਰਾ ਹੀ ਸੁਆਦ ਹੁੰਦਾ।

ਘਰ ਨਾਲ ਵਿਕਦੇ ਖਾਲੀ ਪਲਾਟ ਨੂੰ ਖਰੀਦਣ ਦਾ ਮਨ ਬਣਾ ਲਿਆ। ਅਗੇ ਦੋਹਾਂ ਮੁੰਡਿਆਂ ਦਾ ਵੱਖੋ–ਵੱਖ ਘਰ ਬਣ ਜਾਵੇਗਾ। ਪਰ ਹੋਸ਼ ਤੇ ਉਦੋਂ ਉਡ ਜਾਦੇ। ਜਦੋਂ ਪਤਾ ਚੱਲਦਾ ਸੋਨਾ ਸਾਰਾ ਕੁੜੀ ਨੂੰ ਪਾ ਦਿੱਤਾ।

ਜਮਾਂ ਪੂੰਜੀ ਕਦੇ ਜਮ੍ਹਾਂ ਰਹੀ ਹੀ ਨਹੀਂ। ਪਿਛੋਂ ਖੁੱਲੇ ਗੱਫੇ ਚਾਚੀ ਪੇਕਿਆਂ ਨੂੰ ਭਰਦੀ ਰਹੀ। ਆਪਣੇ ਵੀਰਾ ਦੀਆ ਲੋੜਾਂ ਪੂਰੀਆਂ ਕਰਦੀ ਰਹੀ। ਕੁੜੀ ਦੇ ਸੋਹਰਿਆ ਨੂੰ ਇੰਨਾ ਦੇ ਦਿਤਾ ਸੀ। ਉਹਨਾਂ ਦੀ ਫਰਮਾਇਸ਼ਾ ਕਦੇ ਮੁਕੀਆ ਨਹੀਂ।

ਇਕ ਦੰਮ ਸਦਮੇ ਨਾਲ ਬੀਮਾਰ ਹੋਈਆ ਚਾਚਾ ਮਾਨਸਿਕ ਤੌਰ ਤੇ ਗਹਿਰੀ ਸੱਟ ਖਾ ਗਿਆ। ਵਿਦੇਸ਼ਾਂ ਵਿੱਚ ਕਮਾਈਆਂ ਕਰਨੀ ਸੱਪ ਦੀ ਸਿਰੀ ਤੋਂ ਨੋਟ ਕਮਾਉਣਾ ਹੁੰਦਾ। ਫਿਰ ਤਪਦੇ ਤੇਜ ਤੁਪਾ ਵਾਲੇ ਗਰਮ ਦੇਸ਼ ਚਮੜੀ ਖਾ ਜਾਦੇ।

ਉਮਰ ਦੇ ਪੰਜੀ ਤੀਹ ਸਾਲ ਹੱਢਤੋੜ ਮਹਿਨਤ ਦਾ ਸੁਖ ਭੋਗਣ ਦਾ ਸਮਾ ਆਇਆ ਤੇ ਸਭ ਕੁਝ ਲੁੱਟ ਚੁਕਿਆ ਸੀ। ਪਾਗਲ ਹੋਣਾ ਤੇ ਆਮ ਗਲ ਹੈ ਬੰਦਾ ਜਿਉਂਦਾ ਨਹੀ ਬਚ ਸਕਦਾ। ਕਿੰਨੇ ਦੁਖ ਦੇਖ ਸੁਖ ਦੇਖਣ ਦਾ ਸਮਾ ਆਇਆ ਤੇ ਗਰੀਬ ਸੜਕਾਂ ਤੇ ਕਮਲਾ ਹੋਇਆ ਫਿਰਦਾ। ਲੋੜ ਤੋਂ ਵੱਧ ਯਕੀਨ ਟੁੱਟਿਆ ਜ਼ਰੂਰ ਹੈ। ਆਪਣੀ ਮਿਹਨਤ ਦੀ ਕਮਾਈ ਤੇ ਹੋਰ ਨੂੰ ਇੰਨੇ ਹਕ ਕਦੇ ਨਾ ਦਿਉ ਨਹੀਂ ਤੇ ਬਾਅਦ ਵਿਚ ਚਾਚੇ ਦੇ ਪਰਿਵਾਰ ਵਾਲਿਆ ਵਾਗ ਦੁਦਕਾਰੇ ਜਾਵੋਗੇ।

ਤੰਗ ਆਏ ਧੀਆਂ ਪੁੱਤ ਪਤਨੀ ਫਿਰ ਮਰ ਜਾਵੇ ਦੁਆਵਾਂ ਮੰਗਦੇ ਨੇ।

ਗੁਰਪ੍ਰੀਤ ਸਿੰਘ ਕੰਗ

# ਤੁਹਾਨੂੰ ਪਤਾ ਆਪਣੀ ਜੀਵਨ ਸਾਥਣ ਨਾਲ

ਵਫਾਦਾਰ ਰਹਿਣਾ ਕਿਉਂ ਜ਼ਰੂਰੀ ਆ। ਪਤਨੀ ਦੀ ਇੱਜ਼ਤ ਕਰਨਾ ਤੇ ਪਰਿਵਾਰ ਤੋਂ ਕਰਵਾਉਣਾ ਕਿਉਂ ਜ਼ਰੂਰੀ ਆ। ਕਿਉਂਕਿ ਤੁਹਾਡੀ ਪਤਨੀ ਤੁਹਾਡੇ ਬੱਚਿਆਂ ਦੀ ਪਹਿਲੀ ਗੁਰੂ ਹੈ। ਕੀ ਤੁਹਾਨੂੰ ਨਹੀਂ ਲੱਗਦਾ ਤੁਹਾਡੇ ਬੱਚੇ ਦੀ ਗੁਰੂ ਆਤਮਨਿਰਭਰ, ਸਵੈਮਾਨ ਵਾਲੀ ਤੇ ਇੱਜ਼ਤ ਮਾਨ ਦੀ ਅਧਿਕਾਰੀ ਹੋਣੀ ਚਾਹੀਦੀ ਆ।

ਤੁਹਾਡਾ ਉਹਨੂੰ ਪੈਰ ਦੀ ਜੁੱਤੀ ਸਮਝਣਾ ਤੇ ਫੇਰ ਉਸ ਦੁਆਰਾ ਤੁਹਾਡੇ ਬੱਚਿਆਂ ਨੂੰ ਡਰਨਾ ਤੇ ਗਲਾਂ ਛੁਪਾਉਣਾ ਹੀ ਸਿਖਾਉਦਾ ਹੈ॥ ਕਿਉਂਕਿ ਡਰਿਆਂ ਹੋਈਆਂ ਔਰਤਾਂ ਸ਼ੇਰ ਪੁੱਤ ਧੀ ਪੈਦਾ ਨਹੀਂ ਕਰਦੀਆਂ ਤੇ ਨਾ ਈ ਸ਼ੇਰ ਬਣਾ ਸਕਦੀਆਂ।

ਬੱਚੇ ਆਪਣੀ ਮਾਂ ਦੀ ਬਹੁਤ ਰੀਸ ਕਰਦੇ ਆ। ਕੁੜੀਆਂ ਮਾਂ ਵਾਂਗ ਬੋਲਣਾ ਤੁਰਨਾ ਸਜਨਾ ਸਵਰਨਾ ਸਿੱਖਦੀਆਂ ਨੇ ਤੇ ਮੁੰਡੇ ਮਾਂ ਦੇ ਬਹੁਤ ਨੇੜੇ ਹੁੰਦੇ ਆ ਇਹ ਉਹ ਸਮਾਂ ਹੁੰਦਾ ਜਦੋਂ ਤੁਸੀਂ ਜੋ ਕੁਛ ਪਰਿਵਾਰ ਨੂੰ ਦੇ ਰਹੇ ਹੁੰਨੇ ਓ ਉਹ ਬੁਢਾਪੇ ਚ ਦੁੱਗਣਾ ਹੋਕੇ ਤੁਹਾਨੂੰ ਮਿਲਦਾ ਹੈ। ਅਗਰ ਤੁਸੀਂ ਪਤਨੀ ਨਾਲ ਸਹੀ ਵਿਹਾਰ ਨਹੀਂ ਰੱਖਦੇ ਤਾਂ ਬੁਢਾਪੇ ਵਿਚ ਨਾ ਬੱਚੇ ਤੁਹਾਡੇ ਸਕੇ ਬਣਨਗੇ ਤੇ ਨਾ...ਬੱਚਿਆਂ ਦੀ ਮਾਂ ਤੁਹਾਡੇ ਨਾਲ ਉਹਨਾਂ ਜਜਬਾਤਾਂ ਨਾਲ ਗੱਲ ਕਰੂਗੀ ਜਿਹੜੇ ਤੁਸੀਂ ਜਵਾਨੀ ਵਿਚ ਪਤਨੀ ਦੇ ਨਹੀਂ ਸਮਝੇ। ਉਹ ਜ਼ਿੰਮੇਦਾਰੀ ਤਾਂ ਪੂਰੀ ਕਰੂਗੀ ਪਰ ਤੁਹਾਡਾ ਬੁਢਾਪੇ ਵਾਲਾ ਇਕੱਲਾਪਨ ਦੂਰ ਨਹੀਂ ਕਰੂਗੀ...ਕਿਉਂਕਿ ਉਹ ਤਾਂ ਜਵਾਨੀ ਵਿਚ ਸਿੱਖ ਗਈ ਇੱਕਲੇ ਕਿਵੇਂ ਜਿਉਣਾ ਤੇ ਕਿਵੇਂ ਖੁਦ ਨੂੰ ਪਰਿਸਥਿਤੀ ਦੇ ਅਨੁਕੂਲ ਬਣਾਉਣਾ ਹੈ। ਜਿਹੜੇ ਮਰਦ ਜਵਾਨੀ 'ਚ ਪਤਨੀ ਨਾਲ ਹਰ ਹਾਲ 'ਚ ਖੜ੍ਹਦੇ ਆ ਪਤਨੀ ਸਭ ਕੁਛ ਜ਼ਰ ਲਊਗੀ ਪਰ ਤੁਹਾਡੀ ਬੇਇੱਜ਼ਤੀ ਬਰਦਾਸਤ ਨਹੀ ਕਰੂਗੀ। ਮਾਲਕਾਂ ਵਾਲੀ ਭਾਵਨਾ ਛੱਡ ਕੇ ਜੀਵਨਸਾਥੀ ਹੋਣ ਦੇ ਫ਼ਰਜ਼ ਸਮਝੋ ਬੁਢਾਪਾ ਸੋਹਣਾ ਕਟਿਆ ਜਾਉ।

ਕੁਛ ਮਨਚਲੇ ਬੰਦਿਆ ਲਈ ਲਿਖਿਆ।

M.kaur

# ਪੰਜਾਬੀਆਂ ਦੀ ਸਿਆਟਲ ਵਿਖੇ ਖੇਡਾਂ 'ਚ ਪਹਿਚਾਣ ਵੱਖਰੀ

## 'ਸਿੱਖ ਫਾਰ ਸਿਆਟਲ' ਸੰਸਥਾ ਵੱਲੋਂ ਲਗਾਏ 2 ਮਹੀਨੇ ਦੇ ਖੇਡ ਕੈਂਪ ਦੀ ਸ਼ਾਨਦਾਰ ਸਮਾਪਤੀ










ਸਿਆਟਲ: ਸਿਆਟਲ ਸ਼ਹਿਰ ਦੇ ਵਿਲਸਨ ਸਿਟੀ ਇਲਾਕੇ ਵਿੱਚ ਪੰਜਾਬੀ ਭਾਈਚਾਰੇ ਵੱਲੋਂ ਬਣਾਈ ਗਈ ਸੰਸਥਾ 'ਸਿੱਖ ਫਾਰ ਸਿਆਟਲ' ਵੱਲੋਂ ਬੱਚਿਆਂ, ਨੌਜਵਾਨਾਂ, ਔਰਤਾਂ ਅਤੇ ਬਜ਼ੁਰਗਾਂ ਨੂੰ ਖੇਡਾਂ ਤੇ ਸਿਹਤਮੰਦ ਜੀਵਨ ਸ਼ੈਲੀ ਨਾਲ ਜੋੜਨ ਦੇ ਉਦੇਸ਼ ਨਾਲ ਲਗਾਇਆ ਗਿਆ ਲਗਭਗ 2 ਮਹੀਨੇ ਦਾ ਖੇਡ ਕੈਂਪ ਬੀਤੇ ਦਿਨ 23 ਅਗਸਤ ਨੂੰ ਉਤਸ਼ਾਹਪੂਰਵਕ ਸਮਾਪਤ ਹੋ ਗਿਆ।

ਇਸ ਕੈਂਪ ਵਿੱਚ ਲਗਭਗ 7 ਸਾਲ ਦੀ ਉਮਰ ਤੋਂ ਲੈ ਕੇ 75 ਸਾਲ ਤੱਕ ਦੇ ਬਜ਼ੁਰਗਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਕੈਂਪ ਦੌਰਾਨ ਹਰ ਰੋਜ਼ ਵੱਖ-ਵੱਖ ਉਮਰ ਵਰਗਾਂ ਲਈ ਕਸਰਤ, ਫਿਟਨੈੱਸ ਅਤੇ ਖੇਡਾਂ ਦੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਰਹੀਆਂ। ਬੱਚਿਆਂ ਨੂੰ ਵੱਖ-ਵੱਖ ਉਮਰ ਵਰਗਾਂ ਵਿੱਚ ਫੁੱਟਬਾਲ ਦੀ ਸਿਖਲਾਈ ਦਿੱਤੀ ਗਈ, ਜਦਕਿ ਨੌਜਵਾਨਾਂ ਨੇ ਵਾਲੀਵਾਲ ਦਾ ਅਭਿਆਸ ਕੀਤਾ। ਇਸ ਤੋਂ ਇਲਾਵਾ ਬੀਬੀਆਂ ਲਈ ਯੋਗਾ ਸਮੇਤ ਹੋਰ ਸਿਹਤਮੰਦ ਅਤੇ ਮਨੋਰੰਜਕ ਗਤੀਵਿਧੀਆਂ ਵੀ ਕਰਵਾਈਆਂ ਗਈਆਂ।

ਕੈਂਪ ਦਾ ਮੁੱਖ ਉਦੇਸ਼ ਬੱਚਿਆਂ ਅਤੇ ਨੌਜਵਾਨਾਂ ਨੂੰ ਮੋਬਾਈਲ ਅਤੇ ਹੋਰ ਗੈਰ-ਸਰਗਰਮ ਗਤੀਵਿਧੀਆਂ ਤੋਂ ਦੂਰ ਕਰਕੇ ਖੇਡ ਮੈਦਾਨ ਨਾਲ ਜੋੜਨਾ ਅਤੇ ਹਰ ਉਮਰ ਵਰਗ ਵਿੱਚ ਸਰੀਰਕ ਤੰਦਰੁਸਤੀ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਸੀ। ਇਸ ਦੌਰਾਨ ਬੱਚਿਆਂ ਵਿੱਚ ਖੇਡਾਂ ਪ੍ਰਤੀ ਖਾਸ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਮਾਪਿਆਂ ਨੇ ਵੀ ਸੰਸਥਾ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

ਸਮਾਪਤੀ ਸਮਾਗਮ ਦੌਰਾਨ ਮਾਹੌਲ ਪੂਰੀ ਤਰ੍ਹਾਂ ਖੇਡਮਈ ਅਤੇ ਉਤਸ਼ਾਹ ਭਰਿਆ ਰਿਹਾ। ਸਟੇਜ ਦਾ ਸੰਚਾਲਨ ਗੁਰਦੀਪ ਸਿੰਘ ਸਿੱਧੂ ਨੇ ਬਾਖੂਬੀ ਕਰਦਿਆਂ ਸਮਾਗਮ ਨੂੰ ਸੁਚੱਜੇ ਢੰਗ ਨਾਲ ਅੱਗੇ ਵਧਾਇਆ, ਅਤੇ ਇਸ ਕੈਂਪ ਦੇ ਨਿਰਮਾਤਾ ਗੁਰਚਰਨ ਸਿੰਘ ਢਿੱਲੋਂ ਦੀਆਂ ਦਿੱਤੀਆਂ ਸੇਵਾਵਾਂ ਦੀ ਵੀ ਸਲਾਘਾ ਕੀਤੀ।

ਇਸ ਮੌਕੇ ਬੇਕਰਜ਼ਫੀਲਡ ਤੋਂ ਉੱਘੇ ਐਡਵੋਕੇਟ ਨਰਿੰਦਰ ਪਾਲ ਸਿੰਘ ਚਾਹਿਲ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸੇ ਤਰ੍ਹਾਂ ਖੇਡ ਪ੍ਰਮੋਟਰ ਅਤੇ ਖੇਡ ਲੇਖਕ ਜਗਰੂਪ ਸਿੰਘ ਜਰਖੜ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਸਰਦਾਰ ਚਾਹਿਲ ਨੇ ਕੈਂਪ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ, ਨੌਜਵਾਨਾਂ, ਬੀਬੀਆਂ ਅਤੇ ਬਜ਼ੁਰਗਾਂ ਦੀ ਹੌਂਸਲਾ ਅਫਜ਼ਾਈ ਕੀਤੀ ਅਤੇ 'ਸਿੱਖ ਫਾਰ ਸਿਆਟਲ' ਵੱਲੋਂ ਕੀਤੇ ਜਾ ਰਹੇ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ। ਇਸ ਕੈਂਪ ਦੀਆਂ ਪ੍ਰਾਪਤੀਆਂ ਨੂੰ ਕੈਨੇਡਾ ਵੱਸਦੇ ਉੱਘੇ ਫੋਟੋ ਕਲਾਕਾਰ ਸੰਤੋਖ ਸਿੰਘ ਮੰਡੇਰ ਨੇ ਆਪਣੇ ਕੈਮਰੇ ਵਿੱਚ ਕੈਦ ਕੀਤਾ।

ਇਸ ਮੌਕੇ ਮਨਮੋਹਨ ਸਿੰਘ ਧਾਲੀਵਾਲ, ਹਰਦੀਪ ਸਿੰਘ ਗਿੱਲ, ਗੁਰਦੀਪ ਸਿੰਘ ਸਿੱਧੂ ਦਿਆਵੀਰ ਸਿੰਘ ਉਰਫ ਪਿੰਟੂ ਬਾਠ, ਹਰਦੇਵ ਸਿੰਘ ਜੱਜ, ਪਰਮਜੀਤ ਸਿੰਘ ਖਹਿਰਾ,ਗੁਰਮੀਤ ਸਿੰਘ ਨਿੱਝਰ ,ਕੁਲਵੰਤ ਸ਼ਾਹ, ਸੈਮ ਵਿਰਕ, ਜਗਦੇਵ ਸਿੰਘ ਸੰਧੂ, ਮੁੱਖ ਸਪੋਂਸਰ ਅਮਰੀਕ ਸਿੰਘ ਰੰਧਾਵਾ, ਗੁਰਦੀਪ ਸਿੰਘ, ਮਨਜੀਤ ਸਿੰਘ ਸੁਖ ਅਟਵਾਲ, ਬਲਜੀਤ ਸਿੰਘ ਸੈਂਹਬੀ, ਕਰਨੈਲ ਸਿੰਘ ਕੈਲ, ਇੰਦਰਜੀਤ ਸਿੰਘ ਪੰਨੂ, ਜਸਵਿੰਦਰ ਸਿੰਘ ਛੀਨਾ, ਗੁਰਪ੍ਰੀਤ ਸਿੰਘ ਧੰਜੂ, ਖਹਿਰਾ ਬਾਈ, ਹਰਮੇਲ ਸਿੰਘ ਬਾਪਲਾ, ਗੁਰਲਾਲਪ੍ਰੀਤ ਸਿੰਘ ਜਰਖੜ, ਪ੍ਰਿਤਪਾਲ ਸਿੰਘ ਤੋਂ ਇਲਾਵਾ ਬੱਚਿਆਂ ਨੂੰ ਖੇਡ ਕੈਂਪ ਵਿੱਚ ਆਪਣੀਆਂ ਵਧੀਆ ਸੇਵਾਵਾਂ ਨਿਭਾਉਣ ਵਾਲੇ ਗੁਰਦੇਵ ਸਿੰਘ ਸਮਰਾ, ਜਸਵਿੰਦਰ ਸਿੰਘ ਹੁੰਦਲ, ਯੋਗਰਾਜ ਸਿੰਘ ਬਰਾੜ, ਗੁਰਸ਼ਾਨ ਸਿੰਘ, ਯੋਗਾ ਕੋਚ ਸਸ਼ੀ ਪਰਾਸ਼ਰ ਹੋਰ ਸਿਆਟਲ ਭਾਈਚਾਰੇ ਦੇ ਪਤਵੰਤੇ ਸਤਿਕਾਰਯੋਗ ਸ਼ਖਸੀਅਤਾਂ ਬੀਬੀਆਂ ਅਤੇ ਬੱਚੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਬੱਚਿਆਂ ਨੂੰ ਵੱਖ ਵੱਖ ਖੇਤਰਾਂ ਵਿੱਚ ਲੀਡਰਸ਼ਿਪ ਆਫ ਕੁਆਲਿਟੀ ਦੇਣ ਲਈ ਸੰਸਥਾ ਵੱਲੋਂ "ਸੇਵਾ ਨੈਸ਼ਨਲ ਅਲਾਇੰਸ" ਬਣਾਉਣ ਦਾ ਵੀ ਐਲਾਨ ਕੀਤਾ ਤਾਂ ਜੋ ਪੰਜਾਬੀ ਭਾਈਚਾਰੇ ਦੇ ਬੱਚਿਆਂ ਨੂੰ ਅਮਰੀਕਾ ਦੇ ਵਿੱਚ ਵਧੀਆ ਹੁਨਰ, ਉੱਚ ਮੁਕਾਮ ਹਾਸਲ ਹੋ ਸਕੇ। ਇਸ ਮੌਕੇ ਸਰਦਾਰ ਗੁਰਦੀਪ ਸਿੰਘ ਸਿੱਧੂ ਨੇ ਆਏ ਮਹਿਮਾਨਾਂ, ਮਾਪਿਆਂ ਅਤੇ ਬੱਚਿਆਂ ਦਾ ਕੋਟ ਕੋਟ ਧੰਨਵਾਦ ਕਰਦਿਆਂ ਅਗਲੇ ਵਰ੍ਹੇ ਫਿਰ ਮਿਲਣ ਦੇ ਵਾਅਦੇ ਦੀ "ਗੁਰੂ ਫਤਿਹ ਬੁਲਾਈ"। ਇਸ ਮੌਕੇ ਸਮੂਹ ਸੰਗਤਾਂ ਵਾਸਤੇ ਗੁਰੂ ਦਾ ਅਤੁੱਟ ਲੰਗਰ ਵਰਤਾਇਆ ਗਿਆ।

ਜਗਰੂਪ ਸਿੰਘ ਜਰਖੜ, ਖੇਡ ਲੇਖਕ, ਖੇਡ ਪ੍ਰਮੋਟਰ, 98143-00722

# ਹਾਕੀ ਇੰਡੀਆ ਲੀਗ ਜਾਰੀ ਰੱਖਣ ਦੀ ਵਕਾਲਤ


ਸਲੀਮਾ ਟੇਟੇ | ਨੇਹਾ | ਨਵਨੀਤ

ਭਾਰਤੀ ਮਹਿਲਾ ਹਾਕੀ ਖਿਡਾਰਨਾਂ ਨੇ ਹਾਕੀ ਇੰਡੀਆ ਲੀਗ (ਐੱਚ ਆਈ ਐੱਲ) ਨੂੰ ਬਚਾਉਣ ਲਈ ਭਾਵਨਾਤਮਕ ਅਪੀਲ ਕਰਦਿਆਂ ਕਿਹਾ ਕਿ ਇਸ ਟੂਰਨਾਮੈਂਟ ਨੇ ਨੌਜਵਾਨ ਖਿਡਾਰੀਆਂ ਤੇ ਖਿਡਾਰਨਾਂ ਦਾ ਆਤਮਵਿਸ਼ਵਾਸ ਵਧਾਉਣ 'ਚ ਅਹਿਮ ਭੂਮਿਕਾ ਨਿਭਾਈ ਹੈ ਅਤੇ ਭਾਰਤੀ ਮਹਿਲਾ ਹਾਕੀ ਟੀਮ ਵਿਸ਼ਵ ਕੱਪ 1974 ਤੋਂ ਬਾਅਦ ਆਪਣਾ ਸਰਵੋਤਮ ਪ੍ਰਦਰਸ਼ਨ ਕਰਨ ਦੇ ਕਰੀਬ ਹੈ। ਇਸ ਟੀਮ 'ਚ 11 ਖਿਡਾਰਨਾਂ ਪਹਿਲੀ ਵਾਰ ਖੇਡ ਰਹੀਆਂ ਹਨ। ਭਾਰਤ ਨੇ ਓਲੰਪਿਕ ਚੈਂਪੀਅਨ ਨੈਦਰਲੈਂਡਜ਼ ਖ਼ਿਲਾਫ਼ ਸਿਰਫ਼ ਇੱਕ ਮੈਚ ਹਾਰਿਆ ਹੈ। ਟੀਮ ਹੁਣ ਉਹ ਪੰਜਵੇਂ ਤੇ ਛੇਵੇਂ ਸਥਾਨ ਲਈ ਖੇਡੇਗੀ ਜੋ 52 ਸਾਲਾਂ 'ਚ ਆਲਮੀ ਕੱਪ 'ਚ ਉਸ ਸਰਵੋਤਮ ਪ੍ਰਦਰਸ਼ਨ ਹੋਵੇਗਾ। ਖਿਡਾਰਨਾਂ ਦਾ ਮੰਨਣਾ ਹੈ ਕਿ ਮਹਿਲਾ ਹਾਕੀ ਲੀਗ ਉਨ੍ਹਾਂ ਲਈ ਅੱਗੇ ਵਧਣ ਦਾ ਮੁੱਖ ਕਾਰਨ ਰਿਹਾ ਹੈ ਅਤੇ ਉਨ੍ਹਾਂ ਨੂੰ ਖ਼ਦਸ਼ਾ ਹੈ ਕਿ ਇਸ ਦੇ ਬੰਦ ਹੋਣ ਨਾਲ ਭਾਰਤ ਦੀ ਅਗਲੀ ਪੀੜ੍ਹੀ ਨੂੰ ਨੁਕਸਾਨ ਹੋ ਸਕਦਾ ਹੈ। ਉੜੀਸਾ ਵਾਰੀਅਰਜ਼ ਨੂੰ 2024-25 ਵਿੱਚ ਪਹਿਲਾ ਐੱਚ ਆਈ ਐੱਲ ਖ਼ਿਤਾਬ ਦਿਵਾਉਣ ਵਾਲੀ ਤਜਰਬੇਕਾਰ ਮਿਡਫੀਲਡਰ ਨੇਹਾ ਕਿਹਾ, ''ਪਿਛਲੇ ਦੋ ਸਾਲਾਂ 'ਚ ਮਹਿਲਾ ਐੱਚ ਆਈ ਐੱਲ ਤੋਂ ਸਾਨੂੰ ਫ਼ਾਇਦਾ ਮਿਲਿਆ ਹੈ। ਜੂਨੀਅਰ ਅਤੇ ਸੀਨੀਅਰ ਕੌਮੀ ਟੂਰਨਾਮੈਂਟਾਂ ਵਿੱਚ ਇਸ ਪੱਧਰ ਦਾ ਮੁਕਾਬਲਾ ਨਹੀਂ ਹੁੰਦਾ। ਮਹਿਲਾ ਐੱਚ ਆਈ ਐੱਲ ਨੇ ਸਾਨੂੰ ਬਲਜੀਤ, ਸਾਕਸ਼ੀ ਅਤੇ ਰਿਤੁਜਾ ਵਰਗੀਆਂ ਖਿਡਾਰਨਾਂ ਦਿੱਤੀਆਂ ਹਨ, ਜੋ ਇਸ ਵਿਸ਼ਵ ਕੱਪ ਟੀਮ ਦਾ ਹਿੱਸਾ ਹਨ। ਉਭਰਦੀਆਂ ਖਿਡਾਰਨਾਂ ਲਈ ਸਾਨੂੰ ਇਸ ਲੀਗ ਦੀ ਸਖ਼ਤ ਲੋੜ ਹੈ। ਇਹ ਬੰਦ ਨਹੀਂ ਕੀਤੀ ਜਾਣੀ ਚਾਹੀਦੀ।'' ਇਹ ਅਪੀਲ ਅਜਿਹੇ ਸਮੇਂ ਸਾਹਮਣੇ ਆਈ ਹੈ ਜਦੋਂ ਮਹਿਲਾ ਐੱਚ ਆਈ ਐੱਲ ਨੂੰ ਗੰਭੀਰ ਵਿੱਤੀ ਚੁਣੌਤੀਆਂ ਦਰਪੇਸ਼ ਹਨ। ਭਾਰਤੀ ਮਹਿਲਾ ਹਾਕੀ ਟੀਮ ਦੀ ਕਪਤਾਨ ਸਲੀਮਾ ਟੇਟੇ ਨੇ ਕਿਹਾ ਕਿ ਭਾਰਤੀ ਟੀਮ 'ਚ ਕਈ ਅਜਿਹੀਆਂ ਖਿਡਾਰਨਾਂ ਹਨ, ਜਿਨ੍ਹਾਂ ਨੇ ਐੱਚ ਆਈ ਐੱਲ 'ਚ ਸ਼ਾਨਦਾਰ ਕਾਰਗੁਜ਼ਾਰੀ ਦੇ ਦਮ 'ਤੇ ਟੀਮ 'ਚ ਜਗ੍ਹਾ ਬਣਾਈ ਹੈ। ਸਲੀਮਾ ਮੁਤਾਬਕ, ''ਐੱਚ ਆਈ ਐੱਲ ਬਹੁਤ ਜ਼ਰੂਰੀ ਹੈ, ਤਾਂ ਕਿ ਸਾਡੇ ਹੁਨਰ ਦਾ ਘੇਰਾ ਵਧੇ ਅਤੇ ਲੜਕੀਆਂ ਨੂੰ ਕੌਮਾਂਤਰੀ ਹਾਕੀ ਦੇ ਦਬਾਅ ਨੂੰ ਝੱਲਣ ਦਾ ਵਧੀਆ ਤਜਰਬਾ ਮਿਲ ਸਕੇ।'' ਐੱਚ ਆਈ ਐੱਲ ਦੀ ਵਕਾਲਤ ਕਰਦਿਆਂ ਸਾਕਸ਼ੀ ਰਾਣਾ ਨੇ ਕਿਹਾ, ''ਇਸ ਲੀਗ ਐੱਚ ਆਈ ਐੱਲ ਨੇ ਮੈਨੂੰ ਸਵੈ-ਭਰੋਸਾ ਦਿੱਤਾ ਜੋ ਇਸ ਆਲਮੀ ਕੱਪ 'ਚ ਲਾਹੇਵੰਦ ਸਾਬਤ ਹੋਇਆ।''

# ਭਾਰਤ ਹਾਕੀ ਵਿਸ਼ਵ ਕੱਪ 'ਚੋਂ ਬਾਹਰ, ਅਰਜਨਟੀਨਾ ਨੇ 5-3 ਨਾਲ ਹਰਾਇਆ

## ਟੋਮਾਸ ਡੋਮੇਨੇ ਨੇ 2 ਗੋਲ ਦਾਗੇ, ਸੁਖਜੀਤ ਨੇ 2 ਗੋਲ ਕੀਤੇ



ਐਮਸਟੈਲਵੀਨ (ਨੀਦਰਲੈਂਡ): ਐਮਸਟੈਲਵੀਨ ਦੇ ਮੈਦਾਨ 'ਤੇ ਭਾਰਤੀ ਹਾਕੀ ਟੀਮ ਲਈ ਸੋਮਵਾਰ ਦਾ ਦਿਨ ਕਿਸੇ ਬੁਰੇ ਸੁਪਨੇ ਵਰਗਾ ਸਾਬਤ ਹੋਇਆ। ਪੁਰਸ਼ ਹਾਕੀ ਵਿਸ਼ਵ ਕੱਪ 2026 ਦੇ ਬਹੁਤ ਅਹਿਮ ਪੂਲ-ਈ ਮੈਚ ਵਿੱਚ ਅਰਜਨਟੀਨਾ ਨੇ ਭਾਰਤ ਨੂੰ 5-3 ਨਾਲ ਹਰਾ ਦਿੱਤਾ। ਇਸ ਹਾਰ ਦੇ ਨਾਲ ਹੀ ਭਾਰਤੀ ਟੀਮ ਟੂਰਨਾਮੈਂਟ ਦੇ ਸੈਮੀਫਾਈਨਲ ਵਿੱਚ ਪਹੁੰਚਣ ਦੀ ਦੌੜ ਤੋਂ ਪੂਰੀ ਤਰ੍ਹਾਂ ਬਾਹਰ ਹੋ ਗਈ।

**ਸ਼ੁਰੂਆਤੀ ਝਟਕਿਆਂ ਨੇ ਵਿਗਾੜੀ ਭਾਰਤ ਦੀ ਖੇਡ**

ਭਾਰਤੀ ਟੀਮ ਨੂੰ ਅੰਤਿਮ-4 ਵਿੱਚ ਜਗ੍ਹਾ ਬਣਾਉਣ ਲਈ ਹਰ ਹਾਲ ਵਿੱਚ ਇਹ ਮੁਕਾਬਲਾ ਘੱਟੋ-ਘੱਟ 2 ਗੋਲਾਂ ਦੇ ਫਰਕ ਨਾਲ ਜਿੱਤਣਾ ਸੀ। ਪਰ ਮੈਚ ਦੀ ਪਹਿਲੀ ਸੀਟੀ ਵੱਜਣ ਤੋਂ ਬਾਅਦ ਅਰਜਨਟੀਨਾ ਨੇ ਅਜਿਹਾ ਹਮਲਾ ਕੀਤਾ ਕਿ ਭਾਰਤੀ ਡਿਫੈਂਸ ਸੰਭਲ ਹੀ ਨਹੀਂ ਸਕਿਆ। ਖੇਡ ਦੇ 36ਵੇਂ ਸੈਕਿੰਡ ਵਿੱਚ ਜੋਆਕੁਇਨ ਟੋਸਕਾਨੀ ਦੇ ਗੋਲ ਤੋਂ ਬਾਅਦ ਅਰਜਨਟੀਨਾ ਨੇ ਲਗਾਤਾਰ ਹਮਲੇ ਜਾਰੀ ਰੱਖੇ ਅਤੇ ਟੌਮਸ ਡੋਮੇਨੇ ਦੇ 2 ਗੋਲਾਂ ਦੀ ਮਦਦ ਨਾਲ ਆਪਣੀ ਪਕੜ ਪੂਰੀ ਤਰ੍ਹਾਂ ਮਜ਼ਬੂਤ ਕਰ ਲਈ।

ਮੈਚ ਦੌਰਾਨ ਭਾਰਤੀ ਖਿਡਾਰੀਆਂ ਨੇ ਵਾਪਸੀ ਦੀ ਕੋਸ਼ਿਸ਼ ਜ਼ਰੂਰ ਕੀਤੀ। ਸੁਖਜੀਤ ਸਿੰਘ ਨੇ ਅੱਗੇ ਵਧ ਕੇ ਹਮਲਾ ਕੀਤਾ ਅਤੇ ਟੀਮ ਲਈ 2 ਗੋਲ ਦਾਗੇ, ਉੱਥੇ ਹੀ ਹਾਰਦਿਕ ਸਿੰਘ ਨੇ ਵੀ ਪੈਨਲਟੀ ਸਟ੍ਰੋਕ ਨੂੰ ਗੋਲ ਵਿੱਚ ਬਦਲ ਕੇ ਸਕੋਰ ਦਾ ਫਰਕ ਘੱਟ ਕੀਤਾ। ਪਰ ਅਰਜਨਟੀਨਾ ਦੇ ਨਿਕੋਲਸ ਡੇਲਾ ਟੋਰੇ ਅਤੇ ਲੂਕਾਸ ਟੋਸਕਾਨੀ ਦੇ ਗੋਲਾਂ ਦੀ ਬਦੌਲਤ ਵਿਰੋਧੀ ਟੀਮ ਲੀਡ ਬਣਾਏ ਰੱਖਣ ਵਿੱਚ ਸਫਲ ਰਹੀ।

ਇਸ ਵਾਰ ਵੀ ਮੈਡਲ ਦੀਆਂ ਉਮੀਦਾਂ ਅਧੂਰੀਆਂ ਰਹਿ ਗਈਆਂ ਅਤੇ 51 ਸਾਲਾਂ ਤੋਂ ਚੱਲਿਆ ਆ ਰਿਹਾ ਖਿਤਾਬੀ ਸੋਕਾ ਖਤਮ ਨਹੀਂ ਹੋ ਸਕਿਆ। ਖਿਤਾਬ ਦੀ ਦੌੜ ਤੋਂ ਬਾਹਰ ਹੋਣ ਤੋਂ ਬਾਅਦ ਹੁਣ ਭਾਰਤ ਨੂੰ ਆਪਣੀ ਸਾਖ ਬਚਾਉਣ ਲਈ ਕਲਾਸੀਫਿਕੇਸ਼ਨ ਮੈਚ ਖੇਡਣਾ ਪਵੇਗਾ। 28 ਅਗਸਤ ਨੂੰ ਭਾਰਤੀ ਟੀਮ 7ਵੇਂ ਸਥਾਨ ਦੇ ਮੁਕਾਬਲੇ ਵਿੱਚ ਬੈਲਜੀਅਮ ਨਾਲ ਭਿੜੇਗੀ।

# ਭਾਰਤੀ ਮਹਿਲਾ ਹਾਕੀ ਟੀਮ ਵਿਸ਼ਵ ਕੱਪ 'ਚੋਂ ਬਾਹਰ



ਨੀਦਰਲੈਂਡਜ਼ ਦੇ ਐਮਸਟਲਵੀਨ ਵਿੱਚ ਖੇਡੇ ਗਏ ਐਫ ਆਈ ਐਚ ਮਹਿਲਾ ਹਾਕੀ ਵਿਸ਼ਵ ਕੱਪ ਦੇ ਆਪਣੇ ਆਖਰੀ ਦੂਜੇ ਦੌਰ ਦੇ ਮੁਕਾਬਲੇ ਵਿੱਚ ਭਾਰਤੀ ਮਹਿਲਾ ਟੀਮ ਦਾ ਆਸਟਰੇਲੀਆ ਨਾਲ ਮੈਚ ਡਰਾਅ ਰਿਹਾ ਜਿਸ ਕਾਰਨ ਭਾਰਤੀ ਟੀਮ ਟੂਰਨਾਮੈਂਟ ਤੋਂ ਬਾਹਰ ਹੋ ਗਈ ਹੈ। ਇਸ ਡਰਾਅ ਦੇ ਨਤੀਜੇ ਵਜੋਂ ਆਸਟਰੇਲਿਆਈ ਟੀਮ ਜ਼ਿਆਦਾ ਗੋਲ ਕਰਨ ਦੇ ਆਧਾਰ ਉੱਤੇ ਸੈਮੀਫਾਈਨਲ ਵਿੱਚ ਪਹੁੰਚ ਗਈ ਹੈ।

ਇਸ ਤੋਂ ਪਹਿਲਾਂ ਨੀਦਰਲੈਂਡਜ਼ ਨੇ ਚੀਨ ਨੂੰ 4-1 ਨਾਲ ਹਰਾ ਕੇ ਟੂਰਨਾਮੈਂਟ ਤੋਂ ਬਾਹਰ ਕਰ ਦਿੱਤਾ ਸੀ ਜਿਸ ਕਾਰਨ ਸੈਮੀਫਾਈਨਲ ਦੀ ਆਖਰੀ ਟਿਕਟ ਲਈ ਭਾਰਤ ਅਤੇ ਆਸਟਰੇਲੀਆ ਵਿਚਕਾਰ ਸਿੱਧਾ ਮੁਕਾਬਲਾ ਬਣ ਗਿਆ ਸੀ। ਭਾਰਤ ਨੂੰ ਸੈਮੀਫਾਈਨਲ ਵਿੱਚ ਪਹੁੰਚਣ ਲਈ ਇਸ ਮੈਚ ਨੂੰ ਜਿੱਤਣਾ ਜ਼ਰੂਰੀ ਸੀ, ਜਦੋਂ ਕਿ ਆਸਟਰੇਲੀਆ ਨੂੰ ਸਿਰਫ਼ ਹਾਰ ਤੋਂ ਬਚਣ ਦੀ ਲੋੜ ਸੀ ਕਿਉਂਕਿ ਉਨ੍ਹਾਂ ਦੇ ਪਹਿਲਾਂ ਹੀ ਗੋਲ ਵੱਧ ਸਨ। ਮੈਚ ਦੌਰਾਨ ਭਾਰਤੀ ਟੀਮ ਨੇ ਸ਼ੁਰੂਆਤੀ ਗੋਲ ਨੂੰ ਟਾਲਿਆ ਜਦੋਂ ਆਸਟਰੇਲੀਆ ਦੀ ਟੀਮ ਦੀ ਖਿਡਾਰਨ ਦਾ ਇੱਕ ਨਜ਼ਦੀਕੀ ਸ਼ਾਟ ਜਯੋਤੀ ਦੇ ਸਰੀਰ ਨੂੰ ਲੱਗ ਕੇ ਗੋਲ ਪੋਸਟ ਵੱਲ ਗਿਆ ਪਰ ਭਾਰਤ ਵੱਲੋਂ ਮੰਗ ਕਰਨ ਉੱਤੇ ਟੀਵੀ ਅੰਪਾਇਰ ਨੇ ਇਸ ਨੂੰ ਖ਼ਤਰਨਾਕ ਖੇਡ ਕਰਾਰ ਦਿੱਤਾ ਅਤੇ ਇਸ ਗੋਲ ਨੂੰ ਨਾ ਮੰਨਿਆ ਗਿਆ। ਹਾਫ ਟਾਈਮ ਤੋਂ ਪਹਿਲਾਂ ਭਾਰਤ ਕੋਲ ਪੈਨਲਟੀ ਕਾਰਨਰ ਜ਼ਰੀਏ ਲੀਡ ਬਣਾਉਣ ਦਾ ਸੁਨਹਿਰੀ ਮੌਕਾ ਸੀ ਪਰ ਆਸਟਰੇਲਿਆਈ ਰੱਖਿਆ ਪੰਕਤੀ ਨੇ ਗੋਲ ਨਾ ਹੋਣ ਦਿੱਤਾ। ਇਸ ਤੋਂ ਬਾਅਦ ਨਿੱਕੀ ਨੂੰ ਵੀ ਮੌਕਾ ਮਿਲਿਆ ਪਰ ਉਹ ਗੇਂਦ ਉੱਤੇ ਸਹੀ ਨਿਸ਼ਾਨਾ ਨਹੀਂ ਲਾ ਸਕੀ। ਭਾਰਤੀ ਟੀਮ ਨੇ ਗੋਲ ਕਰਨ ਲਈ ਪੂਰਾ ਜ਼ੋਰ ਲਗਾਇਆ ਪਰ ਮਜ਼ਬੂਤ ਆਸਟਰੇਲਿਆਈ ਡਿਫੈਂਸ ਨੂੰ ਤੋੜਨ ਵਿੱਚ ਅਸਫਲ ਰਹੀ। ਭਾਰਤ ਨੇ ਆਪਣੇ ਮੁਹਿੰਮ ਦੀ ਸ਼ੁਰੂਆਤ ਚੀਨ ਅਤੇ ਇੰਗਲੈਂਡ ਵਿਰੁੱਧ ਮੈਚ ਡਰਾਅ ਖੇਡ ਕੇ ਅਤੇ ਦੱਖਣੀ ਅਫਰੀਕਾ ਨੂੰ 6-1 ਨਾਲ ਹਰਾ ਕੇ ਦੂਜੇ ਦੌਰ ਵਿੱਚ ਪ੍ਰਵੇਸ਼ ਕਰ ਕੇ ਕੀਤੀ ਸੀ ਪਰ ਨੀਦਰਲੈਂਡਜ਼ ਹੱਥੋਂ 0-2 ਦੀ ਹਾਰ ਨੇ ਮੇਜ਼ਬਾਨਾਂ ਲਈ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ ਸਨ।

# ਅੱਠ ਸਾਲਾ ਅੰਗਦ ਸਿੰਘ ਨੇ ਆਸਟਰੇਲੀਆ 'ਚ Tricolour flag ਲਹਿਰਾਇਆ



ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਸਜਾਵਲਪੁਰ ਨਾਲ ਸਬੰਧਤ ਅੱਠ ਸਾਲਾ ਅੰਗਦ ਸਿੰਘ ਨੇ ਆਸਟਰੇਲੀਆ ਦੀ ਧਰਤੀ 'ਤੇ ਪੰਜਾਬ ਅਤੇ ਭਾਰਤ ਦਾ ਨਾਂ ਰੋਸ਼ਨ ਕੀਤਾ ਹੈ। ਅੰਗਦ ਨਿਊ ਸਾਊਥ ਵੇਲਜ਼ ਵਿੱਚ ਹੋਈਆਂ ਰਾਜ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸ਼ਾਟਪੁੱਟ ਵਿੱਚ ਪਹਿਲਾ ਸਥਾਨ ਹਾਸਲ ਕਰ ਕੇ ਸੂਬਾਈ ਚੈਂਪੀਅਨ ਬਣਿਆ ਹੈ। ਅੰਗਦ ਸਿੰਘ ਖੇਲਾ ਨੇ 6.72 ਮੀਟਰ ਦੀ ਥ੍ਰੋ ਨਾਲ ਇਹ ਪ੍ਰਾਪਤੀ ਕੀਤੀ। ਇਸ ਜਿੱਤ ਦੇ ਨਾਲ ਹੀ ਉਹ ਪ੍ਰਾਇਮਰੀ ਸਕੂਲ ਪੱਧਰ 'ਤੇ ਨਿਊ ਸਾਊਥ ਵੇਲਜ਼ ਵਿੱਚ ਸ਼ਾਟਪੁੱਟ ਮੁਕਾਬਲੇ ਦਾ ਸੂਬਾਈ ਚੈਂਪੀਅਨ ਬਣਨ ਵਾਲਾ ਪਹਿਲਾ ਪੰਜਾਬੀ ਬੱਚਾ ਵੀ ਬਣ ਗਿਆ ਹੈ। ਅੰਗਦ ਨੇ ਸਿਰਫ਼ ਸ਼ਾਟਪੁੱਟ ਵਿੱਚ ਹੀ ਨਹੀਂ ਸਗੋਂ ਡਿਸਕਸ ਥ੍ਰੋ ਮੁਕਾਬਲੇ ਵਿੱਚ ਵੀ ਆਪਣਾ ਲੋਹਾ ਮਨਵਾਇਆ। ਇਸ ਵਿੱਚ ਉਸ ਨੇ ਪੂਰੇ ਨਿਊ ਸਾਊਥ ਵੇਲਜ਼ ਵਿੱਚ ਤੀਜਾ ਸਥਾਨ ਹਾਸਲ ਕੀਤਾ। ਇਹ ਰਾਜ ਪੱਧਰੀ ਮੁਕਾਬਲਾ ਪਿਛਲੇ ਦਿਨੀਂ ਸਿਡਨੀ ਓਲੰਪਿਕ ਪਾਰਕ ਵਿੱਚ ਕਰਵਾਇਆ ਗਿਆ ਸੀ।










